ਕੈਨੇਡਾ ਦਰਪਣ

ਅਗਸਤ 29, 1986

August 29, 1986

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

ਕੈਨੇਡਾ ਦਰਪਣ

The Canada Darpan   Punjabi Weekly Newspaper

Weekending August 29, 1986 Vol. 5 No. 33   Price 35¢ Out of Greater Vancouver 50¢   Ph. (604)581-4473

ਅੰਦਰ ਪੜ੍ਹੋ :—

ਪਾਕਿਸਤਾਨ ਵਿਚ ਖਾਨਾਜੰਗੀ ਸ਼ੁਰੂ

ਫੌਜੀ ਸਰਕਾਰ ਨੇ 40 ਮਾਰੇ - ਸੈਂਕੜੇ ਜ਼ਖਮੀ - 10,000 ਗ੍ਰਿਫਤਾਰ

ਇਸਲਾਮਾਬਾਦ — ਬੇਨਜ਼ੀਰ ਭੁੱਟੋ ਦੀ ਗ੍ਰਿਫਤਾਰੀ ਤੋਂ ਪਿਛੋਂ ਪਾਕਿਸਤਾਨ ਦੇ ਸਿੰਧ ਸੂਬੇ ਵਿਚ ਖਾਨਾਜੰਗੀ ਵਾਲੇ ਹਾਲਾਤ ਪੈਦਾ ਹੋ ਗਏ ਹਨ। ਪਿਛਲੇ ਤਿੰਨ ਦਿਨਾਂ ਅੰਦਰ 40 ਵਿਅਕਤੀ ਫੌਜ ਨੇ ਗੋਲੀਆਂ ਨਾਲ ਉਡਾ ਦਿਤੇ ਹਨ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਜ਼ਖਮੀ ਹਸਪਤਾਲਾਂ ਵਿਚ ਹਨ ਐਸੋਸੀਏਟਿਡ ਪ੍ਰੈਸ ਦੀ ਖਬਰ ਅਨੁਸਾਰ ਕਰਾਚੀ ਤਾਂ ਭੜਕੇ ਹੋਏ ਲੋਕਾਂ ਅਤੇ ਪੁਲੀਸ ਤੇ ਫੌਜ ਵਿਚਕਾਰ ਖਾਨਾਜੰਗੀ ਦਾ ਅਖਾੜਾ ਬਣ ਗਿਆ ਹੈ।

ਆਜ਼ਾਦੀ ਦੀ ਲੜਾਈ ਸਿਖਰ ਉਤੇ

ਪ੍ਰੈਸ ਦੀਆਂ ਖਬਰਾਂ ਅਨੁਸਾਰ ਵਿਰੋਧੀ ਪਾਰਟੀਆਂ ਫੌਜੀ ਰਾਜ ਤੋਂ ਛੁਟਕਾਰੇ ਦੀ ਮੰਗ ਕਰ ਰਹੀਆਂ ਹਨ ਅਤੇ ਆਮ ਪਾਕਿਸਤਾਨੀ ਲੋਕਾਂ ਵਲੋਂ ਵਿਰੋਧੀ ਪਾਰਟੀਆਂ ਨੂੰ ਭਰਵਾਂ ਹੁੰਗਾਰਾ ਮਿਲਣ ਕਾਰਨ ਹੀ ਲੋਕ ਸੜਕਾਂ ਉਤੇ ਨਿਕਲ ਆਏ ਹਨ। ਪੁਲੀਸ ਤੇ ਫੌਜ ਦਾ ਮੁਕਾਬਲਾ ਇੱਟਾਂ, ਰੋੜੇ, ਸੋਡੇ ਦੀਆਂ ਬੋਤਲਾਂ ਨਾਲ ਕੀਤਾ ਜਾ ਰਿਹਾ ਹੈ। ਵੀਰਵਾਰ ਤੋਂ ਸ਼ੁਰੂ ਹੋਏ ਇਨ੍ਹਾਂ ਮੁਜ਼ਾਹਰਿਆਂ ਨੇ ਪਾਕਿਸਤਾਨੀ ਫੌਜੀ ਜੁੰਡਲੀ ਦਾ ਸਿੰਘਾਸਨ ਡਾਵਾਂਡੋਲ ਕਰ ਦਿਤਾ ਹੈ।

ਸੜਕਾਂ 'ਤੇ ਸ਼ਰੇਆਮ ਲੜਾਈ

ਸਿੰਧ ਸੂਬੇ ਦੇ ਸਾਰੇ ਵੱਡੇ ਸਹਿਰਾਂ ਵਿਚ ਲੋਕ ਭਾਰੀ ਗਿਣਤੀ ਵਿਚ ਮੁਜ਼ਾਹਰੇ ਕਰ ਰਹੇ ਹਨ। ਮੰਗਲਵਾਰ ਨੂੰ ਸਿੰਧ ਸੂਬੇ ਦੇ ਟਾਂਡੋਖਾਨ ਇਲਾਕੇ ਵਿਚ ਦੋ ਪੁਲਸ ਅਫਸਰ ਲੋਕਾਂ ਨੇ ਮਾਰ ਦਿਤੇ ਅਤੇ ਇਕ ਫੌਜੀ ਜੁੰਡਲੀ ਦਾ ਸਮਰਥਕ ਛੁਰਾ ਮਾਰਕੇ ਕਤਲ ਕਰ ਦਿਤਾ ਗਿਆ। ਇਸ ਲੜਾਈ ਵਿਚ ਦੋ ਮੁਜ਼ਾਹਰਾਕਾਰ ਵੀ ਮਾਰੇ ਗਏ।

ਗੋਲੀ ਦਾ ਜਵਾਬ ਗੋਲੀ ਵਿਚ

ਖਬਰਾਂ ਮੁਤਾਬਿਕ ਸਿੰਧ ਸੂਬੇ ਵਿਚ ਲੋਕਾਂ ਵਲੋਂ ਪੁਲਸ ਦੀਆਂ ਗੋਲੀਆਂ ਦਾ ਜਵਾਬ ਗੋਲੀਆਂ ਨਾਲ ਦਿਤਾ ਜਾ ਰਿਹਾ ਹੈ। ਇਸੇ ਕਾਰਨ ਦੋ ਪੁਲਸ ਅਫਸਰ ਲੋਕਾਂ ਵਲੋਂ ਚਲਾਈਆਂ ਗਈਆਂ ਗੋਲੀਆਂ ਕਾਰਨ ਮਰੇ। ਹੰਝੂ ਗੈਸ ਦਾ ਹਥਿਆਰ ਬਹੁਤਾ ਕਾਰਗਰ ਸਿੱਧ ਨਹੀਂ ਹੋ ਰਿਹਾ ਕਿਉਂਕਿ ਲੋਕ ਗਲੀਆਂ ਵਿਚ ਜਾ ਵੜਦੇ ਹਨ।

ਸਰਕਾਰ ਲੋਕਾਂ ਦਾ ਵਿਸ਼ਵਾਸ਼ ਗੁਆ ਬੈਠੀ

ਆਜ਼ਾਦੀ ਦੀ ਬਹਾਲੀ ਦੀ ਲਹਿਰ ਦੇ ਇਕ ਬੁਲਾਰੇ ਸਾਲਮਨ ਤਸੀਰ ਨੇ ਕਿਹਾ ਕਿ ਜ਼ਿਆ-ਉਲ-ਹੱਕ ਦੀ ਫੌਜੀ ਜੁੰਡਲੀ ਲੋਕਾਂ ਦਾ ਵਿਸ਼ਵਾਸ਼ ਗੁਆ ਬੈਠੀ ਹੈ ਅਤੇ ਤਾਕਤ ਦੀ ਵਰਤੋਂ ਕਾਰਨ ਲੋਕ ਫੌਜੀ ਸਰਕਾਰ ਵਿਰੁਧ ਉਠ ਖੜੇ ਹੋਏ ਹਨ। ਸ੍ਰੀ ਤਸੀਰ ਨੇ ਕਿਹਾ ਕਿ 'ਸਰਕਾਰ ਰਾਜਸੀ ਲੜਾਈ ਹਾਰ ਗਈ ਹੈ ਇਸੇ ਕਾਰਨ ਤਾਕਤ ਅਤੇ ਹਿੰਸਾ ਦਾ ਆਸਾਰਾ ਲੈ ਰਹੀ ਹੈ।'

ਬੇਨਜ਼ੀਰ ਜੇਲ੍ਹ ਵਿਚ

ਕਰਾਚੀ ਲਾਗੇ ਬੇਨਜ਼ੀਰ ਭੁੱਟੋ ਨੂੰ ਜੇਲ੍ਹ ਵਿਚ ਬੰਦ ਰੱਖਿਆ ਗਿਆ ਹੈ ਤੇ ਉਸ ਨਾਲ ਕਿਸੇ ਨੂੰ ਮੁਲਾਕਾਤਕਰਨ ਦੀ ਇਜਾਜ਼ਤ ਨਹੀਂ ਦਿਤੀ ਜਾ ਰਹੀ।

ਬਾਕੀ ਪੰਨਾ 2 ਉਤੇ

ਸੰਤਾਂ ਦੀ ਯਾਦ 'ਚ ਸੋਵੀਨਾਰ ਜਾਰੀ

ਸ਼ੇਰਪੁਰ — ਸ. ਹਰਨੇਕ ਸਿੰਘ ਮੋਖਾ ਜਨਰਲ ਸਕੱਤਰ ਯੂਥ ਵਿੰਗ ਪੰਜਾਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਲੋਕਾਂ ਵਿਚ 20 ਅਗਸਤ ਨੂੰ ਕੱਢੇ ਗਏ ਸੰਤਾਂ ਦੀ ਯਾਦ ਵਿਚ ਸੋਵੀਨਾਰ ਪ੍ਰਤੀ ਬਹੁਤ ਉਤਸ਼ਾਹ ਹੈ। ਸੋਵੀਨਾਰ ਹਿੰਦੂ-ਸਿਖ ਏਕਤਾ ਮਜ਼ਬੂਤ ਕਰਨ ਵਿਚ ਸਹਾਈ ਹੋਵੇਗਾ। ਸੋਵੀਨਾਰ 20 ਅਗਸਤ ਨੂੰ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੇ ਰਿਲੀਜ਼ ਕੀਤਾ। ਸੋਵੀਨਾਰ ਵਿਚ ਸੰਤਾਂ ਦੀ ਜੀਵਨੀ ਤੇ ਹੋਰ ਵੇਰਵੇ ਛਾਪੇ ਗਏ ਹਨ।

ਮਨੁੱਖੀ ਏਕੇ ਦੇ ਮਹਾਨ ਸ਼ਹੀਦ ਸੰਤ ''ਲੌਂਗੋਵਾਲ''



ਬਾਗ਼ੀ ਅਕਾਲੀ ਦਲ ਦੇ ਸੈਂਕੜੇ ਵਰਕਰ ਗ੍ਰਿਫਤਾਰ

ਚੰਡੀਗੜ੍ਹ ਵਿਚ ਮੁਜ਼ਾਹਰਾ ਨਾ ਹੋਣ ਦਿਤਾ ਗਿਆ

ਚੰਡੀਗੜ੍ਹ — ਪੰਜਾਬ ਪੁਲਸ ਨੇ ਬਾਦਲ ਅਕਾਲੀ ਦਲ ਦੇ ਸੈਂਕੜੇ ਵਰਕਰ 14 ਅਗਸਤ ਦੀ ਸ਼ਾਮ ਨੂੰ ਹੀ ਗ੍ਰਿਫਤਾਰ ਕਰ ਲਏ ਜਿਸ ਕਾਰਨ ਮੁਜ਼ਾਹਰਾ ਨਾ ਹੋਣ ਦਿਤਾ ਗਿਆ। ਜ਼ਿਲਾ ਅਤੇ ਤਹਿਸੀਲ ਪੱਧਰ ਉਤੇ ਵੀ ਛਾਪੇ ਮਾਰ ਕੇ ਗ੍ਰਿਫਤਾਰੀਆਂ ਕੀਤੀਆਂ ਗਈਆਂ।

ਬਾਦਲ ਅਕਾਲੀ ਦਲ ਨੇ 15 ਅਗਸਤ ਨੂੰ ਆਜ਼ਾਦੀ ਦਿਨ ਸਮੇਂ ਰੋਸ ਦਿਵਸ ਮਨਾਉਣ ਦਾ ਫੈਸਲਾ ਕੀਤਾ ਸੀ ਤਾਂਕਿ ਰਾਜ ਦੀ ਅੰਦਰੂਨੀ ਗੰਭੀਰ ਸਥਿਤੀ ਵੱਲ ਲੋਕਾਂ ਦਾ ਧਿਆਨ ਖਿਚਿਆ ਜਾ ਸਕੇ। ਬਾਦਲ ਵਲੋਂ ਇਹ ਵੀ ਕਿਹਾ ਗਿਆ ਸੀ ਕਿ ਇਸ ਦਿਨ ਭੁੱਖ ਹੜਤਾਲਾਂ ਕੀਤੀਆਂ ਜਾਣ, ਕਾਰੋਬਾਰ ਠੱਪੇ ਜਾਣ ਤੇ ਗੁਰਦੁਆਰਿਆਂ ਵਿਚ 'ਚੌਪਈ' ਦਾ ਪਾਠ ਕੀਤਾ ਜਾਵੇ।

ਆਂਧਰਾ ਵਿਚ ਕਿਸ਼ਤੀ ਉਲਟਣ ਨਾਲ 30 ਮਰੇ

ਨਵੀਂ ਦਿੱਲੀ — ਇਥੋਂ ਪ੍ਰਾਪਤ ਖਬਰ ਅਨੁਸਾਰ ਆਂਧਰਾ ਪ੍ਰਦੇਸ਼ ਇਸ ਸਮੇਂ ਹੜ੍ਹਾਂ ਦੀ ਮਾਰ ਹੇਠ ਹੈ ਅਤੇ ਇਨ੍ਹਾਂ ਕਾਰਨ ਲਗਪਗ ਇਕ ਲੱਖ ਦੇ ਕਰੀਬ ਲੋਕ ਬੇਘਰ ਹੋ ਗਏ ਹਨ। ਕੱਲ੍ਹ ਦੀ ਖਬਰ ਅਨੁਸਾਰ ਇਕ ਵੱਡੀ ਕਿਸ਼ਤੀ ਜਿਸ ਵਿਚ 500 ਲੋਕ ਸਵਾਰ ਸਨ ਹੜ੍ਹ ਵਿਚ ਘਿਰ ਜਾਣ ਕਾਰਨ ਤੀਹ ਵਿਅਕਤੀ ਡੁੱਬਣ ਕਾਰਨ ਮਰ ਗਏ।

ਵਿਰੋਧੀ ਪਾਰਟੀ ਦੇ ਚਾਰ ਲੀਡਰਾਂ ਉਤੇ ਕਤਲ ਦੇ ਦੋਸ਼

ਜ਼ਿਆ ਭੁੱਟੋ ਵਾਲੀ ਕਹਾਣੀ ਫਿਰ ਦੁਹਰਾਉਣ ਲੱਗਾ

ਇਸਲਾਮਾਬਾਦ — ਪਾਕਿਸਤਾਨ ਦਾ ਫੌਜੀ ਡਿਕਟੇਟਰ ਜ਼ਿਆ-ਉਲ-ਹੱਕ ਫਿਰ ਭੁੱਟੋ ਵਾਲੀ ਕਹਾਣੀ ਦੁਹਰਾਉਣ ਦੇ ਰਾਹ ਤੁਰ ਪਿਆ ਲਗਦਾ ਹੈ। ਪਤਾ ਲੱਗਾ ਹੈ ਕਿ ਕੱਲ੍ਹ ਪੀਪਲਜ਼ ਪਾਰਟੀ ਦੇ ਚਾਰ ਮੁੱਖ ਆਗੂਆਂ ਜਹਾਂਗੀਰ ਯਾਦਰ, ਸਲਮਾਨ ਤਸੀਰ, ਮਲਿਕ ਹਕਮੀਨ ਖਾਨ ਅਤੇ ਸਯੱਦ ਨਾਜ਼ਿਮ ਅਲੀ ਸ਼ਾਹ ਉਤੇ ਕਤਲ ਦੇ ਕੇਸ ਪਾ ਦਿਤੇ ਗਏ ਹਨ।

ਪੁਲਸ ਨੇ ਲਾਹੌਰ ਵਿਚ ਦੰਗਿਆਂ ਸਮੇਂ ਮਾਰੇ ਗਏ ਚਾਰ ਵਿਅਕਤੀਆਂ ਦੇ ਕਤਲ ਉਪਰੋਕਤ ਚਾਰ ਲੀਡਰਾਂ ਦੇ ਸਿਰ ਮੜ੍ਹ ਦਿਤੇ ਹਨ।

ਐਸੋਸੀਏਟਿਡ ਪ੍ਰੈਸ ਦੀ ਖਬਰ ਅਨੁਸਾਰ ਇਹ ਚਾਰ ਮੌਤਾਂ ਪੁਲਸ ਦੀਆਂ ਗੋਲੀਆਂ ਨਾਲ ਹੋਈਆਂ ਹਨ ਨਾ ਕਿ ਮੁਜ਼ਾਹਰਾਕਾਰਾਂ ਵਲੋਂ ਕੀਤੀ ਫਾਇਰਿੰਗ ਨਾਲ।

ਕਤਲ ਦੇ ਦੋਸ਼ ਪੰਜਾਬ ਦੇ ਪੀਪਲਜ਼ ਪਾਰਟੀ ਦੇ ਪ੍ਰਧਾਨ 'ਤੇ ਲਾਏ ਗਏ ਹਨ। ਸਯਦ ਨਾਜ਼ਮਅਲੀ ਸ਼ਾਹ ਅਤੇ ਮਲਿਕ ਹਕਮੀਨ ਖਾਨ ਫੜੇ ਜਾ ਚੁਕੇ ਹਨ ਜਦਕਿ ਬਾਦਰ ਅਤੇ ਤਸੀਰ ਦੀ ਭਾਲ ਪੁਲਸ ਕਰ ਰਹੀ ਹੈ।



ਪੱਛਮੀ ਸਰਹੱਦੀ ਪੱਟੀ ਬਨਾਉਣ ਦਾ ਬਿਲ ਪਾਸ

ਪੰਜ ਕਿਲੋਮੀਟਰ ਇਲਾਕਾ ਫੌਜ ਦੇ ਸਪੁਰਦ

ਨਵੀਂ ਦਿੱਲੀ — ਰਾਜ ਸਭਾ ਨੇ ਕੇਂਦਰ ਸਰਕਾਰ ਵਲੋਂ ਪੱਛਮੀ ਸਰਹੱਦੀ ਪੱਟੀ ਦੇ ਪੰਜ ਕਿਲੋਮੀਟਰ ਇਲਾਕੇ ਵਿਚ ਫੌਜ ਰੱਖਣ ਦਾ ਬਿਲ ਪਾਸ ਕਰ ਦਿਤਾ ਹੈ ਜਿਸ ਅਨੁਸਾਰ ਪੰਜਾਬ, ਰਾਜਸਥਾਨ, ਜੰਮੂ ਕਸ਼ਮੀਰ ਤੇ ਗੁਜਰਾਤ ਦਾ ਸਰਹੱਦੀ ਇਲਾਕਾ ਫੌਜ ਦੇ ਕਬਜ਼ੇ ਹੇਠ ਚਲਾ ਗਿਆ ਹੈ। ਰਾਜ ਸਭਾ ਵਿਚ ਵਿਰੋਧੀ ਮੈਂਬਰਾਂ ਨੇ ਇਸ ਬਿਲ ਦਾ ਵਿਰੋਧ ਕੀਤਾ ਪਰ ਕਾਂਗਰਸੀ ਮੈਂਬਰਾਂ ਨੇ ਕਿਹਾ ਕਿ ਪਾਕਿਸਤਾਨ ਨਾਲ ਲਗਦੀ ਸਰਹੱਦ ਰਾਹੀਂ ਅੱਤਵਾਦੀ ਟਰੇਂਡ ਕਰਕੇ ਭੇਜੇ ਜਾ ਰਹੇ ਹਨ ਇਸ ਲਈ ਸਰਹੱਦ ਦੀ ਸੁਰੱਖਿਆ ਜ਼ਰੂਰੀ ਹੈ।

ਬਰਨਾਲਾ ਵਲੋਂ ਵਿਰੋਧ

ਪੰਜਾਬ ਦੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਸਰਹੱਦ ਨੂੰ ਸੀਲ ਕੀਤਾ ਜਾ ਸਕਦਾ ਸੀ ਪਰ ਸਰਹੱਦੀ ਪੱਟੀ ਫੌਜ ਹਵਾਲੇ ਕਰਨ ਨਾਲ ਸੱਤਰ ਹਜ਼ਾਰ ਲੋਕ ਜ਼ਮੀਨਾਂ ਤੋਂ ਬੇਅਬਾਦ ਹੋਣਗੇ। ਉਨ੍ਹਾਂ ਕਿਹਾ ਕਿ ਰਾਜਾਂ ਦੇ ਅਧਿਕਾਰ ਖੋਹੇ ਜਾ ਰਹੇ ਹਨ।

ਇੰਦਰਾ ਨੂੰ ਮਾਰਨ ਦੀ ਸਾਜ਼ਸ਼ ਅਗਸਤ 'ਚ ਬਣੀ

ਨਵੀਂ ਦਿੱਲੀ — ਦਿੱਲੀ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਸ੍ਰੀਮਤੀ ਇੰਦਰਾ ਗਾਂਧੀ ਦੇ ਹਤਿਆਰੇ ਬੇਅੰਤ ਸਿੰਘ ਨੇ ਮਰਹੂਮ ਪ੍ਰਧਾਨ ਮੰਤਰੀ ਨੂੰ ਗੋਲੀ ਮਾਰਨ ਦੇ ਇਰਾਦੇ ਨਾਲ ਆਪਣੀ ਤੇ ਦੂਜੇ ਹਤਿਆਰੇ ਸਤਵੰਤ ਸਿੰਘ ਦੀ ਡਿਊਟੀ ਬਦਲਵਾਈ। ਹਾਈਕੋਰਟ ਦੇ ਜਸਟਿਸ ਐਸ. ਰੰਗਾਨਾਥਨ, ਜਸਟਿਸ ਬੀ. ਐਨ. ਕਿਰਪਾਲ ਤੇ ਜਸਟਿਸ ਐਮ. ਕੇ ਚਾਵਲਾ ਦੀ ਸ਼ਮੂਲੀਅਤ ਵਾਲੇ ਡਿਵੀਜ਼ਨ ਬੈਂਚ ਅੱਗੇ ਆਪਣੀਆਂ ਦਲੀਲਾਂ ਪੇਸ਼ ਕਰਦਿਆਂ ਵਿਸ਼ੇਸ਼ ਸਰਕਾਰੀ ਵਕੀਲ ਸ੍ਰੀ ਕੇ. ਐਸ. ਅਰੋੜਾ ਨੇ ਦਾਅਵਾ ਕੀਤਾ ਕਿ ਸ੍ਰੀਮਤੀ ਗਾਂਧੀ ਨੂੰ ਮਾਰਨ ਦੀ ਸਾਜ਼ਸ਼ ਅਗਸਤ 1984 ਵਿਚ ਤਿਆਰ ਕੀਤੀ ਗਈ।

ਇਸ ਯੋਜਨਾ ਨੂੰ ਅੰਤਮ ਰੂਪ 2 ਅਕਤੂਬਰ ਨੂੰ ਦਿੱਤਾ ਗਿਆ ਜਦੋਂ ਬੇਅੰਤ ਸਿੰਘ ਨੇ ਸਤਵੰਤ ਸਿੰਘ ਨੂੰ ਦੱਸਿਆ ਕਿ ਉਸ ਨੇ ਮਰਹੂਮ ਪ੍ਰਧਾਨ ਮੰਤਰੀ ਦਾ ਸਾਰਾ ਟੂਰ ਪਰੋਗਰਾਮ ਹਾਸਲ ਕਰ ਲਿਆ ਹੈ ਅਤੇ ਉਨ੍ਹਾਂ ਦਾ ਭਰੋਸਾ ਵੀ ਜਿੱਤ ਲਿਆ ਹੈ ਸ੍ਰੀ ਅਰੋੜਾ ਨੇ ਮੰਨਿਆ ਕਿ ਮਰਹੂਮ ਪ੍ਰਧਾਨ ਮੰਤਰੀ ਦੇ ਘਰ ਵਿਚ ਸੁਰੱਖਿਆ ਪ੍ਰਬੰਧਾਂ ਦੀ ਹਾਲਤ ਬਹੁਤ ਮਾੜੀ ਸੀ। ਉਨ੍ਹਾਂ ਕਿਹਾ ਕਿ ਇਹ ਅਫਸੋਸਨਾਕ ਗੱਲ ਹੈ ਕਿ ਸੁਰੱਖਿਆ ਪ੍ਰਬੰਧਾਂ 'ਤੇ ਏਨਾ ਪੈਸਾ ਖਰਚ ਕੀਤਾ ਜਾਂਦਾ ਰਿਹਾ, ਪਰ ਉਹ ਕਿਸੇ ਵੀ ਤਰ੍ਹਾਂ ਵਧੀਆ ਨਹੀਂ ਸਨ।

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਾਉਣਾ ਕੇਂਦਰ ਦੇ ਹੱਥ 'ਚ ਹੀ ਹੈ...



ਪੰਨਾ । ਦੀ ਬਾਕੀ

ਮੰਗਲਵਾਰ ਸੱਤ ਮਰੇ

ਮੰਗਲਵਾਰ ਦੇ ਦਿਨ ਫੌਜੀ ਟੋਲੀ ਵਲੋਂ ਸੱਤ ਸਿੰਧੀ ਗੋਲੀਆਂ ਨਾਲ ਉਡਾ ਦਿਤੇ ਗਏ। ਮੁਜ਼ਾਹਰਾਕਾਰ ਇਹ ਮੰਗ ਕਰ ਰਹੇ ਸਨ ਕਿ ਨਵੀਆਂ ਚੋਣਾਂ ਕਰਵਾਈਆਂ ਜਾਣ ਅਤੇ ਬੇਨਜ਼ੀਰ ਭੁਟੋ ਨੂੰ ਰਿਹਾ ਕੀਤਾ ਜਾਵੇ।

ਬੁੱਧਵਾਰ ਦੋ ਮਰੇ ਤੇ ਸੈਂਕੜੇ ਗ੍ਰਿਫਤਾਰ

ਪਾਕਿਸਤਾਨੀ ਮੁਜ਼ਾਹਰਾਕਾਰਾਂ ਵਲੋਂ ਕਰਾਚੀ ਵਿਚ ਰੋੜਿਆਂ ਤੇ ਇੱਟਾਂ ਨਾਲ ਪੁਲਸ ਉਤੇ ਹਮਲਾ ਕੀਤੇ ਜਾਣ ਸਮੇਂ ਦੋ ਹੋਰ ਮੁਜ਼ਾਹਰਾਕਾਰ ਮਾਰੇ ਗਏ। ਫੌਜੀ ਸਰਕਾਰ ਨੇ ਦਸ ਹਜ਼ਾਰ ਵਿਅਕਤੀ ਗ੍ਰਿਫਤਾਰ ਕਰਕੇ ਜੇਲ੍ਹਾਂ ਵਿਚ ਸੁੱਟ ਦਿਤੇ ਹਨ।

ਸ਼ਾਹ ਅਹਿਮਦ ਅਮਰੋਟੀ ਜੋ ਅਜੇ ਵੀ ਭਗੌੜਾ ਹੈ ਨੇ ਦੋਸ਼ ਲਾਇਆ ਕਿ ਪੁਲਸ ਲੋਕਾਂ ਨੂੰ 'ਬੱਕਰੀਆਂ ਤੇ ਜਾਨਵਰਾਂ' ਦੀ ਤਰ੍ਹਾਂ ਕੋਹ ਕੋਹ ਮਾਰ ਰਹੀ ਹੈ।

ਵੈਂਡਰਜ਼ਾਮ ਨਾਨਕਸਰ ਦੇ ਉਦਘਾਟਨ ਦੀ ਰਸਮ ਵਿਚ



ਰਿਚਮੰਡ — ਸੋਮਵਾਰ ਦੀ ਸ਼ਾਮ ਨੂੰ ਬੀ. ਸੀ. ਦੇ ਪ੍ਰੀਮੀਅਰ ਮਿ: ਵੈਂਡਰਜ਼ਾਮ ਨੇ ਸਿਰ ਉਤੇ ਰੁਮਾਲ ਬੰਨ੍ਹਕੇ ਨਾਨਕਸਰ ਗੁਰੂ ਘਰ ਦੇ ਉਦਘਾਟਨ ਸਮੇਂ ਸੰਗਤਾਂ ਨੂੰ ਪੰਜਾਬੀ ਵਿਚ 'ਸਤਿ ਸ੍ਰੀ ਅਕਾਲ' ਆਖੀ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਸ ਸਮੇਂ ਹਾਜ਼ਰ ਸਨ। ਪ੍ਰਬੰਧਕਾਂ ਵਲੋਂ ਗੁਰਦੁਆਰੇ ਦੀ ਇਮਾਰਤ ਦੇ ਮੁਕੰਮਲ ਹੋਣ ਕਾਰਨ ਇਹ ਸਮਾਗਮ ਕੀਤਾ ਗਿਆ। ਮਿ: ਵੈਂਡਰਜ਼ਾਮ ਨੇ ਆਪਣੀ ਪਤਨੀ ਲਿਲੀਅਨ ਨਾਲ ਰਿਬਨ ਕੱਟਣ ਦੀ ਰਸਮ ਅਦਾ ਕੀਤੀ।

ਵੈਂਡਰਜ਼ਾਮ ਤੇ ਉਸਦੀ ਪਤਨੀ ਨੇ 4680 ਵਰਗਮੀਟਰ ਬਿਲਡਿੰਗ ਦਾ ਚੱਕਰ ਲਾਇਆ ਤੇ ਫਿਰ ਗੁਰਦੁਆਰੇ ਦੇ ਪ੍ਰਬੰਧਕਾਂ ਨਾਲ ਵੱਖਰੀ ਮੀਟਿੰਗ ਕੀਤੀ।

ਆਪਣੇ ਭਾਸ਼ਨ ਵਿਚ ਪ੍ਰੀਮੀਅਰ ਨੇ ਕਿਹਾ ਕਿ ਪਿਛਲੇ ਕੁਝ ਹਫਤਿਆਂ ਦੌਰਾਨ ਮੈਂ ਵੀ ਆਪਣਾ ਨਵਾਂ ਜੀਵਨ ਸ਼ੁਰੂ ਕੀਤਾ ਹੈ। ਇਸੇ ਤਰ੍ਹਾਂ ਇਹ ਨਵਾਂ ਗੁਰਦੁਆਰਾ ਵੀ ਤੁਹਾਡੇ ਲਈ ਨਵੀਂ ਸ਼ੁਰੂਆਤ ਹੈ।

ਦਹਿਸ਼ਤਪਸੰਦੀ ਨਾਲ ਲੜਾਈ ਜਾਰੀ ਰਹੇਗੀ

ਪ੍ਰਧਾਨ ਮੰਤਰੀ ਦਾ ਆਜ਼ਾਦੀ ਦਿਨ ਉਤੇ ਸੰਦੇਸ਼

ਨਵੀਂ ਦਿੱਲੀ — ਕਰੜੇ ਸੁਰੱਖਿਆ ਪ੍ਰਬੰਧਾਂ ਹੇਠ ਭਾਰਤ ਦੇ ਪ੍ਰਧਾਨ ਮੰਤਰੀ ਨੇ ਲੱਖਾਂ ਭਾਰਤੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਹਿਸ਼ਤਪਸੰਦੀ ਕੌਮਾਂਤਰੀ ਮਸਲਾ ਬਣ ਚੁਕੀ ਹੈ ਅਤੇ ਭਾਰਤ ਵੀ ਇਸ ਬੀਮਾਰੀ ਦੀ ਲਪੇਟ ਵਿਚ ਆ ਗਿਆ ਹੈ। ਉਨ੍ਹਾਂ ਕਿਹਾ ਦਹਿਸ਼ਤਪਸੰਦੀ ਵਿਰੁੱਧ ਲੜਾਈ ਦ੍ਰਿੜਤਾ ਨਾਲ ਹੀ ਲੜੀ ਜਾ ਸਕਦੀ ਹੈ। ਸ੍ਰੀ ਗਾਂਧੀ ਨੇ ਕਿਹਾ ਕਿ ਇਹ ਇਕ ਲੰਮੀ ਲੜਾਈ ਹੈ ਜਿਸ ਨਾਲ ਸਾਲਾਂ ਬੱਧੀ ਲੜਨਾ ਪੈਣਾ ਹੈ। ਉਨ੍ਹਾਂ ਕਿਹਾ ਕਿ ਜਿੰਨਾ ਚਿਰ ਦਹਿਸ਼ਤਪਸੰਦਾਂ ਦਾ ਸਫਾਇਆ ਨਹੀਂ ਹੋ ਜਾਂਦਾ ਉਨਾ ਚਿਰ ਲਗਾਤਾਰ ਲੜਾਈ ਜਾਰੀ ਰਹੇਗੀ।

ਪੰਜਾਬ ਦੇ ਮਸਲੇ ਦਾ ਰਾਜਨੀਤਕ ਹੱਲ

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਿਹਾ ਕਿ ਪੰਜਾਬ ਦਾ ਮਸਲਾ ਬਹੁਤ ਉਲਝਿਆ ਮਸਲਾ ਹੈ ਤੇ ਇਸਨੂੰ ਰਾਜਨੀਤਕ ਪੱਧਰ ਉਤੇ ਹੀ ਨਜਿੱਠਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਮਨ ਅਤੇ ਕਾਨੂੰਨ ਦੀ ਸੁਰੱਖਿਆ ਸਰਕਾਰ ਦਾ ਕੰਮ ਹੈ ਤੇ ਸਰਕਾਰ ਇਸ ਜ਼ਿੰਮੇਂਵਾਰੀ ਤੋਂ ਕੰਨੀਂ ਨਹੀਂ ਕਤਰਾ ਸਕਦੀ।

ਦਰਸ਼ਕਾਂ ਅਨੁਸਾਰ 60,000 ਦੇ ਲਗਪਗ ਪੁਲੀਸ ਸੁਰੱਖਿਆ ਉਤੇ ਤਾਈਨਾਤ ਸੀ ਤੇ ਰਾਜੀਵ ਗਾਂਧੀ ਨੇ ਸ਼ੀਸ਼ੇ ਦੇ ਬਣੇ ਪਲੇਟਫਾਰਮ ਵਿਚ ਖੜੋ ਕੇ ਭਾਸ਼ਨ ਦਿਤਾ।

155 ਤਾਮਿਲ ਰਫਿਊਜ਼ੀ ਧੋਖੇ ਦਾ ਸ਼ਿਕਾਰ ਹੋਏ

ਪੱਛਮੀ ਜਰਮਨੀ ਦੇ ਜਹਾਜ਼ ਮਾਲਕ ਨੇ ਛੇ ਲੱਖ ਡਾਲਰ ਬਣਾਏ

ਹੈਮਬਰਗ — ਇਕ ਪੱਛਮੀ ਜਰਮਨੀ ਦੇ ਅਖਬਾਰ ਅਨੁਸਾਰ ਦੋ ਲੰਕਾਂ ਦੇ ਰਹਿਣ ਵਾਲਿਆਂ ਨੇ ਮੰਨ ਲਿਆ ਹੈ ਕਿ 155 ਰਫਿਊਜ਼ੀਆਂ ਨੂੰ ਕੈਨੇਡਾ ਪਹੁੰਚਾਣ ਦਾ ਕੰਮ ਪੱਛਮੀ ਜਰਮਨੀ ਦੇ ਇਕ ਜਹਾਜ਼ ਮਾਲਕ ਨੇ ਕੀਤਾ ਜੋ ਜਹਾਜ਼ ਦਾ ਕਪਤਾਨ ਵੀ ਹੈ। ਉਨ੍ਹਾਂ ਇਹ ਵੀ ਕਿਹਾ ਕਿ 250 ਰਫਿਊਜ਼ੀਆਂ ਨੂੰ ਪੱਛਮੀ ਜਰਮਨੀ ਤੋਂ ਕੈਨੇਡਾ ਲਿਜਾਣ ਲਈ ਕਪਤਾਨ ਨੇ ਪੰਜ ਲੱਖ 85 ਹਜ਼ਾਰ ਡਾਲਰ ਮੰਗੇ।

ਪਰ ਜਹਾਜ਼ ਦੇ ਮਾਲਕ ਤੇ ਕਪਤਾਨ ਵੌਲਫਗੈਂਗ ਬਿੰਡਲ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ। ਸ੍ਰੀ ਲੰਕਾ ਦੇ ਦੋ ਨਿਵਾਸੀ ਤੇ ਇਕ ਤੁਰਕੀ ਦਾ ਵਸਨੀਕ ਇਸ ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਸਨ ਤੇ ਉਨ੍ਹਾਂ ਨੂੰ ਪਿਛੋਂ ਜ਼ਮਾਨਤ ਉਤੇ ਛੱਡ ਦਿਤਾ ਗਿਆ।

'ਕੁਇਨ' ਅਖਬਾਰ ਅਨੁਸਾਰ ਸ੍ਰੀ ਰਤਨਾਮ ਨੇ ਸੰਪਰਕ ਪੈਦਾ ਕੀਤੇ ਅਤੇ ਤੁਰਕੀ ਨਿਵਾਸੀ ਵਿਅਕਤੀ ਨੇ ਉਨ੍ਹਾਂ ਨੂੰ ਜਹਾਜ਼ ਉਤੇ ਪਹੁੰਚਾਇਆ।

ਇਹ ਵੀ ਪਤਾ ਲੱਗਾ ਹੈ ਕਿ ਕੈਨੇਡਾ ਸਰਕਾਰ ਨੇ ਕਲੇਮ ਅਜੇ ਰੋਕ ਲਏ ਹਨ ਤਾਂਕਿ ਨਵਾਂ ਕਾਨੂੰਨ ਬਣਨ ਉਤੇ ਇਨ੍ਹਾਂ ਨਾਲ ਨਿਪਟਿਆ ਜਾਵੇ।

ਪ੍ਰਵਾਰ ਦੇ ਤੇਰਾਂ ਜੀਅ ਕਤਲ

ਝਗੜਾ ਜ਼ਮੀਨ ਦਾ — ਗੁੱਸਾ ਬੱਚਿਆਂ ਉਤੇ

ਨਵੀਂ ਦਿੱਲੀ — ਇਥੋਂ ਮਿਲੀ ਸੂਚਨਾ ਅਨੁਸਾਰ ਇਕ ਗੁਰਮੀਤ ਸਿੰਘ ਨਾਂ ਦੇ ਵਿਅਕਤੀ ਨੇ ਆਪਣੇ ਪ੍ਰਵਾਰ ਦੇ ਤੇਰਾਂ ਵਿਅਕਤੀ ਉਤਰ ਪ੍ਰਦੇਸ਼ ਵਿਚ ਕਤਲ ਕਰ ਦਿਤੇ। ਪੁਲਸ ਗੁਰਮੀਤ ਸਿੰਘ ਦੀ ਭਾਲ ਵਿਚ ਸਰਗਰਮ ਦੱਸੀ ਜਾਂਦੀ ਹੈ। ਮਰਨ ਵਾਲਿਆਂ ਵਿਚ ਅੱਠ ਬੱਚੇ ਸਨ ਜੋ ਪੰਦਰਾਂ ਸਾਲ ਦੀ ਉਮਰ ਤੋਂ ਘੱਟ ਸਨ। ਇਹ ਕਤਲ ਪ੍ਰਵਾਰਕ ਜ਼ਮੀਨੀ ਝਗੜੇ ਕਾਰਨ ਕੀਤੇ ਗਏ। ਕਤਲ ਉਸ ਸਮੇਂ ਕੀਤੇ ਗਏ ਜਦ ਸਾਰਾ ਪ੍ਰਵਾਰ ਸੌਂ ਰਿਹਾ ਸੀ।

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

ਸੰਪਾਦਕੀ :

ਪਾਕਿਸਤਾਨ ਵਿਚ ਹਾਲਾਤ ਗੰਭੀਰ

ਪਿਛਲੇ ਹਫਤੇ ਤੋਂ ਪਾਕਿਸਤਾਨ ਸੰਸਾਰ ਵਿਚ ਸੁਰਖੀਆਂ ਦਾ ਕੇਂਦਰ ਬਣਿਆ ਹੋਇਆ ਹੈ। ਇਕ ਹਫਤੇ ਵਿਚ 40 ਵਿਅਕਤੀਆਂ ਦਾ ਕਤਲ ਕੀਤੇ ਜਾਣਾ — ਉਹ ਵੀ ਸਰਕਾਰ ਦੀ ਪੁਲਸ ਵਲੋਂ — ਪਾਕਿਸਤਾਨ ਦੀ ਹਾਲਤ ਦੀ ਗੰਭੀਰਤਾ ਦੇ ਹੀ ਸੰਕੇਤ ਹਨ। ਪਾਕਿਸਤਾਨ ਵਿਚ ਪਿਛਲੇ 39 ਸਾਲ ਤੋਂ ਲਗਪਗ ਫੌਜੀ ਰਾਜ ਹੀ ਚਲਿਆ ਆ ਰਿਹਾ ਹੈ। ਆਮ ਲੋਕਾਂ ਦੀ ਦਸ਼ਾ ਬਹੁਤ ਭੈੜੀ ਦੱਸੀ ਜਾਂਦੀ ਹੈ। ਜਦ ਸਮੁੱਚਾ ਮੁਲਕ ਹੀ ਅਮਰੀਕਨ ਸਾਮਰਾਜ ਦੇ ਰਹਿਮ ਉਤੇ ਹੋਵੇ ਤਾਂ ਆਮ ਲੋਕਾਂ ਦੇ ਜੀਵਨ ਪੱਧਰ ਨੂੰ ਉਚਾ ਕਰਨ ਬਾਰੇ ਕੌਣ ਸੋਚ ਸਕਦਾ ਹੈ। ਪਿਛਲਾ ਇਤਿਹਾਸ ਗਵਾਹ ਹੈ ਕਿ ਫੌਜੀ ਜੁੰਡਲੀ ਆਜ਼ਾਦੀ ਦੀਆਂ ਕਦਰਾਂ ਕੀਮਤਾਂ ਨੂੰ ਪੈਰਾਂ ਥੱਲੇ ਰੋਲ ਕੇ ਹੀ ਰਾਜ ਕਰ ਸਕਦੀ ਹੈ ਅਤੇ ਪਿਛਲੇ ਚਾਰ ਦਹਾਕਿਆਂ ਤੋਂ ਕਰਦੀ ਆ ਰਹੀ ਹੈ। ਪਹਿਲਾਂ ਪੂਰਬੀ ਬੰਗਾਲ ਦੀ ਲੁੱਟ ਖਸੁੱਟ ਕਰਕੇ ਇਹ ਫੌਜੀ ਹਾਕਮ ਆਪਣਾ ਪੇਟ ਪਾਲਦੇ ਰਹੇ ਅਤੇ ਪੂਰਬੀ ਬੰਗਾਲ ਦੁੱਖੀ ਹੋ ਕੇ ਵੱਖ ਹੋ ਗਿਆ। ਪਰ ਪੂਰਬੀ ਬੰਗਾਲ ਦੀ ਬਦਕਿਸਮਤੀ ਕਿ ਉਹ ਫਿਰ ਫੌਜੀ ਰਾਜ ਦੇ ਵੱਸ ਪੈ ਗਏ।

ਬਹੁਤੇ ਲੋਕ ਅੱਜ ਵੀ ਹੋਰ ਮਜ਼ਹਬਾਂ ਵਿਚ ਅਜਿਹੇ ਹਨ ਜੋ ਦੇਸ਼ਾਂ ਨੂੰ ਮਜ਼ਹਬ ਦੇ ਆਧਾਰ ਉਤੇ ਚਲਾਉਣ ਲਈ ਤਤਪਰ ਦਿਸਦੇ ਹਨ ਪਰ ਅਜਿਹੇ ਲੋਕਾਂ ਸਾਹਮਣੇ ਪਾਕਿਸਤਾਨ ਤੇ ਈਰਾਨ ਦੀਆਂ ਹਕੂਮਤਾਂ ਦੀ ਮਿਸਾਲ ਸਾਹਮਣੇ ਹੈ। ਪਾਕਿਸਤਾਨ ਵੀ ਇਸਲਾਮੀ ਵਿਚਾਰਧਾਰਾ ਦਾ ਝੰਡਾ ਬਰਦਾਰ ਗਿਣਿਆ ਜਾਂਦਾ ਹੈ। ਉਥੇ ਮਾਮੂਲੀ ਗਲਤੀ ਕਾਰਨ ਹੱਥ, ਪੈਰ, ਨੱਕ ਕੱਟੇ ਜਾਣਾ ਮਜ਼ਹਬ ਦਾ ਅੰਗ ਗਿਣਿਆ ਜਾਂਦਾ ਹੈ। ਪਰ ਪਾਕਿਸਤਾਨ ਦੇ ਆਮ ਲੋਕਾਂ ਦੀ ਹਾਲਤ ਕਿਸੇ ਕੋਲੋਂ ਗੁੱਝੀ ਨਹੀਂ। ਆਜ਼ਾਦੀ ਦਾ ਨਾਂ ਲੈਣ ਉਤੇ ਹੀ ਗੋਲੀ ਦਾਗ਼ ਦਿਤੀ ਜਾਂਦੀ ਹੈ। ਲੋਕ-ਤੰਤਰੀ ਰਾਜਾਂ ਵਿਚ ਹਜ਼ਾਰ ਖੁਨਾਮੀਆਂ ਹੋ ਸਕਦੀਆਂ ਹਨ ਪਰ ਇਸ ਤਰ੍ਹਾਂ ਦਾ ਜ਼ੁਲਮ ਲੋਕ-ਤੰਤਰ ਵਿਚ ਬਹੁਤੀ ਦੇਰ ਨਹੀਂ ਚਲ ਸਕਦਾ।

ਪੀਪਲਜ਼ ਪਾਰਟੀ ਜ਼ਿਆ ਦੀ ਮੁਖ ਵਿਰੋਧੀ ਪਾਰਟੀ ਹੈ। 10 ਅਪ੍ਰੈਲ ਨੂੰ ਬੇਨਜ਼ੀਰ ਭੁੱਟੋ ਦੇ ਪਹੁੰਚਣ ਉਤੇ ਪਾਕਿਸਤਾਨ ਦੇ ਆਮ ਲੋਕਾਂ ਨੇ ਉਸਨੂੰ ਅੱਖਾਂ ਉਤੇ ਬਿਠਾ ਲਿਆ। ਜ਼ਿਆ - ਜੁੰਡਲੀ ਲਈ ਇਹ ਸਹਾਰਨਾ ਬਹੁਤ ਮੁਸ਼ਕਲ ਸੀ। ਬੇਨਜ਼ੀਰ ਤੇ ਹੋਰ ਵਿਰੋਧੀ ਆਗੂਆਂ ਨੂੰ ਜੇਲ੍ਹ ਵਿਚ ਸੁੱਟ ਦਿਤਾ ਗਿਆ ਹੈ ਅਤੇ ਬੇਪਨਾਹ ਬੰਦਸ਼ਾਂ ਲੋਕਾਂ ਉਤੇ ਲਾ ਦਿਤੀਆਂ ਗਈਆਂ ਹਨ। ਉਹ ਦਿਨ ਵੀ ਦੂਰ ਨਹੀਂ ਦਿਸਦਾ ਜਦ ਫੇਰ 'ਮਾਰਸ਼ਲ ਲਾਅ' ਲਾ ਦਿਤਾ ਜਾਵੇਗਾ।

ਲੋਕ-ਤੰਤਰ ਬਹਾਲ ਕਰਨ ਲਈ ਪਾਕਿਸਤਾਨ ਦੇ ਲੋਕ ਉਠ ਖਲੋਤੇ ਹਨ ਪਰ ਦੇਖਣਾ ਇਹ ਹੈ ਕਿ ਉਹ ਇਸ ਘੋਲ ਨੂੰ ਸਾਰਥਕ ਸੇਧ ਦੇ ਕੇ ਮੰਜ਼ਲ ਤੱਕ ਕਦ ਪਹੁੰਚਦੇ ਹਨ ?

ਭਾਰਤ ਦੀ ਰਾਜਧਾਨੀ ਬੰਬਈ !

ਸਮਰਾਲਾ, ...-(ਪੱਤਰ-ਪ੍ਰੇਰਕ) ਇਸ ਵਾਰ ਸਟੇਟ ਲੈਂਡ ਮਾਰਗੇਜ ਬੈਂਕ ਦੇ ਉਮੀਦਵਾਰਾਂ ਨੇ ਸਿਲੈਕਸ਼ਨ ਕਮੇਟੀ ਦੇ ਮੈਂਬਰਾਂ ਨੂੰ ਲਾਜਵਾਬ ਕਰ ਦਿਤਾ ਜਦੋਂ ਮੈਂਬਰਾਂ ਨੇ ਉਹਨਾਂ ਤੋਂ ਬਹੁਤ ਹੀ ਰੌਚਿਕ ਸਵਾਲ ਪੁਛੇ। ਇਕ ਐਮ. ਏ. ਪਾਸ ਉਮੀਦਵਾਰ, ਤੋਂ ਜਦੋਂ ਹਿੰਦੁਸਤਾਨ ਦੀ ਰਾਜਧਾਨੀ ਬਾਰੇ ਪੁਛਿਆ ਤਾਂ ਉਸ ਨੇ ਬੰਬਈ ਦਸਿਆ ਜਦੋਂ ਮੈਂਬਰਾਂ ਨੇ ਕਿਹਾ ਕਿ ਤੂੰ ਐਮ.ਏ. ਪੜ੍ਹਿਆ ਹੋਇਆ ਹੈਂ ਤੈਨੂੰ ਹਿੰਦੁਸਤਾਨ ਦੀ ਰਾਜਧਾਨੀ ਬਾਰੇ ਪਤਾ ਨਹੀਂ ਤਾਂ ਉਸ ਨੇ ਜਵਾਬ ਦਿਤਾ ਕਿ ਜੇ ਮੈਂ ਬੰਬਈ ਦੀ ਥਾਂ ਤੇ ਦਿੱਲੀ ਦਸ ਦਿੰਦਾ ਤਾਂ ਕੀ ਗਾਰੰਟੀ ਸੀ ਕਿ ਤੁਸੀਂ ਮੈਨੂੰ ਨੌਕਰੀ ਲਈ ਚੁਣ ਲੈਂਦੇ। ਇਸੇ ਤਰ੍ਹਾਂ ਹੀ ਜਦੋਂ ਇਕ ਉਮੀਦਵਾਰ ਤੋਂ ਪੁਛਿਆ ਕਿ ਤੂੰ ਕੀ ਕੰਮ ਕਰਦਾ ਹੈਂ ਤਾਂ ਜਦੋਂ ਉਸ ਨੇ ਦਸਿਆ ਕਿ ਉਹ ਸ਼ਹਿਰ ਵਿਚ ਦੁੱਧ ਵੇਚਦਾ ਹੈ ਤਾਂ ਉਸਨੂੰ ਪੁਛਿਆ ਗਿਆ ਕਿ ਤੂੰ ਦੁੱਧ ਵਿਚ ਪਾਣੀ ਕਿੰਨਾ ਪਾਉਂਦਾ ਹੈ ਤਾਂ ਉਸ ਨੇ ਜਵਾਬ ਕਿਤਾ ਕਿ ਜਿੰਨਾ ਕੁ ਇਲੈਕਟਰੋ ਮੀਟਰ ਝੱਲ ਲਵੇ। ਤੇ ਜਦੋਂ ਉਸ ਨੂੰ ਪੁਛਿਆ ਗਿਆ ਕਿ ਮੱਝ ਨੂੰ ਮੱਝ ਕਿਉਂ ਕਹਿੰਦੇ ਹਨ, ਹੋਰ ਕਿਉਂ ਨਹੀਂ ਕੁਝ ਕਹਿੰਦੇ ਤਾਂ ਉਸ ਨੇ ਜਵਾਬ ਵਿਚ ਕਿਹਾ ਕਿ ਜਿਵੇਂ ਗੁਲਾਬ ਦੇ ਫੁੱਲ ਨੂੰ ਗੁਲਾਬ ਹੀ ਕਹਿੰਦੇ ਹਨ, ਗੋਭੀ ਦਾ ਫੁੱਲ ਨਹੀਂ ਕਹਿੰਦੇ।

ਲੰਡਨ ਡਾਇਰੀ



ਅਵਤਾਰ ਸਾਦਿਕ (ਕੌਮੀ ਸਕੱਤਰ ਭਾਰਤੀ ਮਜ਼ਦੂਰ ਸਭਾ

ਥੈਚਰ ਸਰਕਾਰ ਦੇ ਤਾਕਤ ਵਿਚ ਆਉਣ ਨਾਲ ਦੇਸ ਦੀਆਂ ਸਮਾਜਕ ਆਰਥਕ ਤੇ ਨਸਲੀ ਸਬੰਧਾਂ ਦੀਆਂ ਪ੍ਰਸਥਿਤੀਆਂ ਵਿਚ ਨਿਰਾਸ਼ਾਜਨਕ ਤਬਦੀਲੀ ਆਈ ਹੈ। ਟ੍ਰੇਡ ਯੂਨੀਅਨਾਂ ਦੇ ਅੰਕੜਿਆਂ ਅਨੁਸਾਰ ਬੇਰੁਜ਼ਗਾਰੀ ਪੰਜ ਮਿਲੀਅਨ ਦੇ ਲਗਭਗ ਹੈ। ਕਾਲੇ ਲੋਕਾਂ ਤੇ ਬੇਰੁਜ਼ਗਾਰੀ ਦਾ ਅਸਰ ਚਿੱਟੇ ਲੋਕਾਂ ਦੇ ਮੁਕਾਬਲੇ ਵਿਚ ਦੁਗਣਾ ਹੈ। ਕਈ ਸ਼ਹਿਰਾਂ ਦੇ ਅੰਦਰਲੇ ਇਲਾਕਿਆਂ ਵਿਚ ਕਾਲੇ ਨੌਜਵਾਨ, ਚਿੱਟੇ ਨੌਜਵਾਨਾਂ ਦੇ ਮੁਕਾਬਲੇ ਵਿਚ ਤਿਗਣੀ ਮਾਤਰ ਵਿਚ ਵੇਹਲੇ ਹਨ ('ਕਾਲਾ' ਸ਼ਬਦ ਮੈਂ ਏਸ਼ੀਅਨ ਤੇ ਅਫ੍ਰੋਕੈਰੀਬੀਅਨ ਲਈ ਵਰਤਿਆ ਹੈ)।

ਨੌਕਰੀਆਂ ਪ੍ਰਾਪਤ ਕਰਨ ਸਮੇਂ ਕਾਲੇ ਲੋਕ ਚਿੱਟੇ ਲੋਕਾਂ ਦੇ ਮੁਕਾਬਲੇ ਵਿਚ ਬਰਾਬਰ ਦੀ ਤਾਲੀਮ ਤੇ ਬਰਾਬਰ ਦਾ ਕੰਮ ਦਾ ਤਜਰਬਾ ਹੋਣ ਦੇ ਬਾਵਜੂਦ ਵੀ 50 ਪ੍ਰਤੀਸ਼ਤ ਨਸਲੀ ਵਿਤਕਰੇ ਦਾ ਸ਼ਿਕਾਰ ਹਨ।

ਥੈਚਰ ਸਰਕਾਰ ਦੀਆਂ ਸਮਾਜਕ-ਆਰਥਕ ਪਾਲਸੀਆਂ ਮੁਨਾਫੇਖੋਰਾਂ ਦੇ ਹਿਤ ਵਿਚ ਹੋਣ ਕਾਰਨ ਗਰੀਬੀ ਦੀ ਹੱਦ ਤੋਂ ਥੱਲੇ ਰਹਿ ਰਹੇ ਲੋਕਾਂ ਦੀ ਗਿਣਤੀ 16 ਮਿਲੀਅਨ ਤੱਕ ਪਹੁੰਚ ਗਈ ਹੈ। ਕਾਲੇ ਲੋਕਾਂ ਵਿਚਕਾਰ ਗਰੀਬੀ ਵਿਗਟ ਰੂਪ ਧਾਰਨ ਕਰ ਰਹੀ ਹੈ। ਸਮਾਜਕ ਸੁਰਖਿਆ ਦੀ ਸਹੂਲਤਾਂ ਦੀਆਂ ਲਗਾਤਾਰ ਕਟੌਤੀਆਂ ਨੇ ਬੁਢੇ, ਬੀਮਾਰਾਂ, ਬੇਰੁਜ਼ਗਾਰਾਂ ਤੇ ਅਪਾਹਜ ਲੋਕਾਂ ਲਈ ਕਠਨਾਈਆਂ ਭਰਪੂਰ ਮਾਹੌਲ ਪੈਦਾ ਕਰ ਦਿਤਾ ਹੈ। ਜਮਾਤੀ ਪਾੜਾ, ਸੰਜੀਦਾ ਜਮਾਤੀ ਟਕਰਾ, ਦੰਗਿਆਂ ਤੇ ਫਸਾਦਾਂ ਦੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ।

ਜਿਥੇ ਸਮਾਜਕ ਤੇ ਆਰਥਕ ਹਾਲਤਾਂ ਨੇ ਮੇਹਨਤੀ ਲੋਕਾਂ ਲਈ ਤੰਗੀਆਂ ਭਰਪੂਰ ਮਾਹੌਲ ਪੈਦਾ ਕਰ ਦਿਤਾ ਹੈ ਉਥੇ ਦੇਸ ਦੇ ਨਸਲਪ੍ਰਸਤ-ਫਾਸ਼ਿਸ਼ਟਾਂ ਨੇ ਕਾਲੇ ਲੋਕਾਂ ਤੇ ਨਸਲੀ ਹਮਲਿਆਂ ਨੂੰ ਤੇਜ਼ ਕਰਕੇ ਨਸਲੀ ਦਹਿਸ਼ਤ ਗਰਦੀ ਫੈਲਾਈ ਹੋਈ ਹੈ। ਕਾਲੇ ਲੋਕ ਨਸਲੀ ਹਮਲਿਆਂ, ਨਸਲੀ ਕਸ਼ਟਾਂ ਦੇ ਭੈਆਤਮਕ ਡਰ ਤੇ ਸਹਿਮ ਭਰਪੂਰ ਮਾਹੌਲ ਵਿਚੀਂ ਲੰਘ ਰਹੇ ਹਨ। ਨਸਲਵਾਦੀਆਂ ਦਾ ਮੰਤਵ ਕਾਲੇ ਲੋਕਾਂ ਨੂੰ ਤੰਗ ਕਰਕੇ ਮਾਰਕੇ, ਕੁਟਕੇ ਦੇਸ਼ ਵਿਚੋਂ ਕੱਢਣ ਦਾ ਹੈ। ਨਸਲੀ ਵਿਰੋਧ ਜਿਸ ਮਾਤਰਾ ਨਾਲ ਤੇਜ਼ ਹੋ ਰਿਹਾ ਹੈ ਉਸ ਨਾਲ ਨਸਲੀ ਸਬੰਧਾਂ ਦੇ ਵਿਗੜਨ ਦਾ ਗੰਭੀਰ ਖਤਰਾ ਹੈ।

ਕਾਲੇ ਲੋਕਾਂ ਦੇ ਘਰਾਂ ਨੂੰ ਅੱਗਾਂ, ਕਾਲੇ ਲੋਕਾਂ ਦੇ ਕਤਲ ਗੰਦੀਆਂ ਗਾਲੀਆਂ, ਕੁੱਤੇ, ਕਾਰਾਂ, ਬੰਦੂਕਾਂ, ਚਾਕੂਆਂ ਦੀ ਵਰਤੋਂ ਕਰਕੇ ਧਮਕਾਉਣਾ, ਸਰੀਰਕ ਨੁਕਸਾਨ ਪਹੁੰਚਾਉਣ। ਘਰਾਂ ਦੇ ਸ਼ੀਸ਼ਿਆਂ ਰਾਹੀਂ ਇੱਟਾਂ ਸੁਟਣੀਆਂ, ਟੈਲੀਫੋਨਾਂ ਦੀਆਂ ਤਾਰਾਂ ਕੱਟਣੀਆਂ, ਲੈਟਰ ਬਾਕਸਾਂ ਰਾਹੀਂ ਕੂੜਾ ਕਰਕਟ ਸੁਟਣਾ, ਹੂਰੇ ਮਾਰਨੇ, ਥੁਕਣਾ, ਗੰਦੀਆਂ ਗਾਲੀਆਂ ਕੱਢਣਾ ਦਰਵਾਜਿਆਂ ਤੇ ਨਸਲਵਾਦੀ ਨਾਹਰੇ ਲਿਖਣ ਦੀ ਵਰਤੋਂ ਕਰਨ ਦੀਆਂ ਵਾਰਦਾਤਾਂ ਤੇ ਕਾਲੇ ਲੋਕਾਂ ਵਲੋਂ ਰੋਸ ਮੁਜ਼ਾਹਰਿਆਂ ਦਾ ਪ੍ਰਗਟਾ ਹੁੰਦਾ ਰਿਹਾ ਹੈ। ਸਰਕਾਰ ਨੇ ਇਨ੍ਹਾਂ ਵਾਰਦਾਤਾਂ ਦਾ ਨੋਟਿਸ ਲੈਣ ਲਈ ਕੰਨਾਂ ਵਿਚ ਰੂੰ ਦਈ ਰੱਖਿਆ ਹੈ।

ਸਾਊਥਹਾਲ ਵਿਚ 1976 ਵਿਚ ਗੁਰਦੀਪ ਚੱਗਰ ਦੇ ਕਤਲ ਬਾਅਦ ਨਸਲੀ ਹਮਲੇ ਤੇਜ਼ ਹੋਏ ਪਰ ਸਰਕਾਰ ਨਸਲਵਾਦੀਆਂ ਦੀ ਘਨਾਉਣੀਆਂ ਸਾਜ਼ਿਸ਼ਾਂ ਨੂੰ ਨਜ਼ਰ ਅੰਦਾਜ਼ ਕਰਦੀ ਰਹੀ ਤੇ ਪੁਲਸ ਹਮਲਿਆਂ ਪਿਛੇ 'ਨਸਲੀ ਮੰਤਵ' ਨਾ ਹੋਣ ਦੀ ਪੁਜ਼ੀਸ਼ਨ ਲੈਂਦੀ ਰਹੀ ਹੈ।

ਹੋਮ ਆਫਿਸ ਨੇ 1981 ਵਿਚ ਪਹਿਲੀ ਵਾਰ ਮੰਨਿਆ ਸੀ ਕਿ ਕਾਲੇ ਲੋਕਾਂ ਤੇ ਇਕ ਵਰ੍ਹੇ ਵਿਚ ਔਸਤਨ 7000 'ਨਸਲੀ ਹਮਲੇ' ਹੋਏ। ਇਸ ਵਰ੍ਹੇ ਜੂਨ ਮਹੀਨੇ 'ਰਨੀਮੀਡ ਟਰਸਟ' ਦੇ 'ਨਸਲੀ ਹਮਲੇ ਤੇ ਕਸ਼ਟਾਂ' ਦੇ ਸਬੰਧ ਵਿਚ ਰੀਪੋਰਟ ਛਾਪੀ ਹੈ। ਰੀਪੋਰਟ ਅਨੁਸਾਰ ਨਸਲੀ ਹਮਲਿਆਂ ਦੀ ਗਿਣਤੀ ਇਕ ਵਰ੍ਹੇ ਵਿਚ ਹੀ 70,000 ਤੱਕ ਪਹੁੰਚ ਗਈ ਹੈ। ਪਿਛਲੇ ਪੰਦਰਾਂ ਵਰ੍ਹਿਆਂ ਵਿਚ ਨਸਲਪ੍ਰਸਤਾਂ ਨੇ 62 ਕਾਲੇ ਬੰਦਿਆਂ ਨੂੰ ਮੌਤ ਦੇ ਘਾਟ ਉਤਾਰਿਆ ਹੈ। ਇਸ ਵਰ੍ਹੇ ਜੁਲਾਈ ਮਹੀਨੇ ਇਲਫੋਰਡ (ਲੰਡਨ) ਵਿਖੇ ਮਿਸਿਜ਼ ਸ਼ਮੀਰਾ ਕਾਸਮ ਤੇ ਉਸ ਦੇ ਤਿੰਨ ਮੁੰਡੇ ਨਸਲਪ੍ਰਸਤਾਂ ਦੇ ਘਰ ਨੂੰ ਅੱਗ ਲਾਉਣ ਨਾਲ ਮਾਰੇ ਗਏ ਸਨ। ਜੂਨ

ਬਰਤਾਨੀਆ ਵਿਚ ਨਸਲੀ ਹਮਲੇ

ਮਹੀਨੇ ਵੁਲਵਰਹੈਂਪਟਨ ਬਲਬੀਰ ਚੰਦ ਨਾਮੀ ਦੇ ਇਕ ਚਿੱਟੇ ਨੌਜਵਾਨ ਵਲੋਂ ਮੱਛੀ ਦੀ ਦੁਕਾਨ ਦੇ ਬਾਹਰ ਚਾਕੂ ਮਾਰਨ ਨਾਲ ਮੌਤ ਹੋਣ ਦੀ ਖਬਰ ਮਿਲੀ ਹੈ (ਨੀਊਲਾਈਫ 6.6.86 ਅਨੁਸਾਰ) ਲੂਟਨ ਵਿਖੇ ਇਕ ਏਸ਼ੀਅਨ ਪ੍ਰਵਾਰ ਦੇ ਸੌਣ ਦੇ ਕਮਰੇ ਵਿਚ ਪੈਟਰੋਲ ਬੰਬ ਸੁਟਿਆ ਗਿਆ ਸੀ। ਇਹ ਖਬਰ 28.5.86 ਟੈਲੀਗਰਾਫ ਵਿਚ ਛਪੀ ਸੀ। ਟਾਵਰ ਹੈਮਲਿਟ ਵਿਖੇ ਬਾਰਾਂ ਚਿੱਟੇ ਨੌਜਵਾਨਾਂ ਲੋਹੇ ਦੇ ਸਰੀਏ ਅਤੇ ਲਾਠੀਆਂ ਨਾਲ ਵਾਰਿਸ ਅਲੀ ਤੇ ਹਮਲਾ ਕੀਤਾ ਜਦੋਂ ਉਹ ਮਸਜਿਦ ਤੋਂ ਆਪਣੇ ਤਿੰਨ ਮੁੰਡਿਆਂ ਸਮੇਤ ਮੁੜ ਰਿਹਾ ਸੀ। ਮਿਸਟਰ ਅਲੀ ਦੇ ਬਹੁਤ ਸੱਟਾਂ ਲੱਗੀਆਂ ਤੇ ਕਈ ਥਾਵਾਂ ਤੋਂ ਇਕ ਲੱਤ ਟੁੱਟੀ ਸੀ। ਉਸ ਦੇ ਮੁੰਡਿਆਂ ਦੇ ਵੀ ਸੱਟਾਂ ਲੱਗੀਆਂ। ਪੁਲਸ ਨੇ ਮਿਸਟਰ ਅਲੀ ਦੇ ਤਿੰਨੋ ਮੁੰਡੇ ਗ੍ਰਿਫਤਾਰ ਕੀਤੇ। ਬਾਦ ਵਿਚ ਇਕ ਨੂੰ ਵੈਨ ਵਿਚੋਂ ਧੱਕਾ ਦੇ ਕੇ ਬਾਹਰ ਸੁੱਟ ਦਿਤਾ। ਦੂਜੇ ਦੋਨਾਂ ਨੂੰ ਚਾਰਜ ਕਰ ਲਿਆ। ਬੰਗਲਾ ਦੇਸ਼ੀ ਨੌਜਵਾਨ ਜਥੇਬੰਦੀ ਦਾ ਕਹਿਣਾ ਸੀ ਕਿ ਹਮਲਾ ਕਰਨੇ ਵਿਚ ਚਿੱਟੇ ਨਸਲਪ੍ਰਸਤ ਇਕ ਗਰੋਹ ਵਜੋਂ ਇਲਾਕੇ ਵਿਚ ਜਾਣੇ ਜਾਂਦੇ ਹਨ। ਉਨ੍ਹਾਂ ਬਾਰਾਂ ਚਿੱਟੇ ਨੌਜਵਾਨਾਂ ਵਿਚੋਂ ਦੋ ਨੌਜਵਾਨਾਂ ਨੂੰ ਬੜੀ ਦੇਰ ਬਾਦ ਗ੍ਰਿਫਤਾਰ ਕੀਤਾ। ਇਹ ਖਬਰ 28.5.86 ਦੇ ਗਾਰਡੀਅਨ ਅਖਬਾਰ ਵਿਚ ਛਪੀ ਸੀ। ਇਸੇ ਤਰੀਕ ਦੇ ਗਾਰਡੀਅਨ ਵਿਚ ਇਕ ਹੋਰ ਖਬਰ ਸੀ ਕਿ ਚਾਰ ਆਦਮੀਆਂ ਨੇ ਮਖੌਟਾ ਪਾ ਕੇ 14 ਸਾਲਾ ਏਸ਼ੀਅਨ ਮੁੰਡੇ ਦੇ ਘਰ ਕਰੋਈਡਨ ਵਿਖੇ ਹਮਲਾ ਕੀਤਾ। ਉਸਦੇ ਮੂੰਹ ਤੇ ਮੁੱਕੇ ਮਾਰੇ ਤੇ ਮੂੰਹ ਨੂੰ ਚਾਕੂ ਨਾਲ ਛਿੱਲਿਆ। ਚਾਕੂ ਨਾਲ ਢਿਡ ਛਿਲਣ ਦੀਆਂ ਖਬਰਾਂ ਪਹਿਲਾਂ ਵੀ ਅਖਬਾਰਾਂ ਵਿਚ ਛਪ ਚੁਕੀਆਂ ਹਨ।

ਸਕੂਲਾਂ ਦੀਆਂ ਗਰਾਉਂਡਾਂ ਵਿਚ ਤੇ ਸਕੂਲਾਂ ਤੋਂ ਘਰ ਜਾਣ ਸਮੇਂ ਕਾਲੇ ਰੰਗ ਦੇ ਵਿਦਿਆਰਥੀਆਂ ਤੇ ਬਰਤਾਨੀਆਂ ਦੇ ਵੱਖ ਵੱਖ ਹਿਸਿਆਂ ਵਿਚ ਹਮਲੇ ਹੋਣ ਦੀਆਂ ਘਟਨਾਵਾਂ ਪ੍ਰੈਸ ਵਿਚ ਛਪ ਰਹੀਆਂ ਹਨ। ਕੌਂਸਲ ਦੇ ਘਰਾਂ ਵਿਚ ਰਹਿੰਦੇ ਕਾਲੇ ਲੋਕਾਂ ਨੂੰ ਨਸਲਪ੍ਰਸਤ ਲਗਾਤਾਰ ਤੰਗ ਕਰ ਰਹੇ ਹਨ। ਇਸ ਸਬੰਧੀ ਲੰਡਨ ਵਿਚ ਕਈ ਥਾਵਾਂ ਤੇ ਲੋਕਾਂ ਨੇ ਰੋਸ ਦਾ ਪ੍ਰਗਟਾ ਕੀਤਾ ਹੈ।

ਜੁਲਾਈ ਮਹੀਨੇ ਹਾਊਸ ਆਫ ਕਾਮਨਜ ਦੀ 'ਹੋਮ ਅਫੇਅਰਜ਼ ਕਮੇਟੀ' ਨੇ ਨਸਲੀ ਹਮਲਿਆਂ ਤੇ ਕਸ਼ਟਾਂ ਵਾਰੇ ਰੀਪੋਰਟ ਪ੍ਰਕਾਸ਼ਤ ਕੀਤੀ ਹੈ। ਇਸ ਕਮੇਟੀ ਨੇ ਇੰਗਲੈਂਡ ਤੇ ਸਕਾਟਲੈਂਡ ਵਿਚ ਵਾਪਰੀਆਂ ਨਸਲੀ ਹਮਲਿਆਂ ਦੀ ਵਾਰਦਾਤਾਂ ਨੂੰ ਇਕੱਤਰ ਕੀਤਾ ਹੈ। ਸਰਕਾਰ ਦੇ ਵੱਖ ਵੱਖ ਮਹਿਕਮਿਆਂ ਕੋਲੋਂ ਵੀ ਇਸ ਸਥਿਤੀ ਸੰਬੰਧੀ ਸਬੂਤ ਹਾਸਲ ਕੀਤੇ ਹਨ।

ਮੈਟਰੋਪੋਲੀਟਨ ਪੁਲੀਸ ਏਰੀਏ ਵਿਚ 1985 ਵਿਚ 1877 ਵਾਰਦਾਤਾਂ ਹੋਈਆਂ। ਇਹ ਉਹ ਵਾਰਦਾਤਾਂ ਹਨ ਜਿੰਨ੍ਹਾਂ ਦੀਆਂ ਸ਼ਕਾਇਤਾਂ ਪੁਲਸ ਕੋਲ ਦਰਜ ਕਰਵਾਈਆਂ ਗਈਆਂ। ਕਾਲੇ ਲੋਕਾਂ ਦੀਆਂ ਜਥੇਬੰਦੀਆਂ ਦਾ ਕਹਿਣਾ ਹੈ ਬਹੁ ਗਿਣਤੀ ਵਿਚ ਲੋਕ ਪੁਲਸ ਕੋਲ ਰੀਪੋਰਟ ਦਰਜ ਨਹੀਂ ਕਰਵਾਉਂਦੇ ਕਿਉਂਕਿ ਪੁਲਸ ਵਾਰਦਾਤਾਂ ਨਾਲ ਸੰਬੰਧਤ 'ਨਸਲੀ ਮੰਤਵ' ਨੂੰ ਮੰਨਣ ਤੋਂ ਬਹੁਤ ਵਾਰ ਇਨਕਾਰ ਕਰਦੀ ਹੈ। ਅਜਿਹੀਆਂ ਸ਼ਕਾਇਤਾਂ ਨੂੰ ਸੰਜੀਦਗੀ ਨਾਲ ਨਹੀਂ ਲੈਂਦੀ ਹੈ। ਕਈ ਵਾਰ ਘਟਨਾ ਦੇ ਸ਼ਿਕਾਰ ਹੋਣ ਵਾਲਿਆਂ ਨੂੰ ਨਸਲੀ ਹਮਲਾਆਵਰਾਂ ਵਿਰੁਧ ਪਰਾਈਵੇਟ ਕੇਸ ਕਰਨ ਦੀ ਨਸੀਹਤ ਦਿਤੀ ਜਾਂਦੀ ਹੈ। ਇਸ ਰੀਪੋਰਟ ਨੇ ਪੁਲੀਸ ਵਿਰੁਧ ਇਸ ਪੱਖ ਨੂੰ ਉਜਾਗਰ ਕੀਤਾ ਹੈ ਕਿ ਨਸਲੀ ਹਮਲਿਆਂ ਨਾਲ ਸਬੰਧਤ ਦੋਸ਼ੀਆਂ ਨੂੰ ਫੜਨ ਵਿਚ ਪੁਲਸ ਕੁਤਾਹੀ ਵਖਾਉਂਦੀ ਹੈ ਇਹ ਵੀ ਇਕ ਬਹੁਤ ਵੱਡਾ ਪੱਖ ਹੈ ਕਿ ਨਸਲੀ ਹਿੰਸਾ ਤੇ ਦਹਿਸ਼ਤਗਰਦੀ ਫੈਲਾਉਣ ਵਾਲਿਆਂ ਦੇ ਹੌਂਸਲੇ ਬੁਲੰਦ ਹੋ ਰਹੇ ਹਨ।

ਇਸ ਰੀਪੋਰਟ ਰਾਹੀਂ ਇਹ ਗੱਲ ਵੀ ਉਘੜ ਕੇ ਸਾਹਮਣੇ ਆਈ ਹੈ ਕਿ ਹੁਣ ਤੱਕ 70 ਪ੍ਰਤੀਸ਼ਤ ਨਸਲੀ ਹਮਲੇ ਏਸ਼ੀਅਨ ਲੋਕਾਂ ਤੇ ਹੋਏ ਹਨ। ਲੰਡਨ ਵਿਚ ਟਾਵਾਲਹੈਮਲਟ ਤੇ ਨੀਊਹਾਮ ਵਿਚ ਮਾਨਚੈਸਟਰ, ਬਰੈਡਫੋਰਡ, ਸਕਾਟਲੈਂਡ, ਬ੍ਰਮਿੰਘਮ ਆਦਿ ਇਲਾਕਿਆਂ ਵਿਚ ਹਮਲਿਆਂ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਇਸ ਕਮੇਟੀ ਨੇ ਪੁਲਸ ਵਿਭਾਗ ਤੇ ਸਥਾਨਕ ਸਰਕਾਰ ਦੇ ਮਹਿਕਮਿਆਂ ਨੂੰ ਲੋੜੀਂਦੇ ਕਦਮ ਚੁਕਣ ਦੀਆਂ ਸਿਫਾਰਸ਼ਾਂ ਕੀਤੀਆਂ ਹਨ ਜਿਵੇਂ ਕਿ ;

- ਪੁਲੀਸ ਵਿਭਾਗ ਨੂੰ ਨਸਲੀ ਹਮਲਿਆਂ ਤੇ ਕਾਬੂ ਪਾਉਣ ਲਈ ਆਪਣੇ ਕੰਮ ਵਿਚ ਮੁੱਖ ਕਾਰਜ ਵਜੋਂ ਲੈਣਾ ਚਾਹੀਦਾ ਹੈ।
- ਨਸਲੀ ਘਟਨਾਵਾਂ ਸਬੰਧੀ ਪੁਲੀਸ ਅਫਸਰਾਂ ਨੂੰ ਵਿਸ਼ੇਸ਼ ਟਰੇਨਿੰਗ ਦੇਣੀ ਚਾਹੀਦੀ ਹੈ। ਪੁਲੀਸ ਟਰੇਨਿੰਗ ਦੇ ਮੁਖ ਕੋਰਸ ਵਿਚ ਇਨ੍ਹਾਂ ਘਟਨਾਵਾਂ ਸਬੰਧੀ ਪੜਾਈ ਸ਼ਾਮਲ ਕਰਨੀ ਚਾਹੀਦੀ ਹੈ।
- ਪੁਲੀਸ ਫੋਰਸ ਵਿਚ ਨਸਲੀ ਹਮਲਿਆਂ ਤੇ ਨਸਲੀ ਤੰਗੀਆਂ ਜਹੀਆਂ ਘਟਨਾਵਾਂ ਨਾਲ ਨਜਿੱਠਣ ਲਈ ਵਿਸ਼ੇਸ਼ ਅਫਸਰ ਨਿਯੁਕਤ ਹੋਣੇ ਚਾਹੀਦੇ ਹਨ ਉਨ੍ਹਾਂ ਨੂੰ ਪੂਰੀ ਟਰੇਨਿੰਗ ਮਿਲਣੀ ਚਾਹੀਦੀ ਹੈ। ਉਨ੍ਹਾਂ ਨੂੰ ਘਟਨਾਵਾਂ ਦਾ ਰੀਕਾਰਡ ਰਖਣ ਤੇ ਘਟਨਾਵਾਂ ਵਾਰੇ ਰੀਪੋਰਟ ਪੇਸ਼ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ।

(ਬਾਕੀ ਪੰਨਾ 5 ਉਤੇ)

ਪੰਨਾ 4 ਦੀ ਬਾਕੀ

- ਪੁਲਸ ਫੋਰਸ ਨੂੰ ਘਟਨਾ ਦਾ ਸ਼ਿਕਾਰ ਹੋਏ ਲੋਕਾਂ ਨਾਲ ਲਗਾਤਾਰ ਸੰਪਰਕ ਤੇ ਪੁਲੀਸ ਐਕਸ਼ਨਾਂ ਵਾਰੇ ਜਾਣੂੰ ਰਖਣਾ ਚਾਹੀਦਾ।
- ਪੁਲੀਸ ਦੇ ਮੁਖ ਅਫਸਰਾਂ ਵਲੋਂ ਨਸਲੀ ਘਟਨਾਵਾਂ ਨੂੰ ਨਜਿਠਣ ਲਈ ਨਵੇਂ ਤਰੀਕੇ ਲੱਭਣੇ ਚਾਹੀਦੇ ਹਨ। ਉਨ੍ਹਾਂ ਨਵੇਂ ਤਰੀਕਿਆਂ ਵਾਰੇ ਲੋਕਾਂ ਨੂੰ ਸੂਚਿਤ ਵੀ ਕਰਨਾ ਚਾਹੀਦਾ ਹੈ। ਮਿਸਾਲ ਵਜੋਂ ਸਟੈਂਡਿੰਗ ਕਮੇਟੀ ਬਣਾਉਣੀ ਚਾਹੀਦੀ ਹੈ ਜਿਸ ਵਿਚ ਕਾਲੇ ਲੋਕਾਂ ਦੀਆਂ ਜਥੇਬੰਦੀਆਂ ਦੇ ਲੋਕ ਵੀ ਹਿਸਾ ਪਾ ਸਕਣ।
- ਜਿਨ੍ਹਾਂ ਇਲਾਕਿਆਂ ਵਿਚ ਦੁਭਾਸ਼ੀਆਂ ਦੀ ਲੋੜ ਹੋਵੇ ਉਥੇ ਦੁਭਾਸ਼ੀਆਂ ਦਾ ਪ੍ਰਬੰਧ ਫੋਰੀ ਸਰਵਿਸ ਵਜੋਂ ਹੋਂਦ ਵਿਚ ਲਿਆਉਣਾ ਚਾਹੀਦਾ ਹੈ।
- ਨਸਲੀ ਹਮਲਿਆਂ ਤੇ ਕਾਬੂ ਪਾਉਣ ਲਈ ਖੋਜ ਤੇ ਨਿਸ਼ਾਨ ਪੂਰਬਕ ਪਹੁੰਚ ਅਪਨਾ ਕੇ ਸਧਾਰਨ ਵਰਦੀਆਂ ਵਾਲੇ ਪੁਲੀਸ ਅਫਸਰ ਮੁਹਈਆ ਕਰਨੇ ਚਾਹੀਦੇ ਹਨ।
- ਲੋੜੀਂਦੇ ਸਬੂਤ ਮਿਲਣ ਤੇ ਨਸਲੀ ਹਮਲੇ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਦੇ ਤਰੀਕੇ ਵਿਚ ਤੇਜ਼ੀ ਲਿਆਉਣੀ ਚਾਹੀਦੀ ਹੈ।
- ਨਸਲੀ ਹਮਲਿਆਂ ਤੇ ਕਾਬੂ ਪਾਉਣ ਲਈ ਬਹੁ ਏਜੰਸੀ ਪਹੁੰਚ ਅਪਨਾਉਣੀ ਚਾਹੀਦੀ ਹੈ।
- ਸਥਾਨਕ ਸਰਕਾਰਾਂ ਨੂੰ ਕਾਲੇ ਕਿਰਾਏਦਾਰਾਂ ਤੇ ਨਸਲੀ ਹਮਲੇ ਤੇ ਕਸ਼ਟਾਂ ਨੂੰ ਨਜਿਠਣ ਲਈ ਵਿਸ਼ੇਸ਼ ਅਫਸਰ ਨਿਯੁਕਤ ਕਰਨੇ ਚਾਹੀਦੇ ਹਨ। ਨਸਲਪ੍ਰਸਤਾਂ ਨੂੰ ਘਰ ਚੋਂ ਬੇਦਖਲ ਕਰਨ ਲਈ ਕਾਨੂੰਨੀ ਪਹੁੰਚ ਸਖਤੀ ਨਾਲ ਅਪਨਾਉਣੀ ਚਾਹੀਦੀ ਹੈ।
- ਸੋਸ਼ਲ ਸਰਵਿਸਜ਼ ਮਹਿਕਮੇ ਦੇ ਅਫਸਰਾਂ ਨੂੰ ਵੀ ਅਜਿਹੀਆਂ ਘਟਨਾਵਾਂ ਨਾਲ ਨਿਪਟਣ ਲਈ ਟਰੇਨਿੰਗ ਦੇਣੀ ਚਾਹੀਦੀ ਹੈ।
- ਸਥਾਨਕ ਸਰਕਾਰਾਂ ਨੂੰ ਸਕੂਲਾਂ ਵਿਚ ਨਸਲੀ ਘਟਨਾਵਾਂ ਵਾਰੇ ਗਾਈਡ ਲਾਈਨਾਂ ਤਿਆਰ ਕਰਨੀਆਂ ਚਾਹੀਦੀਆਂ ਹਨ।
- ਹੋਮ ਆਫਿਸ ਨੂੰ ਇਸ ਵਿਸ਼ੇ ਤੇ ਸਲਾਹ ਮਸ਼ਵਰੇ ਤੇ ਖੋਜਮਈ ਪਹੁੰਚ ਅਪਨਾਕੇ ਕਾਲੇ ਲੋਕਾਂ ਦਾ ਭਰੋਸਾ ਜਿਤਣਾ ਚਾਹੀਦਾ ਹੈ।

ਉਪਰੋਕਤ ਸੁਝਾਵਾਂ ਨੂੰ ਅਮਲ ਵਿਚ ਲਿਆਉਣ ਲਈ ਆਰਥਕ ਵਸੀਲੇ ਪ੍ਰਦਾਨ ਕਰਨ ਲਈ ਸਰਕਾਰ ਨੂੰ ਪਹਿਲ ਕਦਮੀ ਤੇ ਬਚਨਬੱਧਤਾ ਵਿਖਾਉਣੀ ਚਾਹੀਦੀ ਹੈ। ਪਿਛਲੇ ਦਿਨੀਂ ਡਰਗਜ਼ ਦੀ ਸਮਸਿਆ ਨਾਲ ਨਿਪਟਣ ਲਈ ਥੈਚਰ ਨੇ ਝਟਪਟ ਐਲਾਨ ਕਰ ਦਿਤਾ ਸੀ ਕਿ ਡਰਗਜ਼ ਦੇ ਧੰਦੇ ਵਾਲਿਆਂ ਨੂੰ ਸਖਤੀ ਨਾਲ ਕੁਚਲਿਆ ਜਾਵੇਗਾ। ਥੈਚਰ ਸਰਕਾਰ ਨਸਲਵਾਦ ਦੀਆਂ ਉਨ੍ਹਾਂ ਜੜ੍ਹਾਂ ਤੇ ਹਮਲਾ ਕਰਨ ਲਈ ਜਾਂ ਸਖਤੀ ਨਾਲ ਨਿਪਟਣ ਲਈ ਤਿਆਰ ਨਹੀਂ। ਜਿਹੜਾ ਕਿ ਨਸਲੀ ਹਮਲਿਆਂ ਨੂੰ ਜਨਮ ਦੇਂਦਾ ਹੈ। ਸਰਕਾਰ ਨੂੰ ਨਸਲਵਾਦ ਦਾ ਟਾਕਰਾ ਕਰਨ ਲਈ ਲੋਕ ਰਾਏ ਲਾਮਬੰਦ ਕਰਨੀ ਚਾਹੀਦੀ ਹੈ। ਉਹ ਤਦ ਹੀ ਹੋ ਸਕਦੀ ਹੈ ਜੇ ਸਰਕਾਰ ਸੰਜੀਦਗੀ ਨਾਲ ਇਸ ਬੀਮਾਰੀ ਤੇ ਕਾਬੂ ਪਾਉਣ ਲਈ ਬਚਨਬੱਧ ਹੋਵੇ।

ਭਾਰਤ ਵਿਚ ਪਹਿਲਾ ਟੈਸਟ ਟਿਊਬ ਬੱਚੇ ਦਾ ਜਨਮ

ਬੰਬਈ — ਭਾਰਤ ਜਿਥੇ ਪਹਿਲਾਂ ਹੀ ਉਚੀ ਜਨਮ ਦਰ ਹੈ ਤੇ ਜਿਸਨੂੰ ਘਟਾਉਣ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਦੂਜੇ ਪਾਸੇ ਭਾਰਤੀ ਡਾਕਟਰਾਂ ਨੇ ਨਵੀਆਂ ਪ੍ਰਾਪਤੀਆਂ ਕੀਤੀਆਂ ਭਾਰਤੀ ਡਾਕਟਰਾਂ ਨੇ ਬੰਬਈ ਦੇ ਲਸ਼ਮਣ ਚਾਵਡਾ ਦੀ ਪਤਨੀ ਨੂੰ ਗੈਰ ਕੁਦਰਤੀ ਢੰਗ ਨਾਲ ਗਰਭ ਧਾਰਨ ਕਰਾਇਆ ਕਿਉਂਕਿ ਸ੍ਰੀ ਚਾਵਡਾ ਦੀ ਪਤਨੀ ਡਾਕਟਰੀ ਕਾਰਨਾਂ ਕਰਕੇ ਕੁਦਰਤੀ ਗਰਭਵਤੀ ਨਹੀਂ ਸੀ ਹੋ ਸਕਦੀ ਸੋ ਡਾਕਟਰਾਂ ਦੀ ਇਹ ਕੋਸ਼ਿਸ਼ ਪੂਰੀ ਤਰ੍ਹਾਂ ਸਫਲ ਰਹੀ। ਇਸ ਨਵੇਂ ਜੰਮੇ ਬੱਚੇ ਦਾ ਭਾਰ ਛੇ ਪੌਂਡ ਹੈ ਬੱਚਾ ਤੇ ਉਸਦੀ ਮਾਂ ਸ਼ਾਮਜੀ ਚਾਵਡਾ ਬਿਲਕੁਲ ਤੰਦਰੁਸਤ ਹਨ।

ਡਾ: ਇੰਦਰ ਹਿਙੂੰਜਾ ਦੇ ਕਹਿਣ ਅਨੁਸਾਰ ਕਿ ਇਸ ਟੈਸਟ ਟਿਊਬ ਦਾ ਜਨਮ ਨਿਰੋਲ ਭਾਰਤੀ ਪਰਯੋਗ ਦਾ ਸਿੱਟਾ ਹੈ ਇਹ ਬੱਚਾ ਭਾਰਤ ਦਾ ਪਹਿਲਾ ਟੈਸਟ ਟਿਊਬ ਬੱਚਾ ਕਹਿਲਾਏਗਾ।

ਲੋਕ ਜਾਣਦੇ ਹਨ ਕਿ 1979 ਦੀਆਂ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਨਸਲਪ੍ਰਸਤਾਂ ਦੀਆਂ ਵੋਟਾਂ ਹਾਸਲ ਕਰਨ ਲਈ ਆਪਣੀ ਸਪੀਚ ਵਿਚ ਕਿਹਾ ਸੀ ਕਿ "ਬਰਤਾਨੀਆਂ ਦਾ ਸਭਿਆਚਾਰ ਬਦੇਸ਼ੀ ਸਭਿਆਚਾਰ ਦੇ ਦਲਦਲ ਜਾਂ ਚਿਕੜ ਵਿਚ ਫਸ ਗਿਆ ਹੈ" ਨਸਲਵਾਦੀ ਇਮੀਗਰੇਸ਼ਨ ਤੇ ਨੈਸ਼ਨੈਲਿਟੀ ਕਾਨੂੰਨ ਨੂੰ ਹੋਂਦ ਵਿਚ ਲਿਆਉਣ ਵਾਲੀ ਸਰਕਾਰ ਤੇ ਪੂਰਾ ਦਬਾ ਪਾਏ ਬਿਨਾਂ ਹੋਮ ਅਫੇਅਰਜ਼ ਕਮੇਟੀ ਦੀ ਸਿਫਾਰਸ਼ਾਂ ਲਾਕਗ਼ ਨਹੀਂ ਹੋ ਸਕਣਗੀਆਂ। ਬਰਤਾਨੀਆ ਦੀਆਂ ਸੰਸਥਾਵਾਂ ਵਿਚ ਪਾਏ ਜਾਂਦੇ ਨਸਲਵਾਦ ਦੀ ਅਲੋਚਨਾ ਪਿਛਲੇ ਵਰ੍ਹਿਆਂ ਤੋਂ ਲਗਾਤਾਰ ਹੁੰਦੀ ਆ ਰਹੀ ਹੈ।

ਇਥੇ ਇਹ ਗੱਲ ਵਿਸ਼ੇਸ਼ ਤੌਰ ਤੇ ਨੋਟ ਕਰਨ ਵਾਲੀ ਹੈ ਕਿ ਬਰਤਾਨੀਆ ਵਿਚ ਅਤਿਵਾਦੀਆਂ ਵਲੋਂ ਅਗਾਂਹਵਧੂ ਜਥੇਬੰਦੀਆਂ ਦੇ ਆਗੂਆਂ ਤੇ ਸਰਗਰਮ ਵਰਕਰਾਂ ਤੇ ਸਰੀਰਕ ਹਮਲਿਆਂ ਦੀਆਂ ਵਾਰਦਾਤਾਂ ਦੀ ਪ੍ਰੈਸ ਵਿਚ ਚਰਚਾ ਹੁੰਦੀ ਰਹੀ ਹੈ। ਨਸਲਪ੍ਰਸਤਾਂ ਵਲੋਂ ਕੀਤੇ ਜਾਂਦੇ ਹਮਲਿਆਂ ਸਬੰਧੀ ਪੁਲੀਸ 'ਕਾਲੇ ਲੋਕਾਂ ਦੇ ਆਪਸੀ ਝਗੜਿਆਂ' ਦਾ ਬਹਾਨਾ ਲਾ ਕੇ ਨਸਲੀ ਮੰਤਵ ਨੂੰ ਟਾਲਣ ਦੀਆਂ ਮਿਸਾਲਾਂ ਸਾਹਮਣੇ ------

ਅਸੀਂ ਸਮਝਦੇ ਹਾਂ ਕਿ ਚਿੱਟੇ ਫਾਸ਼ਿਸ਼ਟਾਂ ਤੇ ਕਾਲੇ ਰੰਗ ਦੇ ਵੱਖਵਾਦੀ ਫਾਸ਼ਿਸ਼ਟਾਂ ਵਿਚਕਾਰ ਵੀ ਪੁਲਸ ਵਿਭਾਗਾਂ, ਸਰਕਾਰ, ਲੇਬਰ ਪਾਰਟੀ ਤੇ ਟਰੇਡ ਯੂਨੀਅਨ ਮੂਵ ਮੈਂਟ ਨੂੰ ਨਿਖੇੜਾ ਕਰਨਾ ਚਾਹੀਦਾ ਹੈ। ਲੇਬਰ ਪਾਰਟੀ ਦੇ ਕੰਟਰੋਲ ਵਿਚ ਚਲਦੀਆਂ ਸਥਾਨਕ ਸਰਕਾਰਾਂ ਨੇ ਕਈ ਥਾਵੀਂ ਵਖਵਾਦੀਆਂ ਨੂੰ ਗਰਾਂਟਾਂ ਦੇ ਕੇ ਸਰਗਰਮੀਆਂ ਕਰਨ ਦੇ ਮੌਕੇ ਦਿਤੇ ਹਨ। ਉਹ ਇਹ ਸਮਝਣ ਤੋਂ ਅਸਮਰਥ ਹਨ ਕਿ ਜੇ ਹਿੰਦੂ ਸਿਖ ਏਕਤਾ ਟੁਟੇਗੀ ਤਾਂ ਕਾਲੇ ਲੋਕਾਂ ਦਾ ਏਕਾ ਟੁਟਦਾ ਹੈ ਤੇ ਨਸਲਵਾਦ ਵਿਰੁਧ ਉਸਰਨ ਵਾਲਾ ਮੁਹਾਜ ਕਮਜ਼ੋਰ ਹੁੰਦਾ ਹੈ। ਡਰ ਤੇ ਭੈਅ ਦੀ ਰੌਅ ਵਿਚ ਵਾਧਾ ਹੁੰਦਾ ਹੈ। ਨਸਲੀ ਹਮਲਿਆਂ ਨੂੰ ਪਿਛਾੜਨ ਲਈ ਤੇ ਚੰਗੇ ਨਸਲੀ ਸਬੰਧ ਪੈਦਾ ਕਰਨ ਲਈ ਕਾਲੇ ਲੋਕਾਂ ਦੇ ਦੁਸ਼ਮਣਾਂ ਨੂੰ ਪਿਛਾੜੋ। ਵਖਵਾਦ, ਬੇਰੁਜ਼ਗਾਰੀ, ਗਰੀਬੀ ਤੇ ਨਸਲਵਾਦ ਵਿਰੁਧ ਘੋਲ ਲਈ ਮਜ਼ਦੂਰ ਸਭਾ ਤੇ "ਕਾਰਲ"* ਦੇ ਸੰਘਰਸ਼ਾਂ ਵਿਚ ਹਿਸਾ ਪਾਉਣ ਨਾਲ ਹੀ ਨਸਲੀ ਹਮਲਿਆਂ ਤੇ ਕਾਬੂ ਪਾਇਆ ਜਾ ਸਕੇਗਾ।

* ਕਾਰਲ (Campaign Against Racist Laws)

ਅਤਿਵਾਦੀਆਂ ਵਿਰੁੱਧ ਮੁਹਿੰਮ ਵਿਚ ਬਰਨਾਲਾ ਸਰਕਾਰ ਦਾ ਪੂਰਾ ਸਹਿਯੋਗ ਰਿਹਾ — ਰਿਬੇਰੋ

ਜਲੰਧਰ — ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਸ੍ਰੀ ਜੇ. ਐਫ. ਰਿਬੇਰੋ ਨੇ ਇਸ ਕਿਸਮ ਦੇ ਦੋਸ਼ਾਂ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਹੈ ਕਿ ਦਹਿਸ਼ਤਗਰਦਾਂ ਦਾ ਸਫਾਇਆ ਕਰਨ ਸਬੰਧੀ ਪੁਲੀਸ ਦੀ ਮੁਹਿੰਮ ਵਿਚ ਅਕਾਲੀ ਵਜ਼ੀਰਾਂ ਵਲੋਂ ਕੋਈ ਰੁਕਾਵਟ ਖੜ੍ਹੀ ਕੀਤੀ ਜਾ ਰਹੀ ਹੈ। ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਅ ਉਨ੍ਹਾਂ ਨੇ ਦੱਸਿਆ ਕਿ ਉਲਟਾ ਇਸ ਮਾਮਲੇ ਵਿਚ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਉਨ੍ਹਾਂ ਨੂੰ ਪੂਰਨ ਸਹਿਯੋਗ ਤੇ ਹੱਲਾਸ਼ੇਰੀ ਪ੍ਰਾਪਤ ਰਹੀ ਹੈ।

ਪੁਲੀਸ ਮੁਖੀ ਨੇ ਦੱਸਿਆ ਕਿ ਪੰਜਾਬ ਦੇ ਸਭ ਤੋਂ ਖਤਰਨਾਕ ਦਹਿਸ਼ਤਪਸੰਦ ਮਨਬੀਰ ਸਿੰਘ ਚਹੇੜੂ ਉਰਫ ਜਨਰਲ ਹਰੀ ਸਿੰਘ ਨੂੰ ਜਲੰਧਰ ਪੁਲੀਸ ਨੇ ਖੁਦ ਗ੍ਰਿਫਤਾਰ ਕੀਤਾ ਹੈ ਅਤੇ ਉਸ ਦੇ ਆਤਮ ਸਮਰਪਣ ਕਰਨ ਦਾ ਕੋਈ ਪ੍ਰਸ਼ਨ ਹੀ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੁਲੀਸ ਨੇ ਹੁਣ ਤਕ ਮ਼ਨਬੀਰ ਸਿੰਘ ਦੇ ਗਰੋਹ ਦੇ 38 ਮੈਂਬਰਾਂ ਨੂੰ ਕਾਬੂ ਕਰ ਲਿਆ ਹੈ। ਇਸੇ ਪ੍ਰਕਾਰ ਪੁਲੀਸ ਨੇ ਹੁਣ ਤਕ ਦੂਸਰੀ ਸ਼੍ਰੇਣੀ ਦੇ 115 ਦਹਿਸ਼ਤਪਸੰਦਾਂ ਨੂੰ ਗ੍ਰਿਫਤਾਰ ਕਰਨ ਵਿਚ ਕਾਮਯਾਬੀ ਹਾਸਲ ਕੀਤੀ ਹੈ।

ਸ੍ਰੀ ਰਿਬੇਰੋ ਨੇ ਹਿਸ ਗੱਲ ਨੂੰ ਗਲਤ ਦੱਸਿਆ ਕਿ ਪੁਲੀਸ ਵਲੋਂ ਬੇਗੁਨਾਹ ਵਿਅਕਤੀਆਂ ਦਾ ਵੀ ਸਫਾਇਆ ਕੀਤਾ ਜਾ ਰਿਹਾ ਹੈ ਪ੍ਰੰਤੂ ਇਸ ਦੇ ਨਾਲ ਹੀ ਇਕ ਦਮ ਇਹ ਗੱਲ ਸਵੀਕਾਰ ਵੀ ਕੀਤੀ ਕਿ ਆਖਰ ਲੜਾਈ ਵਾਲੀ ਸਥਿਤੀ ਬਣੀ ਹੋਈ ਹੈ ਅਤੇ ਇਹ ਕੋਈ ਵੱਡੀ ਗੱਲ ਨਹੀਂ ਕਿ ਕੁਝ ਨਿਰਦੋਸ਼ ਵਿਅਕਤੀ ਵੀ ਮਾਰੇ ਗਏ ਹੋਣ।" ਇਹ ਪੁਛੇ ਜਾਣ 'ਤੇ ਕਿ ਪਾਕਿਸਤਾਨ ਨਾਲ ਲਗਦੇ ਸਰਹੱਦੀ ਇਲਾਕਿਆਂ ਅੰਦਰ 'ਸੁਰੱਖਿਆ ਬੈਲਟ' ਬਨਾਉਣ ਨਾਲ ਅਤਿਵਾਦੀਆਂ ਨੂੰ ਚੈਕ ਕਰਨ ਦੇ ਸਿਲਸਿਲੇ ਵਿਚ ਕਿੰਨੀ ਕੁ ਮਦਦ ਮਿਲੇਗੀ - ਉਨ੍ਹਾਂ ਨੇ ਜਵਾਬ ਦਿਤਾ ਕਿ ਉਨ੍ਹਾਂ ਨੇ ਇਸ ਸਬੰਧ ਵਿਚ ਆਏ ਆਪਣੇ ਵਿਚਾਰਾਂ ਤੋਂ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੂੰ ਭਲੀਭਾਂਤ ਜਾਣੂ ਕਰਵਾ ਦਿੱਤਾ ਹੈ।

ਬਰਨਾਲਾ ਨੇ ਵਿਰੋਧੀ ਧਿਰ ਦੀ ਮਦਦ ਮੰਗੀ

ਨਵੀਂ ਦਿੱਲੀ — ਪੰਜਾਬ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਸੰਵਿਧਾਨ ਦੀ ਧਾਰਾ 249 ਅਧੀਨ ਸਰਹੱਦੀ ਪੱਟੀ ਕਾਇਮ ਕਰਨ ਦੀ ਕੇਂਦਰ ਦੀ ਡਟਵੇਂ ਵਿਰੋਧੀ ਲਈ ਵਿਰੋਧੀ ਧਿਰ ਦੀ ਮਦਦ ਮੰਗੀ ਹੈ। ਇਥੇ ਵਿਰੋਧੀ ਨੇਤਾਵਾਂ ਨਾਲ ਮੀਟਿੰਗ ਵਿਚ ਸ: ਬਰਨਾਲਾ ਨੇ ਕਿਹਾ ਕਿ ਉਹ ਸਰਹੱਦ ਨੂੰ ਪੂਰੀ ਤਰ੍ਹਾਂ ਸੀਲ ਕਰਨ ਦੇ ਹੱਕ ਵਿਚ ਹਨ ਅਤੇ ਅਜਿਹੇ ਹਰ ਕੇਂਦਰੀ ਯਤਨ ਦੀ ਹਮਾਇਤ ਕਰਦੇ ਹਨ, ਪਰ ਨਾਲ ਹੀ ਉਹ ਮਹਿਸੂਸ ਕਰਦੇ ਹਨ ਕਿ ਕੇਂਦਰ ਦੇ ਪ੍ਰਸ਼ਾਸਕੀ ਅਧਿਕਾਰ ਹੇਠਲੀ ਕਿਸੇ ਵਿਸ਼ੇਸ਼ ਸਰਹੱਦੀ ਪੱਟੀ ਦੀ ਸਥਾਪਨਾ ਸਮੱਸਿਆ ਦਾ ਸਹੀ ਹੱਲ ਨਹੀਂ ਅਤੇ ਇਹ ਸਮੱਸਿਆ ਸੁਲਝਾਉਣ ਦੀ ਬਜਾਏ ਨਵੀਆਂ ਪ੍ਰਬੰਧਕੀ ਗੁੰਝਲਾਂ ਪੈਦਾ ਕਰ ਸਕਦੀ ਹੈ। ਇਸ ਤੋਂ ਇਲਾਵਾ ਸਰਹੱਦੀ ਪੱਟੀ ਦੀ ਸਥਾਪਨਾ ਕਰਨ ਲਈ 70 ਹਜ਼ਾਰ ਤੋਂ ਵੱਧ ਕਿਸਾਨਾਂ ਨੂੰ ਸਰਹੱਦੀ ਇਲਾਕਿਆਂ ਵਿਚੋਂ ਉਠਾਉਣਾ ਪਵੇਗਾ ਅਤੇ ਉਨ੍ਹਾਂ ਦਾ ਪੁਨਰਵਾਸ ਹੋਰ ਵਧੇਰੇ ਸਮੱਸਿਆਵਾਂ ਪੈਦਾ ਕਰੇਗਾ।

ਮੀਟਿੰਗ ਵਿਚ ਭਾਜਪਾ ਦੇ ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ, ਜਨਤਾ ਪਾਰਟੀ ਦੇ ਐਮ. ਐਸ. ਗੁਰੂਪਦਸਵਾਮੀ ਤੇ ਜੈਪਾਲ ਰੈਡੀ, ਲੋਕ ਦਲ ਦੇ ਵੀਰੇਂਦਰ ਵਰਮਾ, ਸੀ. ਪੀ. ਐਮ ਦੇ ਦੀਪੇਨ ਘੋਸ਼ ਅਤੇ ਫਾਰਵਰਡ ਬਲਾਕ ਦੇ ਚਿੱਤਾ ਬਾਸੂ ਸ਼ਾਮਲ ਹੋਏ। ਇਹ ਲਗਪਗ ਇਹ ਘੰਟਾ ਚੱਲੀ।

ਮੁੱਖ ਮੰਤਰੀ ਨੇ ਦੱਸਿਆ ਕਿ ਕੇਂਦਰ ਨੇ ਸਰਹੱਦੀ ਪੱਟੀ ਦੀ ਸਕੀਮ ਤਿਆਰ ਕਰਨ ਤੋਂ ਪਹਿਲਾਂ ਰਾਜ ਸਰਕਾਰ ਨਾਲ ਸਲਾਹ ਮਸ਼ਵਰਾ ਕਰਨਾ ਵੀ ਵਾਜਬ ਨਹੀਂ ਸਮਝਿਆ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਅਤਿਵਾਦੀਆਂ ਦੀਆਂ ਗਤੀਵਿਧੀਆਂ ’ਤੇ ਕਾਬੂ ਪਾਉਣ ਲਈ ਹਰ ਸੰਭਵ ਕਾਰਵਾਈ ਕਰ ਰਹੀ ਹੈ। ਰਾਜ ਲਈ ਨੀਮ ਫੌਜੀ ਦਲਾਂ ਦੀਆਂ ਸੱਠ ਹੋਰ ਕੰਪਨੀਆਂ ਤਲਬ ਕੀਤੀਆਂ ਗਈਆਂ ਹਨ। ਮੁੱਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਨੇ ਸਰਹੱਦੀ ਚੌਂਕੀਆਂ ਦੀ ਗਿਣਤੀ ਵਧਾਉਣ ਦਾ ਸੁਝਾਅ ਦਿਤਾ ਸੀ। ਪਰ ਇਸ ਸੁਝਾਅ ਨੂੰ ਕੇਂਦਰ ਨੇ ਅਜੇ ਤੱਕ ਅਮਲੀ ਰੂਪ ਨਹੀਂ ਦਿਤਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਧਾਰਾ 249 ਲਾਗੂ ਕਰਨ ਦਾ ਡਟਵਾਂ ਵਿਰੋਧ ਕਰਨ ਦਾ ਫੈਸਲਾ ਪਹਿਲੋਂ ਹੀ ਕਰ ਲਿਆ ਸੀ। ਦਲ ਆਪਣੇ ਇਸ ਫੈਸਲੇ ਤੋਂ ਪਿਛੇ ਨਹੀਂ ਹਟੇਗਾ।

ਰਾਜੀਵ ਨੂੰ ਪੱਤਰ

ਪੰਜਾਬ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਇਕ ਪੱਤਰ ਲਿਖ ਕੇ ਧਾਰਾ 249 ਅਧੀਨ ਸਰਹੱਦੀ ਪੱਟੀ ਦੀ ਕੇਂਦਰੀ ਤਜਵੀਜ਼ ਸਬੰਧੀ ਰਾਜ ਸਰਕਾਰ ਦੇ ਇਤਰਾਜ਼ ਦਾ ਵੇਰਵਾ ਦਿਤਾ ਸੀ।

ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਸ. ਬਰਨਾਲਾ ਨੇ ਕਿਹਾ ਕਿ ਉਹ ਪੱਤਰ ਦੇ ਵੇਰਵੇ ਨਹੀਂ ਦੱਸ ਸਕਦੇ। ਉਨ੍ਹਾਂ ਦੱਸਿਆ ਕਿ ਰਾਜ ਸਰਕਾਰ ਦੀ ਫਿਰੋਜ਼ਪੁਰ ਜ਼ਿਲੇ ਵਿਚ ਵੀ ਸੈਕਟਰ ਸਕੀਮ ਲਾਗੂ ਕਰਨ ਦੀ ਯੋਜਨਾ ਹੈ। ਇਹ ਪੁੱਛੇ ਜਾਣ ’ਤੇ ਕਿ ਕੇਂਦਰ ਸਰਕਾਰ ਨੂੰ ਸ. ਬਾਦਲ ਤੇ ਸ. ਟੌਹੜਾ ਨੂੰ ਗ੍ਰਿਫਤਾਰ ਕਰਨ ਦੀ ਸਲਾਹ ਕੀ ਉਨ੍ਹਾਂ ਨੇ ਦਿੱਤੀ, ਸ. ਬਰਨਾਲਾ ਦਾ ਜਵਾਬ ਸੀ: “ਮੈਨੂੰ ਕੀ ਲੋੜ ਪਈ ਹੈ? ਜੇਕਰ ਮੇਰੀ ਉਨ੍ਹਾਂ ਨੂੰ ਗ੍ਰਿਫਤਾਰ ਕਰਵਾਉਣ ਦੀ ਸਲਾਹ ਹੁੰਦੀ ਤਾਂ ਮੈਂ ਪੰਜਾਬ ਵਿਚ ਹੀ ਅਜਿਹਾ ਕਰ ਸਕਦਾ ਸੀ। ਜਿਥੋਂ ਤੱਕ ਗ੍ਰਿਫਤਾਰੀਆਂ ਦਾ ਸਵਾਲ ਹੈ, ਇਨ੍ਹਾਂ ਨਾਲ ਦੋਹਾਂ ਨੇਤਾਵਾਂ ਨੂੰ ਸਿਆਸੀ ਲਾਭ ਹੀ ਹੋਵੇਗਾ, ਨੁਕਸਾਨ ਨਹੀਂ।”

ਇਸੇ ਦੌਰਾਨ ਫਤਹਿਬਾਦ ਤੋਂ ਆਏ ਹਿੰਦੂ ਪਰਿਵਾਰਾਂ ਦਾ ਇਕ ਵਫਦ ਪੰਜਾਬ ਭਵਨ ਵਿਚ ਸ. ਬਰਨਾਲਾ ਨੂੰ ਮਿਲਿਆ।

ਸਰਹੱਦੀ ਇਲਾਕਿਆਂ ’ਚ ਫਿਰਨ ’ਤੇ ਪਾਬੰਦੀ

ਜੰਮੂ — ਰਿਆਸਤ ਜੰਮੂ-ਕਸ਼ਮੀਰ ਵਿਚ ਜੰਮੂ ਤੇ ਕਠੂਆ ਜ਼ਿਲਿਆਂ ਦੇ ਸਰਹੱਦੀ ਇਲਾਕਿਆਂ ਵਿਚ ਰਾਤ ਦੇ ਸਮੇਂ ਫਿਰਨ-ਤੁਰਨ ਦੀ ਪਾਬੰਦੀ ਲਗਾ ਦਿਤੀ ਗਈ ਹੈ। ਇਕ ਸਰਕਾਰੀ ਤਰਜਮਾਨ ਅਨੁਸਾਰ ਦਫਾ 144 ਅਧੀਨ ਲਗਾਈਆਂ ਗਈਆਂ ਪਾਬੰਦੀਆਂ ਇਕ ਮਹੀਨੇ ਲਈ ਹੋਣਗੀਆਂ। ਇਹ ਕਦਮ ਸਰਹੱਦ ਨੂੰ ਮਜ਼ਬੂਤ ਬਨਾਉਣ ਲਈ ਚੁੱਕਿਆ ਗਿਆ ਹੈ।

ਪੰਜਾਬ ਸਮਝੌਤਾ ਲਾਗੂ ਨਾ ਹੋਣ ਕਾਰਨ ਹਰਿਆਣਾ ਦੇ ਸਿੰਘਾਂ ਨੂੰ ਭਾਰੀ ਨਿਰਾਸ਼ਾ

ਮੰਡੀ ਡਬਵਾਲੀ — ਹਰਿਆਣਾ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਨਾਜ਼ਰ ਸਿੰਘ ਮਸੀਤਾਂ ਅਤੇ ਅਕਾਲੀ ਦਲ ਯੂਥ ਵਿੰਗ ਜ਼ਿਲਾ ਸਿਰਸਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਮਾਨ ਨੇ ਇਕ ਸਾਂਝੇ ਬਿਆਨ ਵਿਚ ਦੋਸ਼ ਲਾਇਆ ਹੈ ਕਿ ਧਰਮ ਯੁੱਧ ਮੋਰਚੇ ਦੌਰਾਨ ਹਰਿਆਣਾ ਦੇ ਸਿੰਘਾਂ ਨੇ ਸਭ ਤੋਂ ਵੱਧ ਹਿਸਾ ਪਾਇਆ ਸੀ ਅਤੇ ਵੱਧ ਤੋਂ ਵੱਧ ਕੁਰਬਾਨੀਆਂ ਵੀ ਕੀਤੀਆਂ ਸਨ। ਉਦੋਂ ਸਵਰਗਵਾਸੀ ਸੰਤ ਹਰਚੰਦ ਸਿੰਘ ਨੇ ਹਰਿਆਣਾ ਦੇ ਸਿੰਘਾਂ ਨਾਲ ਇਹ ਵਾਇਦਾ ਕੀਤਾ ਸੀ ਕਿ ਹਰਿਆਣਾ ਦੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਕਰਵਾਏ ਬਿਨਾਂ ਕੇਂਦਰ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਪੰਜਾਬ ਸਮਝੌਤੇ ਵਿਚ ਪੰਜਾਬੀ ਬੋਲਦੇ ਹਰਿਆਣਾ ਦੇ ਇਲਾਕੇ ਪੰਜਾਬ ਸ਼ਾਮਿਲ ਕਰਨ ਸਬੰਧੀ ਵੀ ਸਮਝੌਤਾ ਹੋਇਆ ਪਰ ਮੌਜੂਦਾ ਅਕਾਲੀ ਸਰਕਾਰ ਸਿਰਫ ਆਪਣੀ ਕੁਰਸੀ ਸੰਭਾਲਣ ਵਿਚ ਲਗੀ ਹੋਈ ਹੈ। ਮੌਜੂਦਾ ਬਰਨਾਲਾ ਸਰਕਾਰ ਨੇ ਪੰਜਾਬ ਸਮਝੌਤਾ ਲਾਗੂ ਕਰਵਾਉਣ ਅਤੇ ਹਰਿਆਣਾ ਦੇ 800 ਪੰਜਾਬੀ ਬੋਲਦੇ ਪਿੰਡ ਪੰਜਾਬ ਵਿਚ ਸ਼ਾਮਿਲ ਕਰਉਣ ਲਈ ਕਦੇ ਕੋਈ ਕਦਮ ਨਹੀਂ ਚੁਕਿਆ। ਜਥੇਦਾਰ ਨਾਜਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਮੁਖ ਮੰਤਰੀ ਜਿੰਨੀ ਵਾਰ ਵੀ ਦਿੱਲੀ ਜਾਂਦੇ ਹਨ ਹੋਰ ਪੁਲਿਸ ਫੋਰਸ ਜ਼ਰੂਰ ਮੰਗਦੇ ਹਨ ਪਰ ਸਮਝੌਤਾ ਲਾਗੂ ਕਰਨ ਲਈ ਕਦੇ ਮੰਗ ਨਹੀਂ ਕੀਤੀ ਜਿਸ ਕਰਕੇ ਹਰਿਆਣਾ ਦੇ ਸਿੰਘਾਂ ਵਿਚ ਪੰਜਾਬ ਦੀ ਅਕਾਲੀ ਵਜ਼ਾਰਤ ਬਾਰੇ ਭਾਰੀ ਦੁਖ ਅਤੇ ਗੁਸਾ ਪਾਇਆ ਜਾਂਦਾ ਹੈ। ਇਹਨਾਂ ਨੇਤਾਵਾਂ ਨੇ ਇਹ ਵੀ ਦੋਸ਼ ਲਾਇਆ ਕਿ ਹਜ਼ਾਰਾਂ ਸਿੰਘ ਸ਼ਹੀਦ ਅਤੇ ਲਖਾਂ ਸਿੰਘਾਂ ਦੇ ਜੇਲ੍ਹ ਜਾਣ ਤੋਂ ਬਾਅਦ ਪੰਜਾਬ ਸਮਝੌਤਾ ਵਜੂਦ ਵਿਚ ਆਇਆ ਸੀ ਪਰ ਹੁਣ ਇਕ ਸਾਲ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਵੀ ਬਰਨਾਲਾ ਸਰਕਾਰ ਪੰਜਾਬ ਸਮਝੌਤਾ ਲਾਗੂ ਕਰਵਾਉਣ ਵਿਚ ਅਸਫਲ ਰਹੀ ਹੈ। ਚੰਡੀਗੜ੍ਹ ਜੋ ਕਿ 26 ਜਨਵਰੀ ਨੂੰ ਪੰਜਾਬ ਵਿਚ ਸ਼ਾਮਿਲ ਕੀਤਾ ਜਾਣ ਵਾਲਾ ਸੀ ਅਜੇ ਤੱਕ ਪੰਜਾਬ ਨੂੰ ਨਹੀਂ ਮਿਲਿਆ। ਹਰਿਆਣਾ ਦੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਕਰਨਾ ਤਾਂ ਦੂਰ ਅਜੇ ਤੱਕ ਇਸ ਸਬੰਧੀ ਕਮਿਸ਼ਨ ਵੀ ਨਹੀਂ ਬਣਾਇਆ ਗਿਆ। ਜੇਲ੍ਹਾਂ ਵਿਚ ਬੰਦ ਬੇਕਸੂਰ ਨੌਜਵਾਨਾਂ ਨੂੰ ਅਜੇ ਤੱਕ ਰਿਹਾਅ ਨਹੀਂ ਕੀਤਾ ਗਿਆ। ਆਪਰੇਸ਼ਨ ਬਲਿਊ ਸਟਾਰ ਸਮੇਂ ਬੈਰਕਾਂ ਛੱਡਣ ਵਾਲੇ ਫੌਜੀ ਜਵਾਨਾਂ ਨਾਲ ਨਰਮੀ ਵਾਲਾ ਵਰਤਾਉ ਕਰਨ ਦੀ ਬਜਾਏ ਉਹਨਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ। ਅਕਤੂਬਰ 1984 ਵਿਚ ਹੋਏ ਦਿੱਲੀ ਅਤੇ ਕਾਨ੍ਹਪੁਰ ਦੰਗਿਆਂ ਦੀ ਜਾਂਚ ਕਰਵਾਕੇ ਅਜੇ ਤਕ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਦਿਤੀਆਂ ਗਈਆਂ ਅਤੇ ਹੁਣ ਤੱਕ ਨਾ ਹੀ ਆਨੰਦਪੁਰ ਸਾਹਿਬ ਪ੍ਰਸਤਾਵ ਮੰਨਿਆ ਗਿਆ ਹੈ। ਜਥੇਦਾਰ ਮਸੀਤਾਂ ਅਤੇ ਭਾਈ ਰਣਜੀਤ ਸਿੰਘ ਮਾਨ ਨੇ ਮੰਗ ਕੀਤੀ ਕਿ ਪੰਜਾਬ ਵਿਚ ਅਮਨ-ਸ਼ਾਂਤੀ ਅਤੇ ਫਿਰਕੂ ਏਕਤਾ ਬਣਾਈ ਰਖਣ ਲਈ ਜ਼ਰੂਰੀ ਹੈ ਕਿ ਪੰਜਾਬ ਸਮਝੌਤਾ ਤੁਰੰਤ ਲਾਗੂ ਕੀਤਾ ਜਾਵੇ, ਪੰਜਾਬ ਵਿਚ ਝੂਠੇ ਪੁਲਸ ਮੁਕਾਬਲੇ ਬੰਦ ਕਰਕੇ ਬੇਦੋਸ਼ੇ ਨੌਜਵਾਨਾਂ ਤੇ ਜ਼ੁਲਮ ਅਤੇ ਤਸ਼ੱਦਦ ਬੰਦ ਕੀਤਾ ਜਾਏ।

ਪੰਜਾਬ, ਰਾਜਸਥਾਨ ’ਚ ਇਕ ਸ਼ੱਕੀ ਸਣੇ 20 ਸ਼ਰਾਰਤੀ ਬੀ. ਐਸ. ਐਫ. ਨੇ ਮਾਰੇ

ਨਵੀਂ ਦਿੱਲੀ — ਇਥੇ ਪ੍ਰਾਪਤ ਖਬਰਾਂ ਅਨੁਸਾਰ ਇਕ ਨਾਮੀ ਕਥਿਤ ਦਹਿਸ਼ਤਗਰਦ ਸਤਨਾਮ ਸਿੰਘ ਬੀ. ਐਸ. ਐਫ. ਨਾਲ ਹੋਏ ਮੁਕਾਬਲੇ ਵਿਚ ਮਾਰਿਆ ਗਿਆ। ਦਸਿਆ ਜਾਂਦਾ ਹੈ ਕਿ ਉਹ ਪਾਕਿਸਤਾਨ ਤੋਂ ਭਿਖੀਵਿੰਡ ਰਾਹੀਂ ਭਾਰਤ ਵਿਚ ਦਾਖਲ ਹੋਣ ਦਾ ਯਤਨ ਕਰ ਰਿਹਾ ਸੀ ਕਿ ਬੀ. ਐਸ. ਐਫ. ਨੇ ਲਾਲਕਾਰਿਆ ਜਿਸ ਤੇ ਦੋਵਾਂ ਪਾਸਿਆਂ ਤੋਂ ਫਾਇਰਿੰਗ ਸ਼ੁਰੂ ਹੋ ਗਈ। ਸਿੱਟੇ ਵਜੋਂ ਸਤਨਾਮ ਸਿੰਘ ਮਾਰਿਆ ਗਿਆ। ਬੀ. ਐਸ. ਐਫ. ਦੇ ਇਕ ਬੁਲਾਰੇ ਨੇ ਦੱਸਿਆ ਕਿ ਪਿਛਲੇ ਚਾਰ ਦਿਨਾਂ ਦੇ ਦੌਰਾਨ ਪੰਜਾਬ ਅਤੇ ਰਾਜਸਥਾਨ ਦੇ ਖੇਤਰਾਂ ਵਿਚ ਹੋਰ ਵੀਹ ਸ਼ਰਾਰਤੀ ਲੋਕ ਬੀ. ਐਸ. ਐਫ. ਹੱਥੋਂ ਮਾਰੇ ਗਏ। ਇਕ ਸਰਕਾਰੀ ਐਲਾਨ ਵਿਚ ਦੱਸਿਆ ਗਿਆ ਹੈ ਕਿ ਬੀਤੇ ਦਿਨ ਰਾਜਸਥਾਨ ਦੇ ਖੇਤਰ ਰਾਏ ਸਿੰਘ ਨਗਰ ਵਿਚ ਬੀ. ਐਸ. ਐਫ. ਦੀ ਗਸ਼ਤੀ ਪਾਰਟੀ ਨੇ ਇਕ ਇਕ ਕਿਲੋਗਰਾਮ ਹਸ਼ੀਸ਼ ਵਾਲੇ ਥੈਲੇ ਜ਼ਮੀਨ ਵਿਚ ਦੱਬੇ ਬਰਾਮਦ ਕੀਤੇ। ਇਸਦਾ ਮੁੱਲ 2.30 ਕਰੋੜ ਰੁਪੈ ਬਣਦਾ ਹੈ। ਬੁਲਾਰੇ ਨੇ ਦੱਸਿਆ ਕਿ ਕਰਨਗੜ੍ਹ ਖੇਤਰ ਵਿਚ ਅੱਠ ਘੁਸਪੈਠੀਏ ਅਤੇ ਖੇਮਕਰਨ ਸੈਕਟਰ ਵਿਚ ਪੰਜ ਹੋਰ ਸ਼ਰਾਰਤੀ ਬੀ. ਐਸ.

ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਦਿਓ — ਮਾਸਟਰ ਦਲ ਦੀ ਮੰਗ

ਜਲੰਧਰ — ਮਾਸਟਰ ਅਕਾਲੀ ਦਲ ਦੇ ਨੇਤਾਵਾਂ ਜਥੇਦਾਰ ਮੋਹਨ ਸਿੰਘ ਸ: ਅਮਰੀਕ ਸਿੰਘ ਤੇ ਗਿਆਨੀ ਗੁਰਬਚਨ ਸਿੰਘ ਖੇੜਾ ਨੇ ਅਕਾਲੀ ਨੇਤਾਵਾਂ ਸ: ਪ੍ਰਕਾਸ਼ ਸਿੰਘ ਬਾਦਲ ਤੇ ਸ: ਗੁਰਚਰਨ ਸਿੰਘ ਟੌਹੜਾ ਦੀ ਦਿੱਲੀ ਵਿਚ ਕੀਤੀ ਗਈ ਗ੍ਰਿਫਤਾਰੀ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ। ਉਹਨਾ ਕਿਹਾ ਕਿ ਲੋਕ ਰਾਜ ਵਿਚ ਨਾਦਰਸ਼ਾਹੀ ਕਾਰਵਾਈਆਂ ਸੋਭਾ ਨਹੀਂ ਦਿੰਦੀਆਂ। ਉਹਨਾ ਦਿੱਲੀ ਦੇ ਹੁਣੇ ਜਿਹੇ ਹੋਏ ਦੰਗਿਆਂ ਦੀ ਵੀ ਨਿਖੇਧੀ ਕੀਤੀ ਤੇ ਕਿਹਾ ਕਿ ਨਵੰਬਰ 1984 ਤੇ ਹੁਣ ਦੇ ਦੰਗੇ ਜਿਹਨਾਂ ਲੋਕਾਂ ਨੇ ਕੀਤੇ ਜਾਂ ਕਰਾਏ, ਨੂੰ ਗ੍ਰਿਫਤਾਰ ਕਰਕੇ ਉਹਨਾਂ ਨੂੰ ਸਖਤ ਸਜ਼ਾਵਾਂ ਦਿਤੀਆਂ ਜਾਣ ਤੇ ਸਿਖਾਂ ਨੂੰ ਸੌ ਫੀਸਦੀ ਹੋਏ ਮਾਲੀ ਨੁਕਸਾਨ ਦਾ ਮੁਆਵਜ਼ਾ ਦਿਤਾ ਜਾਏ ਤੇ ਮ੍ਰਿਤਕ ਸਿੱਖਾਂ ਦੇ ਪਰਿਵਾਰਾਂ ਨੂੰ ਇਕ ਇਕ ਲੱਖ ਰੁਪੈ ਦਾ ਮੁਆਵਾਜ਼ਾ ਦਿਤਾ ਜਾਏ।

ਸੁਰੱਖਿਆ ਪੱਟੀ ਤੋਂ ਸਿਖਾਂ ਨੂੰ ਭਾਰੀ ਖਤਰਾ — ਭੱਟੀ

ਅੰਮ੍ਰਿਤਸਰ — ਜ਼ਿਲਾ ਅਕਾਲੀ ਜਥਾ ਸ਼ਹਿਰੀ ਅੰਮ੍ਰਿਤਸਰ ਦੇ ਪ੍ਰਧਾਨ ਜ: ਪ੍ਰੀਤਮ ਸਿੰਘ ਭੱਟੀ ਨੇ ਇਕ ਬਿਆਨ ਰਾਹੀਂ ਕੇਂਦਰ ਸਰਕਾਰ ਵਲੋਂ ਪੰਜਾਬ ਦੀ ਸਰਹੱਦ ਤੇ ਸੁਰੱਖਿਆ ਪੱਟੀ ਬਨਾਉਣ ਨੂੰ ਕੇਂਦਰ ਦੀ ਕੂਟਨੀਤੀ ਦੱਸਿਆ ਹੈ ਕਿ ਜੋ ਕਿ ਪੰਜਾਬ ਦੇ ਸਿੱਖਾਂ ਲਈ ਬੜੀ ਮਾਰੂ ਗੱਲ ਹੈ ਤੇ ਸਿੱਖਾਂ ਨੂੰ ਇਸ ਪੱਟੀ ਤੋਂ ਬੜਾ ਖਤਰਾ ਪੈਦਾ ਹੋ ਗਿਆ ਹੈ। ਜ: ਭੱਟੀ ਨੇ ਬਰਨਾਲਾ ਸਰਕਾਰ ਨੂੰ ਕਿਹਾ ਕਿ ਉਹ ਇਸ ਪੱਟੀ ਨੂੰ ਕਦਾਚਿਤ ਪ੍ਰਵਾਨ ਨਾ ਕਰਨ। ਜੇਕਰ ਸੈਂਟਰ ਸਰਕਾਰ ਇਸ ਤੋਂ ਬਾਜ਼ ਨਾ ਆਈ ਤਾਂ ਬਰਨਾਲਾ ਸਰਕਾਰ ਤੁਰੰਤ ਅਸਤੀਫਾ ਦੇਵੇ ਕਿਉਂਕਿ ਇਹ ਬਰਨਾਲਾ ਸਰਕਾਰ ਦੇ ਮੱਥੇ ਤੇ ਦੂਜਾ ਕਲੰਕ ਹੋਵੇਗਾ। ਜ: ਭੱਟੀ ਨੇ ਕਿਹਾ ਹੈ ਕਿ ਪੰਜਾਬ ਵਿਚ ਕੋਈ ਅਫਸਰ ਕਿਸੇ ਵਜ਼ੀਰ ਦਾ ਕਹਿਣਾ ਨਹੀਂ ਮੰਨਦਾ ਸਗੋਂ ਵਜ਼ੀਰਾਂ ਦੇ ਲਿਖੇ ਹੁਕਮਾਂ ਦੀਆਂ ਧੱਜੀਆਂ ਉਡਾਕੇ ਮਖੌਲ ਕਰਦੇ ਹਨ ਤੇ ਲੋਕ ਵਜ਼ੀਰਾਂ ਪਾਸ ਜਾ - ਜਾ ਕੇ ਪਰੇਸ਼ਾਨ ਹੋ ਕੇ ਨਿਰਾਸ਼ ਘਰਾਂ ਵਿਚ ਬੈਠ ਜਾਂਦੇ ਹਨ।

ਚੰਡੀਗੜ੍ਹ ’ਚ ਵਿਖਾਵਾ 22 ਨੂੰ

ਬੁਢਲਾਡਾ — ਇੰਟਰਨੈਸ਼ਨਲ ਡੈਮੋਕਰੈਟਿਕ ਪਾਰਟੀ ਦੇ ਆਗੂ ਗੁਰਮੇਲ ਸਿੰਘ ਨੂੰ ਦੱਸਿਆ ਕਿ ਚਾਰ ਮੰਗਾਂ ਦੇ ਸਬੰਧ ਵਿਚ ਚੰਡੀਗੜ੍ਹ ਵਿਖੇ 22 ਅਗਸਤ ਨੂੰ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਮੰਗਾਂ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਕੀਤਾ ਜਾਵੇ, ਸਿਆਸੀ ਕੈਦੀ ਰਿਹਾਅ ਕੀਤੇ ਜਾਣ, ਭਗੌੜੇ ਫੌਜੀਆਂ ਨੂੰ ਵਾਪਿਸ ਨੌਕਰੀ ਤੇ ਲਿਆ ਜਾਵੇ, ਅਕਾਲੀਆਂ ਦੇ ਸਾਰੇ ਵਿੰਗਾਂ ਨਾਲ ਗੋਲਮੇਜ਼ ਕਾਨਫਰੰਸ ਕੀਤੀ ਜਾਵੇ ਜੋ ਕਿ ਪੰਜਾਬ ਮਸਲਾ ਹੱਲ ਕਰਨ ਵਿਚ ਸਹਾਈ ਹੋਵੇਗਾ

---

* ਕਵੀ ਸੰਮੇਲਨ ਦੀ ਪ੍ਰਧਾਨਗੀ ਕਰ ਰਹੇ ਇਕ ਕੂੜਪਤੀ ਨੇ ਜਦੋਂ ਆਪਣੀ ਨਜ਼ਮ ਸੁਣਾਉਣੀ ਸ਼ੁਰੂ ਕੀਤੀ ਤਾਂ ਸੁਰਜੀਤ ਪਾਤਰ ਇਕ ਦੋਸਤ ਦੇ ਕੰਨ ਵਿਚ ਕਹਿਣ ਲੱਗਾ, ‘ਯਾਰ ਪਿਛਲੇ ਮਹੀਨੇ ਪ੍ਰੀਤਲੜੀ ਵਿਚ ਛਪੀ ਸੀ।’

‘ਬਾਈ ਸਿਹਾਂ ਚੁੱਪ ਕਰਕੇ ਬੈਠਾ ਰਹੁ। ਨਹੀਂ ਤਾਂ ਸੇਵਾਫਲ ਦੁਆਨੀ ਨਹੀਂ ਮਿਲਣੀ।’ ਦੋਸਤ ਨੇ ਹੌਲੀ ਦੇਣੀ ਜੁਆਬ ਦਿੱਤਾ।

ਫੈਡਰੇਸ਼ਨ ਵਲੋਂ 27 ਨੂੰ ਵਿਦਿਅਕ ਅਦਾਰਿਆਂ 'ਚ ਹੜਤਾਲ ਦਾ ਸੱਦਾ

ਜਲੰਧਰ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ 27 ਅਗਸਤ ਨੂੰ ਪੰਜਾਬ ਅਤੇ ਚੰਡੀਗੜ੍ਹ ਦੇ ਸਾਰੇ ਵਿਦਿਅਕ ਅਦਾਰਿਆਂ ਵਿਚ ਮੁਕੰਮਲ ਹੜਤਾਲ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ (ਭਾਈ ਮਨਜੀਤ ਸਿੰਘ) ਦੀ ਪ੍ਰੀਜ਼ੀਡੀਅਮ ਦੇ ਮੈਂਬਰ ਸੁਖਵੰਤ ਸਿੰਘ ਐੱਕਾਂਵਾਲੀ ਅਤੇ ਆਫਿਸ ਸਕੱਤਰ ਸਤਵਿੰਦਰ ਸਿੰਘ ਭੋਲਾ ਨੇ ਇਥੇ ਇਕ ਪ੍ਰੈਸ ਕਾਨਫਰੰਸ ਵਿਚ ਦਿੱਤੀ। ਉਹਨਾਂ ਦੱਸਿਆ ਕਿ ਇਹ ਹੜਤਾਲ ਸ਼ਰਕਾਰ ਵੱਲੋਂ ਸਕੂਲਾਂ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਦੀਆਂ ਫੀਸਾਂ ਵਿਚ ਕੀਤੇ ਭਾਰੀ ਵਾਧੇ ਵਿਰੁੱਧ, ਫਿਰਕੂ ਅਧਾਰ ਤੇ ਕਾਲਜਾਂ ਵਿਚ ਸਿੱਖ ਵਿਦਿਆਰਥੀਆਂ ਨੂੰ ਦਾਖਲੇ ਨਾ ਦੇਣ, ਪੁਲਸ ਵਲੋਂ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਸਿੱਖ ਵਿਦਿਆਰਥੀਆਂ ਦੀ ਬਲੈਕ ਲਿਸਟ ਦੇਣ ਅਤੇ ਵੱਖ ਵੱਖ ਜੇਲ੍ਹਾਂ ਵਿਚ ਸਿੱਖ ਨੌਜਵਾਨਾਂ ਨਾਲ ਹੋ ਰਹੇ ਕਥਿਤ ਅਣਮਨੁੱਖੀ ਵਤੀਰੇ ਵਿਰੁੱਧ ਕੀਤੀ ਜਾ ਰਹੀ ਹੈ ਇਕ ਸਵਾਲ ਦੇ ਉਤਰ ਵਿਚ ਉਨ੍ਹਾਂ ਕਿਹਾ ਕਿ ਫੈਡਰੇਸ਼ਨ ਦੇ 1000 ਵਰਕਰਾਂ ਨੂੰ ਐਤਕਾਂ ਪੰਜਾਬ ਦੇ ਕਾਲਜਾਂ ਵਿਚ ਦਾਖਲ ਨਹੀਂ ਕੀਤਾ ਗਿਆ ਜਿਸ ਕਰਕੇ ਵਿਦਿਆਰਥੀ ਵਰਗ ਵਿਚ ਭਾਰੀ ਰੋਸ ਹੈ। ਉਹਨਾਂ ਨੇ ਗੋਰਖਾਲੈਂਡ ਲਿਬਰੇਸ਼ਨ ਫਰੰਟ ਦੀ ਹਮਾਇਤ ਕਰਨ ਦਾ ਐਲਾਨ ਵੀ ਕੀਤਾ ਹੈ। ਸੰਵਿਧਾਨ ਦੀ ਧਾਰਾ 249 ਲਾਗੂ ਕਰਨ ਦੀ ਕੇਂਦਰ ਦੀ ਤਜਵੀਜ਼ ਦੀ ਸਖਤ ਨਿੰਦਾ ਕੀਤੀ ਗਈ ਹੈ ਅਤੇ ਇਸ ਨੂੰ ਪੰਜਾਬ ਤੇ ਹੱਕਾਂ ਤੇ ਛਾਪਾ ਦਸਿਆ ਗਿਆ। ਫੈਡਰੇਸ਼ਨ ਨੇਤਾਵਾਂ ਨੇ ਹੋਰ ਕਿਹਾ ਕਿ ਕੇਂਦਰ ਸਰਕਾਰ ਨੂੰ ਭਾਈ ਮਨਜੀਤ ਸਿੰਘ, ਸ. ਸਿਮਰਨਜੀਤ ਸਿੰਘ ਮਾਨ, ਸ. ਹਰਮਿੰਦਰ ਸਿੰਘ ਸੰਧੂ ਅਤੇ ਭਾਈ ਜਸਬੀਰ ਸਿੰਘ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕਰਕੇ ਇਨ੍ਹਾਂ ਆਗੂਆਂ ਨਾਲ ਹੀ ਗੱਲਬਾਤ ਕਰਨੀ ਚਾਹੀਦੀ ਹੈ। ਪੰਜਾਬ ਵਿਚ ਫੌਜ ਸੱਦਣ ਦੀ ਮੰਗ ਬਾਰੇ ਉਹਨਾਂ ਕਿਹਾ ਕਿ ਜੇ ਪੰਜਾਬ ਵਿਚ ਫੌਜ ਬੁਲਾਈ ਗਈ ਤਾਂ ਸਿੱਖਾਂ ਤੇ ਅਤਿਆਚਾਰ ਹੋਰ ਵਧੇਗਾ। ਉਹਨਾਂ ਨੇ ਦੇਸ਼ ਦੀਆਂ ਸਮੂਹ ਘੱਟ ਗਿਣਤੀਆਂ ਨੂੰ ਇਕ ਪਲੇਟ ਫਾਰਮ ਤੇ ਇਕੱਠੇ ਹੋਣ ਦੀ ਅਪੀਲ ਕੀਤੀ ਇਕ ਹੋਰ ਪ੍ਰਸ਼ਨ ਦੇ ਉਤਰ ਵਿਚ ਉਹਨਾਂ ਕਿਹਾ ਕਿ ਮਨਬੀਰ ਸਿੰਘ ਉਪਰ ਪੁਲਸ ਨੇ ਨਜਾਇਜ਼ ਅਸਲ੍ਹਾ ਪਾਇਆ ਹੈ। ਪੁਲਸ ਨੇ ਇਹੀ ਅਸਲਾ ਪਹਿਲਾਂ ਕਈ ਹੋਰ ਨੌਜਵਾਨਾਂ ਤੇ ਵੀ ਪਾ ਕੇ ਕੇਸ ਦਰਜ ਕੀਤੇ। ਉਹਨਾਂ ਕਿਹਾ ਕਿ ਸ. ਮਨਬੀਰ ਸਿੰਘ ਨੂੰ ਸਰੀਰਕ ਕਸ਼ਟ ਦਿਤੇ ਜਾ ਰਹੇ ਹਨ ਤੇ ਜੇ ਸਰੀਰਕ ਕਸ਼ਟ ਦੌਰਾਨ ਮਨਬੀਰ ਸਿੰਘ ਨੂੰ ਕੁਝ ਹੋ ਗਿਆ ਤਾਂ ਫੈਡਰੇਸ਼ਨ ਇਸ ਦਾ ਢੁਕਵਾਂ ਉਤਰ ਦੇਵੇਗੀ ਸ: ਸੁਖਬੀਰ ਸਿੰਘ ਖਾਲਸਾ ਅਤੇ ਸ: ਧਰਮਵੀਰ ਸਿੰਘ ਦੀ ਗ੍ਰਿਫਤਾਰੀ ਦੀ ਵੀ ਸਖਤ ਨਿੰਦਾ ਕੀਤੀ ਗਈ।

ਇੰਟਰਨੈਸ਼ਨਲ ਡੈਮੋਕ੍ਰੇਟਿਕ ਪਾਰਟੀ 22 ਤੋਂ ਮੋਰਚਾ ਸ਼ੁਰੂ ਕਰੇਗੀ

ਅਹਿਮਦਗੜ੍ਹ — ਇੰਟਰਨੈਸ਼ਨਲ ਡੈਮੋਕ੍ਰੇਟਿਕ ਪਾਰਟੀ ਵਲੋਂ ਪੰਜਾਬ ਮਸਲੇ ਨੂੰ ਹੱਲ ਕਰਨ ਲਈ ਕੇਂਦਰ ਸਰਕਾਰ ਉਪਰ ਦਬਾਓ ਪਾਉਣ ਵਾਸਤੇ 22 ਅਗਸਤ ਤੋਂ ਚੰਡੀਗੜ੍ਹ ਵਿਖੇ ਜਨਤਕ ਜਮਹੂਰੀ ਮੋਰਚਾ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਗੱਲ ਦਾ ਪ੍ਰਗਟਾਵਾ ਪਾਰਟੀ ਦੇ ਇਕ ਬੁਲਾਰੇ ਵਲੋਂ ਕੀਤਾ ਗਿਆ ਹੈ।

ਇਨ੍ਹਾਂ ਕਾਨਫਰੰਸਾਂ ਵਿਚ ਪਾਰਟੀ ਦੇ ਨੇਤਾਵਾਂ ਵਲੋਂ ਸਮੁੱਚੀ ਕੌਮਾਂਤਰੀ ਅਤੇ ਕੌਮੀ ਸਥਿਤੀ ਦੇ ਪ੍ਰਸੰਗ ਵਿਚ ਲੋਕਾਂ ਨੂੰ ਪੰਜਾਬ ਮਸਲੇ ਦੀ ਅਸਲ ਜੜ੍ਹ ਅਤੇ ਸਾਰ ਤੋਂ ਜਾਣੂੰ ਕਰਵਾਉਣ ਦਾ ਯਤਨ ਕੀਤਾ ਜਾਵੇਗਾ। ਪਾਰਟੀ ਬੁਲਾਰੇ ਨੇ ਿ ਵਿਸ਼ਵਾਸ਼ ਪ੍ਰਗਟ ਕੀਤਾ ਕਿ ਕੇਂਦਰੀ ਹਾਕਮ ਜੇਕਰ ਥੋੜ੍ਹਾ ਵੀ ਉਸਾਰੂ ਰਵੱਈਆ ਅਖਤਿਆਰ ਕਰਨ ਤਾਂ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਲਾਗੂ ਕਰ ਕੇ ਅਕਾਲੀ ਕੈਦੀਆਂ ਨੂੰ ਰਿਹਾਅ ਕਰਕੇ, ਭਗੌੜੇ ਫੌਜੀਆਂ ਨੂੰ ਬਹਾਲ ਕਰ ਕੇ ਅਤੇ ਸਿੱਖਾਂ ਦੇ ਸਾਰੇ ਵਰਗਾਂ ਤੇ ਫਿਰਕਿਆਂ ਦੇ ਨੁਮਾਇੰਦਿਆਂ ਦੀ ਸਾਂਝੀ ਕਾਨਫਰੰਸ ਬੁਲਾ ਕੇ ਸਹਿਜੇ ਹੀ ਪੰਜਾਬ ਮਸਲੇ ਨੂੰ ਹੱਲ ਕਰਨ ਦਾ ਰਸਤਾ ਅਖਤਿਆਰ ਕੀਤਾ ਜਾ ਸਕਦਾ ਹੈ।

ਅਖੀਰ ਵਿਚ ਪਾਰਟੀ ਨੇ ਪੰਜਾਬ ਦੀ ਮੌਜੂਦਾ ਸਥਿਤੀ 'ਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਪੰਜਾਬ ਅੰਦਰਲਾ ਮੌਜੂਦਾ ਫਿਰਕੂ ਤਣਾਓ ਆਮ ਤੌਰ ਤੇ ਅੰਤਰ ਰਾਸ਼ਟਰੀ ਫਿਰਕਾਪ੍ਰਸਤੀ ਨੂੰ ਇਸ ਸਮੇਂ ਦੋ ਮਹਾਂ ਸ਼ਕਤੀਆਂ (ਰੂਸ ਤੇ ਅਮਰੀਕਾ) ਤੇ ਉਨ੍ਹਾਂ ਦੇ ਜੋਟੀਦਾਰ ਵੱਖ ਵੱਖ ਥਾਵਾਂ 'ਤੇ ਲੋਕਾਂ ਅੰਦਰ ਫੁਟ ਪਾਉਣ ਤੇ ਉਨ੍ਹਾਂ ਨੂੰ ਆਪਸ ਵਿਚ ਲੜਾਉਣ ਲਈ ਵਰਤ ਰਹੇ ਹਨ। ਖਾਸ ਤੌਰ 'ਤੇ ਇਹ ਫਿਰਕਾਪ੍ਰਸਤੀ ਦੀ ਸਮੱਸਿਆ ਹੈ ਜੋ ਭਾਰਤ ਨੂੰ ਵਿਰਾਸਤ ਵਿਚ ਮਿਲੀ ਹੈ, ਜਿਸ ਨੂੰ 1947 ਤੋਂ ਪਹਿਲਾਂ ਅੰਗਰੇਜ਼ਾਂ ਨੇ ਤਿਆਰ ਕੀਤਾ ਸੀ। ਬਾਅਦ ਵਿਚ ਭਾਰਤੀ ਰਾਜ ਜੋ ਹਿੰਦੂ ਸ਼ਾਵਨਵਾਦ ਦੇ ਅਧਾਰ 'ਤੇ ਪ੍ਰਾਪਤ ਹੋਇਆ ਅਤੇ ਜਿਸ ਦੇ ਨਤੀਜੇ ਵਜੋਂ ਸਿੱਖਾਂ ਸਮੇਤ ਸਾਰੀਆਂ ਧਾਰਮਿਕ ਘੱਟ ਗਿਣਤੀਆਂ ਦੇ ਪ੍ਰਤੀ ਬੇਵਿਸ਼ਵਾਸੀ ਅਤੇ ਭੇਦ ਭਾਵ ਦੀ ਨੀਤੀ ਨੇ ਜਨਮ ਲਿਆ। ਸੋ ਪਾਰਟੀ ਨੇ ਰਾਜ ਵਿਚ ਵਸਣ ਵਾਲੇ ਸਮੂਹ ਧਰਮਾਂ ਅਤੇ ਫਿਰਕਿਆਂ ਦੇ ਮਿਹਨਤੀ ਲੋਕਾਂ ਨੂੰ ਫਿਰਕੂ ਵੰਡੀਆਂ ਤੋਂ ਉਪਰ ਉਠ ਕੇ ਗਲਤ ਨੀਤੀਆਂ ਰਾਹੀਂ ਦੇਸ਼ ਨੂੰ ਟੁਕੜੇ ਟੁਕੜੇ ਕਰਨ 'ਤੇ ਤੁਲੀਆਂ ਅਸਲ ਤਾਕਤਾਂ ਨੂੰ ਬੇਨਕਾਬ ਕਰਨ ਦਾ ਸੱਦਾ ਦਿੱਤਾ ਹੈ।

ਪੰਜਾਬ ਵਿਚ ਭਾਰੀ ਬਿਜਲੀ ਸੰਕਟ

ਪਟਿਆਲਾ — ਰੋਪੜ ਅਤੇ ਬਠਿੰਡਾ ਥਰਮਲ ਪਲਾਂਟ ਦੀ ਇਕ ਇਕ ਯੂਨਿਟ ਬੰਦ ਹੋਣ ਕਾਰਨ ਪੰਜਾਬ ਵਿਚ ਭਾਰੀ ਬਿਜਲੀ ਸੰਕਟ ਪੈਦਾ ਹੋ ਗਿਆ ਹੈ। ਇਸ ਕਾਰਨ ਰਾਜ ਭਰ ਵਿਚ ਸ਼ਹਿਰੀ ਬਿਜਲੀ ਸਪਲਾਈ ਉਤੇ ਤਿੰਨ ਘੰਟੇ ਲਈ ਕਟੌਤੀ ਲਾਗੂ ਕਰ ਦਿਤੀ ਗਈ ਹੈ। ਖੇਤੀ ਸੈਕਟਰ ਲਈ ਬਿਜਲੀ ਸਪਲਾਈ ਘਟਾ ਦਿਤੀ ਗਈ ਹੈ ਕਿ ਜਦ ਕਿ ਵੱਡੀਆਂ ਸਨਅਤਾਂ ਨੂੰ ਖਪਤ ਵਿਚ 50 ਪ੍ਰਤੀਸ਼ਤ ਕਟੌਤੀ ਕਰਨ ਦੀ ਹਦਾਇਤ ਕੀਤੀ ਗਈ ਹੈ। ਪੰਜਾਬ ਭਰ ਵਿਚ ਖੇਤੀ ਲਈ ਕੇਵਲ ਸੱਤ ਘੰਟੇ ਬਿਜਲੀ ਦਿਤੀ ਗਈ। ਝੋਨੇ ਦੀ ਫਸਲ ਲਈ ਵਧੇਰੇ ਪਾਣੀ ਦੀ ਲੋੜ ਹੈ। ਇਸ ਲਈ ਕਿਸਾਨ ਚਿੰਤਤ ਵਿਖਾਈ ਦੇ ਰਹੇ ਹਨ। ਬਠਿੰਡਾ ਥਰਮਲ ਪਲਾਂਟ ਦੀ ਚਾਰ ਨੰਬਰ ਯੂਨਿਟ ਪਿਛਲੇ ਤਿੰਨ ਮਹੀਨਿਆਂ ਤੋਂ ਪਹਿਲਾਂ ਹੀ ਬੰਦ ਹੈ ਪੰਜਾਬ ਰਾਜ ਬਿਜਲੀ ਬੋਰਡ ਨੇ ਇਸ ਯੂਨਿਟ ਵਿਚ ਪਏ ਨੁਕਸ ਦੀ ਜਾਂਚ ਕਰਨ ਲਈ ਹਰਿਆਣਾ ਬਿਜਲੀ ਬੋਰਡ ਦੇ ਸਾਬਕਾ ਚੇਅਰਮੈਨ ਸ੍ਰੀ ਐਲ. ਆਰ. ਸੂਰੀ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ ਹੈ। ਇਸ ਕਮੇਟੀ ਨੂੰ ਯੂਨਿਟ ਵਿਚ ਪਏ ਨੁਕਸ ਲਈ ਜ਼ਿੰਮੇਵਾਰੀ ਨਿਸਚਤ ਕਰਨ ਲਈ ਕਿਹਾ ਗਿਆ ਹੈ।

ਪੰਜਾਬ ਵਿਚ ਬਹੁਤ ਸਾਰੇ ਟਰਾਂਸਫਾਰਮਰ ਨੁਕਸਦਾਰ ਪਏ ਹਨ। ਇਨ੍ਹਾਂ ਨੂੰ ਬਦਲਣ ਵਿਚ ਚਾਰ ਹਫਤਿਆਂ ਤਕ ਦਾ ਸਮਾਂ ਲਗ ਰਿਹਾ ਹੈ। ਇਸ ਦੇਰੀ ਵਿਰੁਧ ਕਿਸਾਨਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਉਹ ਬਿਜਲੀ ਬੋਰਡ ਦੇ ਅਧਿਕਾਰੀਆਂ ਉਤੇ ਫਰਾਂਸਫਾਰਮਰ ਬਦਲਣ ਲਈ ਜ਼ੋਰ ਪਾ ਰਹੇ ਹਨ। ਬਿਜਲੀ ਬੋਰਡ ਦੀਆਂ ਕਈ ਵਰਕਸ਼ਾਪਾਂ ਵਿਚ ਫਰਾਂਸਫਾਰਮਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ ਪਰ ਕੰਮ ਦਾ ਭਾਰ ਵਧ ਜਾਣ ਕਾਰਨ ਇਨ੍ਹਾਂ ਦੀ ਮੁਰੰਮਤ ਵਿਚ ਦੇਰੀ ਹੋ ਰਹੀ ਹੈ।

ਦੱਖਣੀ ਅਫਰੀਕਾ ਤੇ ਛੇਤੀ ਦਬਾਅ ਪਾਇਆ ਜਾਏ — ਚੈਕ ਪ੍ਰਧਾਨ ਮੰਤਰੀ

ਪਰਾਗ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਮੈਕਸੀਕੋ ਤੋਂ ਭਾਰਤ ਵਾਪਸ ਆਉਂਦੇ ਥੋੜ੍ਹੀ ਦੇਰ ਲਈ ਇਥੇ ਰੁਕੇ ਅਤੇ ਚੈਕੋਸਲਵਾਕੀਆ ਦੇ ਪ੍ਰਧਾਨ ਮੰਤਰੀ ਸਟਰਗਲ ਨਾਲ ਛੇ ਦੇਸ਼ਾਂ ਦੀ ਚੋਟੀ ਕਾਨਫਰੰਸ ਅਤੇ ਲੰਡਨ ਦੇ ਛੋਟੇ ਰਾਸ਼ਟਰ ਮੰਡਲ ਸਿਖਰ ਸੰਮੇਲਨ ਬਾਰੇ ਜਾਣਕਾਰੀ ਦਿੱਤੀ। ਪ੍ਰਧਾਨ ਮੰਤਰੀ ਸ੍ਰੀ ਸਟਰਗੂਲ ਸ੍ਰੀ ਰਾਜੀਵ ਗਾਂਧੀ ਨਾਲ ਸਹਿਮਤ ਸਨ ਕਿ ਦੱਖਣੀ ਅਫਰੀਕਾ ਵਿਰੁਧ ਛੇਤੀ ਤੋਂ ਛੇਤੀ ਦਬਾਅ ਪਾ ਕੇ ਨਸਲਵਾਦ ਖਤਮ ਹੋ ਸਕੇ। ਕਿਤੇ ਅਜਿਹਾ ਨਾ ਹੋਵੇ ਕਿ ਸਥਿਤੀ ਕਾਬੂ ਤੋਂ ਬਾਹਰ ਹੋ ਜਾਏ। ਚੈਕੋਸਲਵਾਕੀਆ ਦੇ ਪ੍ਰਧਾਨ ਮੰਤਰੀ ਨੇ ਨਿਸ਼ਸ਼ਤ੍ਰੀਕਰਨ ਸਬੰਧੀ ਛੇ ਦੇਸ਼ਾਂ ਦੇ ਮੈਕਸੀਕੋ ਐਲਾਨਨਾਮੇ ਦਾ ਸਮਰਥਨ ਕੀਤਾ ਅਤੇ ਕਿਹਾ ਕਿ ਵਾਰਸਾ ਪੈਕਟ ਦੇਸ਼ਾਂ ਨੇ ਇਸ ਦੀ ਸ਼ਲਾਘਾ ਕੀਤੀ ਹੈ। ਇਨ੍ਹਾਂ ਦੇਸ਼ਾਂ ਨੇ ਪ੍ਰਮਾਣੂ ਹਥਿਆਰਾਂ ਦੇ ਖਾਤਮੇ ਲਈ ਯਤਨਾਂ ਦਾ ਵੀ ਸਮਰਥਨ ਕੀਤਾ। ਦੋਵੇਂ ਪ੍ਰਧਾਨ ਮੰਤਰੀਆਂ ਨੇ ਪਰਾਗ ਤੋਂ ਬਾਹਰ ਇਕ ਭਵਨ ਵਿਚ 85 ਮਿੰਟ ਗੱਲਬਾਤ ਕੀਤੀ। ਇਸ ਦੌਰਾਨ ਪ੍ਰਸਪਰ ਮਾਮਲਿਆਂ ਬਾਰੇ ਕੋਈ ਗੱਲਬਾਤ ਨਹੀਂ ਹੋਈ। ਬਦੇਸ਼ ਮੰਤਰੀ ਸ੍ਰੀ ਸ਼ਿਵ ਸ਼ੰਕਰ, ਸ. ਮਨਮੋਹਨ ਸਿੰਘ ਡਿਪਟੀ ਚੇਅਰਮੈਨ ਯੋਜਨਾ ਕਮਿਸ਼ਨ ਛੇਤੀ ਪਰਾਗ ਟਾ ਕੇ ਆਰਥਿਕ ਮਾਮਲਿਆਂ ਬਾਰੇ ਗੱਲਬਾਤ ਕਰਨਗੇ। ਸ੍ਰੀ ਰਾਜੀਵ ਨੇ ਸ੍ਰੀ ਸਟਰਾਗੁਲ ਨੂੰ ਦਸਿਆ ਕਿ ਨਸਲਵਾਦ ਦਾ ਮਾਮਲਾ ਧੜਿਆਂ ਤੋਂ ਨਿਰਲੇਪ ਗੁਟ ਦੇ ਹਰਾਰੇ ਸੰਮੇਲਨ ਵਿਚ ਵੀ ਵਿਚਾਰਿਆ ਜਾਏ।

ਉਹਨਾਂ ਇਹ ਵੀ ਕਿਹਾ ਕਿ ਦੱਖਣੀ ਅਫਰੀਕਾ ਵਿਰੁੱਧ ਪਾਬੰਦੀਆਂ ਲਗਾਣ ਤੋਂ ਮੋਹਰਲੀ ਕਤਾਰ ਦੇ ਪ੍ਰਭਾਵਿਤ ਹੋਣ ਵਾਲੇ ਅਫਰੀਕੀ ਦੇਸ਼ਾਂ ਦੀ ਸਹਾਇਤਾ ਲਈ ਵੀ ਕਦਮ ਚੁਕੇ ਜਾਣੇ ਚਾਹੀਦੇ ਹਨ। ਬਾਅਦ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਰਾਜੀਵ ਨੇ ਮੈਕਸੀਕੋ ਦੇ ਛੇ ਦੇਸ਼ੀ ਸੰਮੇਲਨ ਨੂੰ ਰਚਨਾਤਮਿਕ ਦਸਦਿਆਂ ਕਿਹਾ ਕਿ ਨਿਸ਼ਸ਼ਤਰੀਕਰਨ ਲਈ ਇਸ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ। ਉਹਨਾਂ ਕਿਹਾ ਕਿ ਜੇ ਅਸੀਂ ਪ੍ਰਮਾਣੂ ਹਥਿਆਰ ਖਤਮ ਕਰਨ ਦੇ ਯੋਗ ਨਾ ਹੋਏ ਤਾਂ ਸਭ ਤੋਂ ਵੱਡੀ ਸੰਭਾਵਨਾ ਇਹ ਹੈ ਕਿ ਪ੍ਰਮਾਣੂ ਹਥਿਆਰ ਸਾਨੂੰ ਖਤਮ ਕਰ ਦੇਣਗੇ। ਦੱਖਣੀ ਅਫਰੀਕਾ ਵਿਰੁੱਧ ਪਾਬੰਦੀਆਂ ਦੇ ਮਾਮਲੇ ਤੇ ਭਾਰਤ ਸਰਕਾਰ ਦਾ ਸਟੈਂਡ ਸਪੱਸ਼ਟ ਕਰਦਿਆਂ ਕਿਹਾ ਕਿ ਭਾਰਤ ਨੇ ਦੱਖਣੀ ਅਫਰੀਕਾ ਨਾਲ ਸਾਰੇ ਸਬੰਧ ਤੋੜ ਰੱਖੇ ਹਨ। ਹੁਣ ਅਸੀਂ ਦੂਸਰਿਆਂ ਨੂੰ ਅਜਿਹਾ ਕਰਨ ਲਈ ਜ਼ੋਰ ਦੇ ਰਹੇ ਹਾਂ ਪਰ ਮੰਦੇ ਭਾਗਾਂ ਨੂੰ ਦੋ ਜਾਂ ਤਿੰਨ ਦੇਸ਼ ਇਨ੍ਹਾਂ ਯਤਨਾਂ ਵਿਚ ਸਹਿਯੋਗ ਨਹੀਂ ਦੇ ਰਹੇ। ਇਕ ਪ੍ਰਸ਼ਨ ਦੇ ਉਤਰ ਵਿਚ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਭਾਰਤ ਅਤੇ ਚੈਕੋਸਲਵਾਕੀਆ ਵਿਚਾਲੇ ਚੋਖਾ ਵਪਾਰ ਹੋਇਆ ਹੈ ਅਤੇ ਅਸੀਂ ਹੋਰ ਵਧਾਣਾ ਚਾਹੁੰਦੇ ਹਾਂ।

ਵਿਹੜੇ ਵਿਚ ਨਾ ਕੰਧ ਉਸਾਰ ਸਾਈਆਂ,
ਭਾਵੇਂ ਮਾਰ ਸਾਨੂੰ, ਭਾਵੇਂ ਕੁੱਟ ਸਾਨੂੰ।

ਪੰਜਾਬ ਮਸਲਾ ਫੌਜੀ ਜਬਰ ਨਾਲ ਹੱਲ ਨਹੀਂ ਹੋਏਗਾ — ਸ: ਖੇੜਾ

ਭਵਾਨੀਗੜ੍ਹ — ਇਥੇ ਇੰਟਰਨੈਸ਼ਨਲ ਡੈਮੋਕਰੈਟਿਕ ਪਾਰਟੀ ਵਲੋਂ ਪੰਜਾਬ ਮਸਲੇ ਸਬੰਧੀ ਇਕ ਵਿਸ਼ਾਲ ਕਾਨਫਰੰਸ ਕੀਤੀ ਗਈ। ਇਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾਈ ਸਕੱਤਰ ਮਾਸਟਰ ਖੇੜਾ ਸਿੰਘ ਨੇ ਕਿਹਾ ਕਿ ਪੰਜਾਬ ਮਸਲੇ ਨੂੰ ਉਲਝਾਉਣ ਦੀ ਮੁਖ ਜ਼ਿੰਮੇਵਾਰੀ ਕੇਂਦਰ ਸਰਕਾਰ ਸਿਰ ਆਉਂਦੀ ਹੈ। ਉਹਨਾਂ ਕਾਂਗਰਸ ਪਾਰਟੀ ਨੂੰ ਫਿਰਕੂ ਪਾਰਟੀ ਕਰਾਰ ਦਿੰਦਿਆਂ ਕਿਹਾ ਕਿ ਦੇਸ਼ ਭਰ ਵਿਚ ਫਿਰਕੂ ਤੇ ਜਾਤੀਵਾਦੀ ਦੰਗਿਆਂ ਦਾ ਕਾਰਨ ਕਾਂਗਰਸ ਦੀਆਂ ਫਿਰਕੂ ਨੀਤੀਆਂ ਹਨ। ਉਹਨਾਂ ਕਿਹਾ ਕਿ ਪੰਜਾਬ ਦਾ ਮਸਲਾ ਫੌਜੀ ਜਬਰ ਨਾਲ ਹੱਲ ਨਹੀਂ ਕੀਤਾ ਜਾ ਸਕਦਾ। ਪੰਜਾਬ ਦੇ ਮਾਹੌਲ ਨੂੰ ਸ਼ਾਂਤ ਕਰਨ ਲਈ ਸਾਰੀਆਂ ਸਿੱਖ ਜਥੇਬੰਦੀਆਂ ਨਾਲ ਗੱਲਬਾਤ ਦਾ ਰਾਹ ਅਪਨਾਉਣਾ ਚਾਹੀਦਾ ਹੈ। ਪਾਰਟੀ ਦੇ ਪਾਰਲੀਮਾਨੀ ਵਿੰਗ ਦੇ ਸਕੱਤਰ ਸ: ਮੱਘਰ ਸਿੰਘ ਕੁਲਰੀਆ ਨੇ ਮੁਕਤਸਰ ਅਤੇ ਦਿੱਲੀ ਦੰਗਿਆਂ ਦੀਆਂ ਘਟਨਾਵਾਂ ਤੇ ਚਿੰਤਾ ਪ੍ਰਗਟ ਕਰਦਿਆਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਰਾਜੀਵ-ਲੌਂਗੋਵਾਲ ਸਮਝੌਤਾ ਛੇਤੀ ਲਾਗੂ ਕੀਤਾ ਜਾਵੇ, ਸਾਰੇ ਸਿਆਸੀ ਕੈਦੀ ਰਿਹਾਅ ਕੀਤੇ ਜਾਣ, ਰੁੱਸੇ ਫੌਜੀ ਬਹਾਲ ਕੀਤੇ ਜਾਣ ਉਹਨਾਂ ਕਿਹਾ ਕਿ ਇਨ੍ਹਾਂ ਮੰਗਾਂ ਨੂੰ ਪ੍ਰਵਾਨ ਕਰਨ ਨਾਲ ਹੀ ਸਿਖ ਜਥੇਬੰਦੀਆਂ ਨਾਲ ਗੱਲਬਾਤ ਦਾ ਰਾਹ ਖੁਲ੍ਹ ਸਕਦਾ ਹੈ ਅਤੇ ਪੰਜਾਬ ਮਸਲਾ ਹੱਲ ਕੀਤਾ ਜਾ ਸਕਦਾ ਹੈ। ਪਾਰਟੀ ਦੇ ਸੂਬਾ ਕਮੇਟੀ ਦੇ ਮੈਂਬਰ ਸ੍ਰੀ ਸੁਖਦੇਵ 'ਭੂਪਾਲ' ਨੇ ਐਲਾਨ ਕੀਤਾ ਕਿ ਪਾਰਟੀ ਉਪਰੋਕਤ ਮੰਗਾਂ ਮੰਨਵਾਉਣ ਲਈ ਕੇਂਦਰ ਸਰਕਾਰ ਤੇ ਦਬਾਅ ਲਾਮਬੰਦ ਕਰਨ ਲਈ 22 ਅਗਸਤ ਨੂੰ ਚੰਡੀਗੜ੍ਹ ਵਿਚ ਮੁਜ਼ਾਹਰਾ ਕਰ ਰਹੀ ਹੈ।

ਜਨਤਾ ਪਾਰਟੀ ਦੇ ਨੇਤਾਵਾਂ ਵਲੋਂ ਸੁਰਖਿਆ ਪੱਟੀ ਬਨਾਉਣ ਦਾ ਵਿਰੋਧ

ਫਗਵਾੜਾ — ਸ. ਹਰਭਜਨ ਸਿੰਘ ਸਾਬਕਾ ਪ੍ਰਧਾਨ ਪੰਜਾਬ ਜਨਤਾ ਪਾਰਟੀ ਅਤੇ ਮੌਜੂਦਾ ਜਨਰਲ ਸਕੱਤਰ ਸ੍ਰੀ ਗਿਆਨ ਚੰਦ ਨੇ ਕੇਂਦਰ ਤੇ ਦੋਸ਼ ਲਾਇਆ ਹੈ ਕਿ ਉਹ ਸੁਰਖਿਆ ਪੱਟੀ ਬਨਾਉਣ ਦੇ ਪਰੋਗਰਾਮ ਅਧੀਨ ਪੰਜਾਬ ਦੇ ਹੋਰ ਖੇਤਰ ਤੇ ਕਬਜ਼ਾ ਕਰਨਾ ਚਾਹੁੰਦਾ ਹੈ ਅਤੇ ਪੰਜਾਬ ਦੇ ਹਾਲਾਤ ਵਿਗਾੜਨਾ ਚਾਹੁੰਦਾ ਹੈ। ਉਹਨਾਂ ਆਖਿਆ ਕਿ ਇਸ ਸਮੇਂ ਜਦ ਹਾਲਾਤ ਸੁਧਰਨ ਵਲ ਹਨ ਤਾਂ ਕੇਂਦਰ ਨੇ ਭੜਕਾਹਟ ਪੈਦਾ ਕਰਨ ਲਈ ਸ: ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਦੀ ਗ੍ਰਿਫਤਾਰੀ ਕੀਤੀ। ਉਹਨਾਂ ਇਸ ਗ੍ਰਿਫਤਾਰੀ ਦੀ ਨਿੰਦਾ ਕਰਦਿਆਂ ਕਿਹਾ ਕਿ ਉਹ ਕੌਮੀ ਲੀਡਰ ਹਨ ਅਤੇ ਉਹ ਵਿਰੋਧੀ ਦਲਾਂ ਦੀ ਸਲਾਹ ਲੈਣ ਅਤੇ ਚੰਗੇ ਮੰਤਵ ਨਾਲ ਐਲਾਨ ਕਰਕੇ ਗਏ ਸਨ। ਉਹਨਾਂ ਮੰਗ ਕੀਤੀ ਕਿ ਦਿੱਲੀ ਵਿਚ ਤੇ ਪੰਜਾਬ ਵਿਚ ਘੱਟ ਗਿਣਤੀ ਵਿਚ ਵਿਸ਼ਵਾਸ਼ ਪੈਦਾ ਕੀਤਾ ਜਾਵੇ। ਸ: ਪ੍ਰਕਾਸ਼ ਸਿੰਘ ਬਾਦਲ ਤੇ ਟੌਹੜਾ ਦੀ ਗ੍ਰਿਫਤਾਰੀ ਦੀ ਸਥਾਨਕ ਅਕਾਲੀ ਅਤੇ ਜਨਤਾ ਲੀਡਰਾਂ ਨੇ ਵੀ ਨਿਖੇਧੀ ਕੀਤੀ ਹੈ ਜਿਹਨਾਂ ਵਿਚ ਜਰਨੈਲ ਸਿੰਘ ਸ਼ਾਰਦਾ, ਹਰਭਜਨ ਸਿੰਘ ਮਹੇੜੂ, ਹਰਭਜਨ ਸਿੰਘ ਅਤੇ ਡਾ: ਸਾਧੂ ਰਾਮ ਸ਼ਾਮਲ ਹਨ।

ਡਾ. ਸ਼ਾਨ ਜਰਮਨ ਕਾਨਫਰੰਸ 'ਚ ਸ਼ਾਮਲ ਹੋਣਗੇ

ਚੰਡੀਗੜ੍ਹ — ਪ੍ਰਸਿੱਧ ਸਿਖ ਵਿਦਵਾਨ ਸ. ਹਰਨਾਮ ਸਿੰਘ ਸ਼ਾਨ, ਇੰਟਰਨੈਸ਼ਨਲ ਕਾਂਗਰਸ ਆਫ ਏਸ਼ੀਅਨ ਅਤੇ ਨਾਰਥ ਅਫਰੀਕਨ ਸਟੱਡੀਜ਼ ਦੇ ਹੈਮਬਰਗ ਵਿਚ 25 ਅਗਸਤ ਨੂੰ ਹੋਣ ਵਾਲੇ 32ਵੇਂ ਸਮਾਗਮ ਵਿਚ ਸ਼ਾਮਲ ਹੋਣ ਲਈ ਜਰਮਨੀ ਜਾ ਰਹੇ ਹਨ।

ਉਥੇ ਉਹ ਡਾ. ਆਰਮ ਸਟਰਾਂਗ ਵਲੋਂ ਹਿੰਦੁਸਤਾਨੀ ਤੇ ਸਿਖ ਸਾਹਿਤ ਤੇ ਭਾਸ਼ਾਵਾਂ ਬਾਰੇ ਕੀਤੀ ਖੋਜ ਤੇ ਪੇਪਰ ਪੜ੍ਹਨਗੇ। ਇਹ ਕਾਨਫਰੰਸ ਹਰ ਦੋ ਸਾਲ ਪਿਛੋਂ ਹੁੰਦੀ ਹੈ। ਇਸ ਤੋਂ ਪਹਿਲਾਂ ਡਾ. ਸ਼ਾਨ ਆਸਟਰੇਲੀਆਂ, ਅਮਰੀਕਾ ਤੇ ਮੈਕਸੀਕੋ ਵਿਚ ਹੋਏ ਸਮਾਗਮਾਂ ਵਿਚ ਵੀ ਸ਼ਾਮਲ ਹੋ ਚੁਕੇ ਹਨ।

ਪੰਜਾਬ ਅਤੇ ਧਾਰਾ 249

—ਗਿਆਨੀ ਹਰੀ ਸਿੰਘ—

ਪੰਜਾਬ ਸਮਝੌਤਾ ਲਾਗੂ ਨਾ ਹੋਣ ਕਾਰਨ ਰਾਜ ਦੀ ਅਕਾਲੀ ਸਰਕਾਰ ਤੇ ਕੇਂਦਰ ਵਿਚਲੇ ਮਤਭੇਦ ਕਾਫੀ ਵਧੇ ਹੋਏ ਹਨ। ਹੁਣ ਸੰਵਿਧਾਨ ਦੀ ਧਾਰਾ 249 ਅਧੀਨ ਪੰਜਾਬ ਦੇ ਸਰਹੱਦੀ ਜ਼ਿਲਿਆਂ ਨੂੰ ਸੁਰੱਖਿਆ ਦੇਣ ਦੇ ਬਹਾਨੇ ਕੇਂਦਰੀ ਪ੍ਰਬੰਧ ਵਿਚ ਲੈਣ ਦੀ ਤਜਵੀਜ਼ ਨੇ ਹੋਰ ਵੀ ਟਕਰਾਅ ਦੀ ਸੂਰਤ ਪੈਦਾ ਕਰ ਦਿੱਤੀ ਹੈ। ਅਕਾਲੀ ਮੰਤਰੀ ਮੰਡਲ ਨੇ ਆਪਣੀ ਵਿਸ਼ੇਸ਼ ਬੈਠਕ ਵਿਚ ਇਕ ਮਤੇ ਰਾਹੀਂ ਇਸ ਤਜਵੀਜ਼ ਨੂੰ ਪੂਰੀ ਤਰ੍ਹਾਂ ਰੱਦ ਕਰ ਦਿਤਾ ਹੈ ਅਤੇ ਸਪੱਸ਼ਟ ਤੌਰ 'ਤੇ ਇਹ ਕਿਹਾ ਹੈ ਅਕਾਲੀ ਦਲ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਰਾਜਾਂ ਨੂੰ ਵੱਧ ਅਧਿਕਾਰ ਦਿਵਾਉਣ ਲਈ ਲੰਮੇ ਸਮੇਂ ਤੋਂ ਘੋਲ ਕਰ ਰਿਹਾ ਹੈ ਤੇ ਉਹ ਰਾਜ ਦੇ ਅੰਦਰੂਨੀ ਮਾਮਲੇ ਵਿਚ ਕੇਂਦਰ ਦਾ ਦਖਲ ਬਰਦਾਸ਼ਤ ਨਹੀਂ ਕਰ ਸਕਦਾ ਪਰ ਹੁਣ ਕੇਂਦਰ ਨੇ ਇਹ ਧਾਰਾ ਲਾਗੂ ਕਰਨ ਲਈ ਰਾਜ ਸਭਾ ਵਿਚ ਮਤਾ ਪਾਸ ਕਰ ਦਿਤਾ ਹੈ। ਵਿਰੋਧੀ ਦਲਾਂ ਅਤੇ ਰਾਜ ਸਰਕਾਰ ਦੇ ਵਿਰੋਧ ਦੇ ਬਾਵਜੂਦ ਮਤਾ ਪਾਸ ਹੋਣ 'ਤੇ ਇਹ ਧਾਰਾ ਇਕ ਸਾਲ ਲਈ ਕਿਸੇ ਵੀ ਰਾਜ ਦੀ ਸਰਹੱਦੀ ਪੱਟੀ 'ਤੇ ਲਾਗੂ ਹੋ ਜਾਵੇਗੀ। ਇਉਂ ਕੇਂਦਰ ਰਾਜਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇਣ ਲਈ ਸੰਵਿਧਾਨਕ ਤੌਰ 'ਤੇ ਅਧਿਕਾਰਤ ਹੋਵੇਗਾ।

ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਰਾਜ ਸਭਾ ਵਿਚ ਪਾਸ ਹੋਏ ਮਤੇ ਦਾ ਸਖਤ ਵਿਰੋਧ ਕਰਦਿਆਂ ਕਿਹਾ ਹੈ ਕਿ "ਕੇਂਦਰ ਸਰਕਾਰ ਵਲੋਂ ਧਾਰਾ 249 ਹੇਠ ਸਰਹੱਦ ਉਤੇ ਜੋ ਸੁਰੱਖਿਆ ਪੱਟੀ ਬਣਾਈ ਜਾ ਰਹੀ ਹੈ, ਉਸ ਨਾਲ ਸਰਹੱਦੀ ਇਲਾਕਿਆਂ ਵਿਚ ਦੋਹਰੀ ਰਾਜ ਪ੍ਰਣਾਲੀ ਸ਼ੁਰੂ ਹੋ ਜਾਵੇਗੀ ਜਿਸ ਨਾਲ ਕਈ ਨਵੀਆਂ ਉਲਝਣਾਂ ਉਤਪੰਨ ਹੋਣਗੀਆਂ।" ਉਨ੍ਹਾਂ ਕਿਹਾ ਕਿ "ਵਧੇਰੇ ਸੁਰੱਖਿਆ ਦਸਤੇ ਤਾਇਨਾਤ ਕਰਕੇ ਸਰਹੱਦ ਨੂੰ ਸੀਲ ਕੀਤਾ ਜਾ ਸਕਦਾ ਹੈ, ਇਸ ਲਈ ਸੁਰੱਖਿਆ ਪੱਟੀ ਕਾਇਮ ਕਰਨ ਦੀ ਕੋਈ ਲੋੜ ਨਹੀਂ, ਮੈਂ ਇਸ ਸਬੰਧੀ ਪ੍ਰਧਾਨ ਮੰਤਰੀ ਨਾਲ ਵਿਚਾਰ ਕਰਾਂਗਾ।"

ਜੇ ਕੇਂਦਰ, ਰਾਜ ਸਰਕਾਰ ਦਾ ਸੁਝਾਅ ਰੱਦ ਕਰਕੇ ਇਸ ਧਾਰਾ ਨੂੰ ਲਾਗੂ ਕਰਨ ਲਈ ਦ੍ਰਿੜ ਹੋਇਆ ਤਾਂ ਅਜਿਹੇ ਹਾਲਾਤ ਵੀ ਪੈਦਾ ਹੋ ਸਕਦੇ ਹਨ ਕਿ ਅਕਾਲੀ ਮੰਤਰੀ ਮੰਡਲ ਰੋਸ ਪ੍ਰਗਟ ਕਰਨ ਲਈ ਅਸਤੀਫਾ ਦੇ ਦੇਵੇ ਜਾਂ ਅਸਤੀਫਾ ਦੇਣ ਦੀ ਥਾਂ ਇਸ ਦਾ ਡਟਵਾਂ ਵਿਰੋਧ ਕਰੇ। ਇਉਂ ਇਹ ਵੀ ਹੋ ਸਕਦਾ ਹੈ ਕਿ ਕੇਂਦਰ ਰਾਜ ਸਰਕਾਰ ਨੂੰ ਡਿਸਮਿਸ ਕਰਕੇ ਇਥੇ ਰਾਸ਼ਟਰਪਤੀ ਰਾਜ ਲਾਗੂ ਕਰ ਦੇਵੇ। ਕੇਂਦਰ ਦੀ ਇਸ ਕਰੜਾਈ ਨਾਲ ਬਰਨਾਲਾ ਸਰਕਾਰ ਰਾਜਨੀਤਕ ਸ਼ਹੀਦ ਹੋਵੇਗੀ, ਜਿਸ ਦੀ ਕਿ ਸਿਆਸੀ ਹਲਕਿਆਂ ਵਿਚ ਚਰਚਾ ਹੈ। ਅਜਿਹਾ ਹੋਦ 'ਤੇ ਬੋਲੀ ਦੇ ਆਧਾਰ 'ਤੇ ਬਣੇ ਵਰਤਮਾਨ ਪੰਜਾਬੀ ਸੂਬੇ ਦੇ ਇਤਿਹਾਸ ਵਿਚ ਪੰਦਰਾਂ ਵਰ੍ਹਿਆਂ ਵਿਚ ਇਹ ਨੌਵੀਂ ਵਾਰ ਰਾਸ਼ਟਰਪਤੀ ਰਾਜ ਲਾਗੂ ਹੋਵੇਗਾ ਜੋ ਸੁਤੰਤਰ ਭਾਰਤ ਦੇ ਰਾਜਾਂ ਦੀ ਲੋਕਰਾਜੀ ਪ੍ਰਣਾਲੀ ਵਿਚ ਇਕ ਨਵਾਂ ਰਿਕਾਰਡ ਕਾਇਮ ਹੋਵੇਗਾ।

1947 ਤੋਂ ਬਾਅਦ ਸਾਂਝੇ ਪੰਜਾਬ ਵਿਚ ਕੇਵਲ ਦੋ ਵਾਰੀ ਰਾਸ਼ਟਰਪਤੀ ਰਾਜ ਕਾਇਮ ਹੋਇਆ ਸੀ। ਪਹਿਲੀ ਵਾਰੀ ਡਾਕਟਰ ਗੋਪੀ ਚੰਦ ਭਾਰਗੋ ਦੇ ਮੰਤਰੀ ਮੰਡਲ ਨੂੰ ਭੰਗ ਕਰਕੇ 20 ਜੂਨ 1951 ਤੋਂ 17 ਅਪਰੈਲ 1952 ਤੱਕ। ਉਦੋਂ ਸ੍ਰੀ ਸੀ. ਐਮ. ਤ੍ਰਿਵੇਦੀ ਪੰਜਾਬ ਦੇ ਰਾਜਪਾਲ ਸਨ। ਦੂਜੀ ਵਾਰ ਬੋਲੀ ਦੇ ਆਧਾਰ 'ਤੇ ਪੰਜਾਬ ਦਾ ਵੰਡਾਰਾ ਕਰਕੇ ਨਵਾਂ ਹਰਿਆਣਾ ਪ੍ਰਾਂਤ ਕਾਇਮ ਕਰਨ ਲਈ 6 ਜੁਲਾਈ 1966 ਤੋਂ ਪਹਿਲੀ ਨਵੰਬਰ 1966 ਤੱਕ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ। ਉਦੋਂ ਰਾਜਪਾਲ ਸ੍ਰੀ ਧਰਮਵੀਰ ਸਨ।

ਵਰਤਮਾਨ ਪੰਜਾਬ ਵਿਚ ਸਿਰਫ ਗਿਆਨੀ ਜ਼ੈਲ ਸਿੰਘ ਦੀ ਕਾਂਗਰਸੀ ਸਰਕਾਰ ਨੇ ਮਾਰਚ 1972 ਤੋਂ 30 ਅਪਰੈਲ 1977 ਤੱਕ ਪੰਜ ਸਾਲ ਤੋਂ ਵੱਧ ਰਾਜ ਕੀਤਾ ਹੈ। ਬਾਕੀ ਪੰਦਰਾਂ ਸਾਲਾਂ ਵਿਚ ਪੰਜ ਵਾਰ ਅਕਾਲੀ ਦਲ ਸਮਿਲਤ ਸਰਕਾਰਾਂ ਅਤੇ ਦੋ ਕਾਂਗਰਸੀ ਸਰਕਾਰਾਂ ਭੰਗ ਹੋਈਆਂ ਜਿਨ੍ਹਾਂ ਵਿਚ ਗਿ: ਗੁਰਮੁਖ ਸਿੰਘ ਮੁਸਾਫਰ ਅਤੇ ਸ੍ਰੀ ਦਰਬਾਰਾ ਸਿੰਘ ਦੀਆਂ ਸਰਕਾਰਾਂ ਵੀ ਸ਼ਾਮਲ ਹਨ ਅਤੇ ਅੱਠ ਵਾਰੀ ਰਾਸ਼ਟਰਪਤੀ ਰਾਜ ਸਥਾਪਤ ਹੋਇਆ ਹੈ।

ਵਰਤਮਾਨ ਸੂਬੇ ਵਿਚ ਪਹਿਲੀ ਵਾਰ ਸ. ਲਛਮਣ ਸਿੰਘ ਗਿੱਲ ਦੀ ਘੱਟ ਗਿਣਤੀ ਸਰਕਾਰ ਤੋੜ ਕੇ ਰਾਸ਼ਟਰਪਤੀ ਰਾਜ ਲਾਗੂ ਹੋਇਆ। ਸ. ਗਿੱਲ ਨੇ ਇਹ ਸਰਕਾਰ ਕਾਂਗਰਸ ਦੀ ਸਹਾਇਤਾ ਨਾਲ ਸ. ਗੁਰਨਾਮ ਸਿੰਘ ਸਰਕਾਰ ਤੋੜ ਕੇ ਬਣਾਈ ਸੀ। 23 ਅਗਸਤ 1968 ਨੂੰ ਲਾਗੂ ਹੋਏ ਰਾਸ਼ਟਰਪਤੀ ਰਾਜ ਦੇ ਪ੍ਰਬੰਧਕ ਸ੍ਰੀ ਡੀ. ਸੀ. ਪਾਵਟੇ ਸਨ। ਸ੍ਰੀ ਪਾਵਟੇ ਪਹਿਲੀ ਵਾਰ 17 ਫਰਵਰੀ 1969 ਤੱਕ ਅਤੇ ਫਿਰ ਦੂਜੀ ਵਾਰ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਭੰਗ ਹੋਣ 'ਤੇ 15 ਜੂਨ 71 ਤੋਂ 16 ਮਾਰਚ 72 ਤੱਕ ਰਾਜਪਾਲ ਰਹੇ ਹਨ। ਉਨ੍ਹਾਂ ਤੋਂ ਬਾਅਦ 1980 ਤੋਂ 1985 ਤੱਕ ਛੇ ਰਾਜਪਾਲ ਬਦਲੇ ਹਨ ਜਿਨ੍ਹਾਂ ਵਿਚ ਸ੍ਰੀ ਐਮ. ਐਮ. ਚੌਧਰੀ, ਸ੍ਰੀ ਜੈ ਸੁਖ ਲਾਲ ਹਾਥੀ, ਸ੍ਰੀ ਏ. ਪੀ. ਸ਼ਰਮਾ, ਸ੍ਰੀ ਬੀ. ਡੀ. ਪਾਂਡੇ, ਸ੍ਰੀ ਕੇ. ਟੀ. ਸਤਾਰੇਵਾਲਾ ਅਤੇ ਸ੍ਰੀ ਅਰਜਨ ਸਿੰਘ ਸ਼ਾਮਲ ਹਨ। ਇਨ੍ਹਾਂ ਵਿਚ ਸਭ ਤੋਂ ਘੱਟ ਸਮਾਂ 7 ਅਕਤੂਬਰ 1983 ਤੋਂ 9 ਅਕਤੂਬਰ 83 ਕੇਵਲ ਦੋ ਦਿਨ ਸ੍ਰੀ ਏ. ਪੀ. ਸ਼ਰਮਾ ਰਾਜਪਾਲ ਰਹੇ ਹਨ ਜਦ ਕਿ ਸ੍ਰੀ ਐਮ. ਐਮ. ਚੌਧਰੀ ਦੋ ਮਹੀਨੇ 30 ਅਪਰੈਲ 77 ਤੋਂ 20 ਜੂਨ 77 ਤੱਕ ਪ੍ਰਸ਼ਾਸਨਕ ਰਾਜਪਾਲ ਰਹੇ। ਸ੍ਰੀ ਅਰਜਨ ਸਿੰਘ ਨੇ ਦੋ ਸਾਲ ਤੋਂ ਚਲਦਾ ਮੋਰਚਾ ਖਤਮ ਕਰਵਾ ਕੇ ਕੇਂਦਰ-ਅਕਾਲੀ ਸਮਝੌਤਾ ਕਰਵਾਇਆ ਜਿਸ ਦੇ ਆਧਾਰ 'ਤੇ ਮੌਜੂਦਾ ਅਕਾਲੀ ਸਰਕਾਰ ਹੋਂਦ ਵਿਚ ਆਈ ਅਤੇ ਇਸ ਨੇ 29 ਸਤੰਬਰ 1985 ਨੂੰ ਰਾਜ ਪ੍ਰਬੰਧ ਸੰਭਾਲਿਆ ਹੈ।

ਬਰਨਾਲਾ ਸਰਕਾਰ ਨੂੰ ਇਸ ਵੇਲੇ ਚਾਰ ਮੁਹਾਜ਼ਾਂ 'ਤੇ ਜੰਗ ਲੜਨੀ ਪੈ ਰਹੀ ਹੈ ਜਿਨ੍ਹਾਂ 'ਤੇ ਉਹ ਫਤਹਿ ਪ੍ਰਾਪਤ ਕਰਨ ਦੇ ਆਸ਼ੇ ਨਾਲ ਦ੍ਰਿੜ ਹਨ। ਇਨ੍ਹਾਂ ਵਿਚ ਇਕ ਪਾਸੇ ਦਹਿਸ਼ਤਵਾਦ ਹੈ ਜਿਸ ਨੂੰ ਖਤਮ ਕਰਨ ਲਈ ਕੇਂਦਰ ਤੇ ਪੰਜਾਬ ਦੋਵੇਂ ਯਤਨਸ਼ੀਲ ਹਨ। ਦੂਜੇ ਪਾਸੇ ਬਾਗੀ ਅਕਾਲੀ ਦਲ ਹੈ ਜਿਸ ਨਾਲ ਨੀਤੀ ਟਕਰਾਅ ਦੀ ਹੈ। ਤੀਜੇ ਪਾਸੇ ਕੇਂਦਰ ਦੀ ਕਾਂਗਰਸ ਸਰਕਾਰ ਹੈ ਜੋ ਬਰਨਾਲਾ ਸਰਕਾਰ ਨੂੰ ਪੂਰਾ ਸਹਿਯੋਗ ਦੇਣ ਦੇ ਐਲਾਨ ਕਰਨ ਦੇ ਨਾਲ ਨਾਲ ਇਸ ਦੇ ਰਾਹ ਵਿਚ ਰੋੜੇ ਅਟਕਾਉਣ ਲਈ ਵੀ ਕਈ ਸ਼ਿਕੰਜੇ ਘੜ ਰਹੀ ਹੈ ਅਤੇ ਚੌਥੇ ਪਾਸੇ ਰਾਜ ਦਾ ਗੰਭੀਰ ਆਰਥਿਕ ਅਤੇ ਵਿੱਤੀ ਸੰਕਟ ਹੈ ਜਿਸ ਉਤੇ ਛੇਤੀ ਨਾਲ ਕਾਬੂ ਪਾਉਣਾ ਅਸੰਭਵ ਜਾਪਦਾ ਹੈ।

ਪੰਜਾਬ ਦੇ ਮੰਤਰੀਆਂ ਦੀ ਫੌਜ ਦੇ ਖਰਚੇ ਤੇ ਉਨ੍ਹਾਂ ਦੇ ਸੁਰੱਖਿਆ ਪ੍ਰਬੰਧ, ਪੰਜਾਬ ਵਿਚ ਪੁਲੀਸ, ਸੀ. ਆਰ. ਪੀ., ਸਰਹੱਦੀ ਸੁਰੱਖਿਆ ਪੁਲੀਸ ਅਤੇ ਫੌਜੀ ਦਸਤਿਆਂ ਦੇ ਖਰਚੇ ਅਤੇ ਹੋਰ ਪ੍ਰਸ਼ਾਸਨਕ ਖਰਚੇ ਮਿਲ ਕੇ ਇਕ ਕਰੋੜ ਰੁਪਏ ਪ੍ਰਤੀ ਦਿਨ ਖਰਚ ਹੋ ਰਿਹਾ ਹੈ ਜਿਸ ਦਾ ਸਿਧਾ ਭਾਰ ਰਾਜ ਦੇ ਖਜ਼ਾਨੇ 'ਤੇ ਹੈ ਜਦ ਕਿ ਸਰਕਾਰੀ ਆਮਦਨ ਦੇ ਵਸੀਲੇ ਹਾਲਾਤ ਖਰਾਬ ਹੋਣ ਕਰਕੇ ਘੱਟ ਹਨ।

ਇਕ ਗੈਰ - ਸਰਕਾਰੀ ਸਰਵੇਖਣ ਰਿਪੋਰਟ ਅਨੁਸਾਰ ਪਿਛਲੇ ਦੋ ਸਾਲਾਂ ਵਿਚ ਪੰਜਾਬ ਦੀਆਂ ਸਨਅਤਾਂ ਤੇ ਵਪਾਰਕ ਪੱਖ ਤੇ 7200 ਕਰੋੜ ਰੁਪਏ ਦਾ ਘਾਟਾ ਹੋਇਆ ਹੈ ਅਤੇ ਅੱਗੋਂ ਨੂੰ ਕੋਈ ਵੀ ਪੰਜਾਬੋਂ ਬਾਹਰ ਦੀ ਵਪਾਰਕ ਸੰਸਥਾ ਪੇਸ਼ਗੀ ਉਧਾਰ ਤੇ ਸਨਅਤਾਂ ਲਈ ਕੱਚਾ ਮਾਲ ਜਾਂ ਵਪਾਰਕ ਮਾਲ ਦੇਣ ਨੂੰ ਤਿਆਰ ਨਹੀਂ। ਨਿੱਤ ਦੇ ਕਰਫਿਊ, ਰਾਤ ਦੀ ਆਵਾਜਾਈ ਦੇ ਸਾਧਨਾਂ 'ਤੇ ਪਾਬੰਦੀ ਅਤੇ ਦਹਿਸ਼ਤਗਰਦੀ ਦੇ ਸਹਿਮ ਨੇ ਰਾਜ ਦੀ ਆਰਥਿਕਤਾ ਨੂੰ ਜੜ੍ਹੋਂ ਹਿਲਾ ਕੇ ਰੱਖ ਦਿਤਾ ਹੈ। ਜੇ ਇਹੀ ਸਥਿਤੀ ਰਹੀ ਤਾਂ ਆਰਥਿਕ ਜਾਂ ਵਿੱਤੀ ਪੱਖੋਂ ਪੰਜਾਬ ਪੰਜਾਹ ਸਾਲ ਤਕ ਨਹੀਂ ਉਠ ਸਕੇਗਾ।

ਉਚ ਸਰਕਾਰੀ ਸੂਤਰਾਂ ਅਨੁਸਾਰ ਸਰਕਾਰ ਨੂੰ 25 ਕਰੋੜ ਦੇ ਲਗਭਗ ਵਿਕਰੀ ਕਰ ਤੋਂ ਅਤੇ ਲਗਭਗ ਸੱਤਰ ਕਰੋੜ ਰੁਪਏ ਹੋਰ ਸਾਧਨਾਂ ਤੋਂ ਆਮਦਨ ਦੀ ਕਮੀ ਹੋਈ ਹੈ। ਕੇਂਦਰੀ ਸਰਕਾਰ ਨੇ ਰਾਜ ਸਰਕਾਰ ਨੂੰ ਹੁਣ ਤੱਕ 380 ਕਰੋੜ ਦੀ ਵਿੱਤੀ ਸਹਾਇਤਾ ਦਿੱਤੀ ਹੈ ਜਦ ਕਿ ਰਾਜ ਸਰਕਾਰ ਅਰਬਾਂ ਰੁਪਏ ਕਰਜ਼ਾ ਚੁਕ ਕੇ ਕੰਮ ਚਲਾ ਰਹੀ ਹੈ। ਫਿਰ ਕੇਂਦਰ ਨੇ ਇਹ ਵੀ ਕਿਹਾ ਹੈ ਕਿ ਅਮਨ ਕਾਨੂੰਨ ਕਾਇਮ ਕਰਨਾ ਰਾਜ ਸਰਕਾਰ ਦਾ ਕੰਮ ਹੈ। ਇਸ ਲਈ ਸਾਰੇ ਸੁਰੱਖਿਆ ਖਰਚੇ ਵੀ ਰਾਜ ਦੇ ਖਜ਼ਾਨੇ 'ਤੇ ਹੀ ਪੈ ਰਹੇ ਹਨ। ਇਸ ਤਰ੍ਹਾਂ ਚੌਹਾਂ ਮੁਹਾਜ਼ਾਂ ਦਾ ਟਾਕਰਾ ਕਰਨ ਵਾਲੀ ਬਰਨਾਲਾ ਸਰਕਾਰ ਹਾਲੇ ਵੀ ਆਪਣੇ ਭਵਿੱਖ ਸਬੰਧੀ ਦ੍ਰਿੜ ਹੈ ਕਿ ਉਹ ਪੂਰੇ ਪੰਜ ਸਾਲ ਰਾਜ ਕਰੇਗੀ।

ਚਾਰ ਸਰਕਾਰੀ ਹਸਪਤਾਲ ਅਪਗਰੇਡ ਕਰ ਦਿੱਤੇ

ਹੁਸ਼ਿਆਰਪੁਰ — ਪੰਜਾਬ ਸਰਕਾਰ ਨੇ ਚਾਰ ਸਰਕਾਰੀ ਹਸਪਤਾਲ ਅਪਗਰੇਡ ਕੀਤੇ ਹਨ। ਮਿਲੀ ਸੂਚਨਾ ਅਨੁਸਾਰ ਹੁਸ਼ਿਆਰਪੁਰ ਦਾ ਹਸਪਤਾਲ ਜੋ ਸੌ ਬਿਸਤਰਿਆਂ ਦਾ ਸੀ, ਉਹ ਵਧਾ ਕੇ 200 ਦਾ ਕਰ ਦਿਤਾ ਗਿਆ ਹੈ। ਇਸੇ ਤਰ੍ਹਾਂ ਪਠਾਨਕੋਟ 50 ਤੋਂ 100 ਅਤੇ ਫਿਲੌਰ 30 ਬਿਸਤਰਿਆਂ ਤੋਂ ਵਧਾ ਕੇ ਪੰਜਾਹ ਦਾ ਕਰ ਦਿਤਾ ਗਿਆ ਹੈ।

ਬਟਾਲਾ ਵਿਚ ਤਿੰਨ ਦੇਸੀ ਬੰਬ ਫਟੇ - ਇਕ ਬੰਦੇ ਪਾਸੋਂ ਅਸਲ੍ਹਾ ਲੁਟਿਆ

ਚੰਡੀਗੜ੍ਹ — ਜ਼ਿਲਾ ਗੁਰਦਾਸਪੁਰ ਦੇ ਬਟਾਲਾ ਕਸਬੇ ਵਿਚ ਇਕ ਧਰਮ ਅਸਥਾਨ ਨੇੜੇ ਤਿੰਨ ਦੇਸੀ ਬੰਬ ਫਟੇ। ਪਰ ਕਿਸੇ ਦੇ ਫੱਟੜ ਹੋਣ ਦਾ ਸਮਾਚਾਰ ਨਹੀਂ

ਅਸਲ੍ਹਾ ਲੁੱਟ ਲਿਆ

ਜ਼ਿਲਾ ਜਲੰਧਰ ਦੇ ਬੰਗਾ ਪੁਲਸ ਸਟੇਸ਼ਨ ਹੇਠ ਆਉਂਦੇ ਇਕ ਪਿੰਡ ਵਿਚ ਦੋ ਸ਼ਰਾਰਤੀ ਜਿਨ੍ਹਾਂ ਖਾਕੀ ਵਰਦਿਆਂ ਪਹਿਨੀਆਂ ਹੋਈਆਂ ਸਨ, ਸਵਰਨ ਸਿੰਘ ਦੇ ਘਰ ਵਿਚ ਦਾਖਲ ਹੋਏ ਅਤੇ ਉਸ ਤੋਂ 32 ਬੋਰ ਦਾ ਰਿਵਾਲਵਰ ਅਤੇ ਅੱਠ ਕਾਰਤੂਸ ਖੋਹਕੇ ਲੈ ਗਏ। ਪੁਲਸ ਸੂਤਰਾਂ ਅਨੁਸਾਰ ਉਕਤ ਲੁਟੇਰਿਆਂ ਨੇ ਆਪਣੇ ਆਪ ਨੂੰ ਸੀ. ਬੀ. ਆਈ. ਦੇ ਆਦਮੀ ਜ਼ਾਹਰ ਕੀਤਾ ਅਤੇ ਸਵਰਨ ਸਿੰਘ ਨੂੰ ਕਿਹਾ ਕਿ ਉਹ ਆਪਣਾ ਰਿਵਾਲਵਰ ਅਤੇ ਗੋਲੀ ਸਿੱਕਾ ਚੈਕ ਕਰਵਾਏ। ਜਿਉਂ ਹੀ ਉਸ ਨੇ ਆਪਣਾ ਅਸਲ੍ਹਾ ਉਹਨਾਂ ਨੂੰ ਫੜਾਇਆ ਉਹ ਲੈ ਕੇ ਦੌੜ ਗਏ।

ਸੁਤੰਤਰਤਾ ਦਿਵਸ ਦਾ ਰਾਜ ਪੱਧਰ ਦਾ ਸਮਾਗਮ ਸੰਗਰੂਰ ’ਚ

ਫਰੀਦਕੋਟ — ਇਸ ਸਾਲ 15 ਅਗਸਤ ਦਾ ਰਾਜ ਪੱਧਰ ਦਾ ਸਮਾਗਮ ਸੰਗਰੂਰ ਵਿਖੇ ਮਨਾਇਆ ਗਿਆ ਜਿਥੇ ਪੰਜਾਬ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਸਬੰਧ ਵਿਚ ਇਕ ਸਰਕਾਰੀ ਰਿਲੀਜ਼ ਵਿਚ ਦੱਸਿਆ ਗਿਆ ਹੈ ਕਿ ਪੰਜਾਬ ਦੇ ਵਿੱਤ ਮੰਤਰੀ ਸ. ਬਲਵੰਤ ਸਿੰਘ ਨੇ ਜਲੰਧਰ ਵਿਖੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਦੋਂ ਕਿ ਬਾਕੀ ਮੰਤਰੀਆਂ ਦੀਆਂ ਡਿਊਟੀਆਂ ਇਸ ਪ੍ਰਕਾਰ ਸਨ :

ਸ. ਹਰਦੀਪਇੰਦਰ ਸਿੰਘ ਬਾਦਲ ਟਰਾਂਸਪੋਰਟ ਮੰਤਰੀ ਫਰੀਦਕੋਟ, ਸ. ਮਲਕੀਤ ਸਿੰਘ ਯੋਜਨਾ ਮੰਤਰੀ ਮੋਗਾ, ਸ. ਸੁਰਿੰਦਰ ਸਿੰਘ ਧੂਰੀ ਮੁਕਤਸਰ, ਸ. ਸੁਰਜੀਤ ਸਿੰਘ ਮਿਨਹਾਸ ਸਪੀਕਰ ਪੰਜਾਬ ਵਿਧਾਨ ਸਭਾ ਕਪੂਰਥਲਾ, ਸ. ਬਲਦੇਵ ਸਿੰਘ ਮਾਨ ਸੁਨਾਮ, ਗੋਬਿੰਦ ਸਿੰਘ ਕਾਂਝਲਾ ਅਬੋਹਰ, ਸ. ਕੁੰਦਨ ਸਿੰਘ ਪਤੰਗ ਬਰਨਾਲਾ, ਸ. ਐਚ. ਐਸ. ਸੰਧੂ ਅੰਮ੍ਰਿਤਸਰ, ਸ. ਸ਼ਸ਼ਪਾਲ ਸਿੰਘ ਅਜਨਾਲਾ, ਸ. ਤਾਰਾ ਸਿੰਘ ਲਾਇਲਪੁਰੀ ਤਰਨਤਾਰਨ, ਮੇਜਰ ਸਿੰਘ ਉਬੋਕੇ ਫਿਰੋਜ਼ਪੁਰ, ਕੈਪਟਨ ਕੰਵਲਜੀਤ ਸਿੰਘ ਰੋਪੜ, ਸ. ਨੱਥਾ ਸਿੰਘ ਦਾਲਮ ਗੁਰਦਾਸਪੁਰ, ਨਿਰਮਲ ਸਿੰਘ ਕਾਹਲੋਂ ਬਟਾਲਾ, ਸ. ਉਪਕਾਰ ਸਿੰਘ ਰੰਧਾਵਾ ਹੁਸ਼ਿਆਰਪੁਰ, ਸ. ਸਵਰਨ ਸਿੰਘ ਫਿਲੌਰ, ਸ. ਸੁਰਿੰਦਰਪਾਲ ਸਿੰਘ ਨਕੋਦਰ, ਸ. ਬਸੰਤ ਸਿੰਘ ਖਾਲਸਾ ਲੁਧਿਆਣਾ, ਪ੍ਰੇਮ ਗੁਪਤਾ ਰਾਜਪੁਰਾ, ਦਲੀਪ ਸਿੰਘ ਪਾਂਧੀ ਨਾਭਾ, ਸ. ਹਰੀ ਸਿੰਘ ਜ਼ੀਰਾ ਅਤੇ ਸ. ਮਹਿੰਦਰ ਸਿੰਘ ਸਾਂਈਆਂਵਾਲਾ ਨੇ ਫਾਜ਼ਿਲਕਾ ਵਿਖੇ ਝੰਡਾ ਲਹਿਰਾਇਆ।

ਅੰਮ੍ਰਿਤਸਰ ਜ਼ਿਲੇ ’ਚ 14 ਘੁਸਪੈਠੀਏ ਹਲਾਕ

ਚੰਡੀਗੜ੍ਹ — ਪੰਜਾਬ ਦੇ ਅੰਮ੍ਰਿਤਸਰ ਜ਼ਿਲੇ ਵਿਚ ਹਿੰਦ-ਪਾਕਿ ਸਰਹੱਦ ’ਤੇ ਬੀ. ਐਸ. ਐਫ. ਨਾਲ ਮੁਕਾਬਲਿਆਂ ਵਿਚ 14 ਘੁਸਪੈਠੀਏ ਮਾਰੇ ਗਏ ਅਤੇ ਤਿੰਨ ਹੋਰ ਬਚ ਕੇ ਵਾਪਸ ਚਲੇ ਗਏ। ਰਾਜ ਵਿਚ ਹੋਈਆਂ ਹੋਰਨਾਂ ਘਟਨਾਵਾਂ ਵਿਚ ਜਲੰਧਰ ਜ਼ਿਲੇ ਵਿਚ ਸੀ. ਬੀ. ਆਈ. ਦੇ ਅਧਿਕਾਰੀ ਹੋਣ ਦਾ ਭਰਮ ਪਾ ਕੇ ਦੋ ਅਤਿਵਾਦੀ ਇਕ ਵਿਅਕਤੀ ਪਾਸੋਂ ਉਸ ਦਾ 32 ਬੋਰ ਦਾ ਰਿਵਾਲਵਰ ਤੇ 8 ਕਾਰਤੂਸ ਖੋਹ ਕੇ ਲੈ ਗਏ ਜਦੋਂ ਕਿ ਬਟਾਲਾ ਨੇੜੇ ਇਕ ਦੁਕਾਨਦਾਰ ਪਾਸੋਂ 400 ਰੁਪਏ ਤੇ ਇਕ ਗੁੱਟ ਘੜੀ ਖੋਹ ਲਈ ਗਈ।

ਮੁਕਤਸਰ ਸ਼ਹਿਰ ਵਿਚ ਜਾਰੀ ਕਰਫਿਊ ਵਿਚ ਢਿੱਲ ਦਾ ਸਮਾਂ ਵਧਾ ਦਿੱਤਾ ਗਿਆ। ਉਧਰ, ਗੁਰਦਾਸਪੁਰ ਜ਼ਿਲੇ ਵਿਚ ਬੀ. ਐਸ. ਐਫ. ਅੱਗੇ ਆਤਮ ਸਮਰਪਣ ਕਰਨ ਵਾਲੇ 46 ਸਿੱਖ ਯੁਵਕਾਂ ਨੂੰ ਪੁੱਛਗਿਛ ਪਿਛੋਂ ਗੁਰਦਾਸਪੁਰ ਜੇਲ੍ਹ ਤੋਂ ਰਿਹਾਅ ਕਰ ਦਿਤਾ ਗਿਆ। ਇਹ ਸਾਰੇ ਯੁਵਕ ਪਾਕਿਸਤਾਨ ਤੋਂ ਦਹਿਸ਼ਤਪਸੰਦੀ ਦੀ ਸਿਖਲਾਈ ਲੈ ਕੇ ਭਾਰਤ ਪਰਤੇ ਸਨ।

ਇਕ ਸਰਕਾਰੀ ਤਰਜਮਾਨ ਨੇ ਚੰਡੀਗੜ੍ਹ ਵਿਚ ਦੱਸਿਆ ਕਿ ਅੰਮ੍ਰਿਤਸਰ ਜ਼ਿਲੇ ਵਿਚ ਹਿੰਦ-ਪਾਕਿ ਸਰਹੱਦ ਦੇ ਕਾਹਨਗੜ੍ਹ ਸੈਕਟਰ ਵਿਚ 8 ਘੁਸਪੈਠੀਏ ਮਾਰੇ ਗਏ ਜਦੋਂ ਕਿ ਤਿੰਨ ਹੋਰ ਪਾਕਿਸਤਾਨ ਵਲ ਬਚ ਨਿਕਲੇ। ਸਮਝਿਆ ਜਾਂਦਾ ਹੈ ਕਿ ਸਾਰੇ ਘੁਸਪੈਠੀਏ ਪਾਕਿਸਤਾਨੀ ਨਾਗਰਿਕ ਸਨ। ਉਨ੍ਹਾਂ ਦੀਆਂ ਲਾਸ਼ਾਂ ਨੇੜਿਓਂ ਕੋਈ ਹਥਿਆਰ ਬਰਾਮਦ ਨਹੀਂ ਹੋਇਆ। ਜ਼ਿਲੇ ਦੇ ਖੇਮਕਰਨ ਸੈਕਟਰ ਵਿਚ 6 ਹੋਰ ਵਿਅਕਤੀ ਮਾਰੇ ਗਏ ਜਿਨ੍ਹਾਂ ਵਿਚੋਂ ਇਕ ਸਿੱਖ ਸੀ।

ਸੀ. ਬੀ. ਆਈ. ਇੰਸਪੈਕਟਰਾਂ ਦੇ ਭੇਸ ਵਿਚ ਆਏ ਦੋ ਸ਼ਰਾਰਤੀਆਂ ਨੇ ਜਲੰਧਰ ਜ਼ਿਲੇ ਦੇ ਪਿੰਡ ਗਹਿਲ ਮਾਜਰਾ ਦੇ ਸਵਰਨ ਸਿੰਘ ਪਾਸੋਂ ਉਸ ਦਾ 32 ਬੋਰ ਦਾ ਰਿਵਾਲਵਰ ਤੇ 8 ਕਾਰਤੂਸ ਹਥਿਆ ਲਏ। ਸ਼ਰਾਰਤੀਆਂ ਨੇ ਮੰਗ ਕੀਤੀ ਸੀ ਕਿ ਸਵਰਨ ਸਿੰਘ ਆਪਣਾ ਰਿਵਾਲਵਰ ਉਨ੍ਹਾਂ ਨੂੰ ਵਿਖਾਵੇ।

ਮੁਕਤਸਰ ਸ਼ਹਿਰ ਵਿਚ ਜਾਰੀ ਕਰਫਿਊ ਵਿਚ ਨਰਮੀ ਦਾ ਸਮਾਂ ਵਧਾ ਦਿੱਤਾ ਗਿਆ। ਸ਼ਹਿਰ ਵਿਚ ਹੁਣ ਰਾਤ 8 ਵਜੇ ਤੋਂ ਸਵੇਰੇ 6 ਵਜੇ ਤੱਕ ਕਰਫੀਊ ਜਾਰੀ ਰਹੇਗਾ।

ਇਸੇ ਦੌਰਾਨ ਕਪੂਰਥਲਾ ਪੁਲੀਸ ਨੇ ਇਕ ਸ਼ੱਕੀ ਦਹਿਸ਼ਤਪਸੰਦ ਸੁਖਵਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਉਸ ਪਾਸੋਂ 303 ਬੋਰ ਦਾ ਪਿਸਤੌਲ ਬਰਾਮਦ ਹੋਣ ਦਾ ਦਾਅਵਾ ਕੀਤਾ ਗਿਆ ਹੈ।

ਉਸ ਦੀਆਂ ਅੱਖਾਂ ਦੇ ਹੰਝੂ ਗੱਲ੍ਹ ਤਕ ਜੋ ਆ ਗਏ
ਉਨ੍ਹਾਂ ਨੂੰ ਮੋਤੀ ਲਿਖਾਂ ਜਾਂ ਅੱਗ ਦਾ ਦਰਿਆ ਲਿਖਾਂ।

--0--

ਰੰਗ ਮੱਧਮ ਰੌਣਕਾਂ ਦਾ ਆਦਮੀ ਫਿਰਦੇ ਉਦਾਸ
ਸੋਚਿਆ ਹੈ ਖੈਰ ‘ਸਭ ਦੀ’ ਮੰਗਦੀ ਕਵਿਤਾ ਲਿਖਾਂ।

ਸਭਿਆਚਾਰ ਦਾ ਪਾੜਾ ਇਕ ਮੌਤ ਜਾਲ

ਪ੍ਰੋਵਿੰਨਸ ਸਟਾਫ ਰਿਪੋਰਟਰ ਰੂਥ

19 ਸਾਲਾਂ ਦੀ ਕਰਮਜੀਤ ਮਾਹਿਲ ਤੇ ਉਸਦੀ 20 ਸਾਲਾ ਸਹੇਲੀ ਪ੍ਰਿਤਪਾਲ ਬਰਾੜ ਇਕੱਠੀਆਂ ਮਰੀਆਂ। ਕਰਮਜੀਤ ਦੁਆਰਾ ਲਿਖਿਆ ਆਤਮਘਾਤੀ ਨੋਟ “ਮੇਰਾ ਖਿਆਲ ਹੈ ਹੁਣ ਤੁਸੀਂ ਸਾਰੇ ਖੁਸ਼ ਹੋਵੋਗੇ। ਜ਼ਿੰਦਗੀ ਇਥੇ ਜੀਣ ਦੇ ਕਾਬਿਲ ਨਹੀਂ ਸੀ।” ਇਹ ਉਸਨੇ ਆਪਣੇ ਮਾਪਿਆਂ ਨੂੰ ਲਿਖ ਕੇ ਛੱਡਿਆ ਕਿਉਂਕਿ ਉਹਨਾਂ ਉਸਦੀ ਸ਼ਾਦੀ ਉਸ ਆਦਮੀ ਨਾਲ ਕਰਨ ਦਾ ਵਾਅਦਾ ਕੀਤਾ ਜਿਸਨੂੰ ਉਹ ਪਿਆਰ ਨਹੀਂ ਸੀ ਕਰਦੀ।

ਸਤਿੰਦਰ ਭੱਠਲ ਜੋ 31 ਸਾਲਾਂ ਦੀ ਸੀ ਪਿਛਲੇ ਸਾਲ ਉਪਰਲੀ ਘਟਨਾ ਤੋਂ ਇਕ ਮਹੀਨਾ ਮਗਰੋਂ ਜ਼ਹਿਰ ਖਾ ਕੇ ਮਰ ਗਈ ਸੀ। ਇਹ ਉਸਦੇ ਵਿਵਾਹਕ ਜੀਵਨ ਦੇ ਪਿਛਲੇ 9 ਸਾਲਾਂ ਦਾ ਦੁਖਦਾਇਕ ਅੰਤ ਸੀ।

ਇਸ ਮਹੀਨੇ ਜਸਪਾਲ ਲਾਲੀ ਇਕ 23 ਸਾਲਾਂ ਦੀ ਮੁਟਿਆਰ ਘਰ ਨੂੰ ਅੱਗ ਲਗਣ ਨਾਲ ਸੜਕੇ ਮਰ ਗਈ ਇਥੇ ਵੀ ਆਤਮਘਾਤ ਦਾ ਹੀ ਸ਼ੱਕ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਦੀਆਂ ਘਟਨਾਵਾਂ ਦਾ ਸ਼ਿਕਾਰ ਹੋਣ ਵਾਲਿਆਂ ਦੀ ਗਿਣਤੀ ਵੱਧ ਰਹੀ ਹੈ ਤੇ ਜਵਾਨ ਔਰਤਾਂ ਇਸ ਤਰ੍ਹਾਂ ਦੋ ਸਭਿਆਚਾਰਾਂ ਦੇ ਵਿਚ ਘਿਰੀਆਂ ਇਸ ਦਾ ਮੁਕਾਬਲਾ ਕਰਨ ਦੇ ਸਮਰਥ ਨਹੀਂ।

ਪਿਛਲੇ ਪੰਦਰਾਂ ਸਾਲਾਂ ਵਿਚ ਬੀ. ਸੀ. ਵਿਚ ਭਾਰਤੀਆਂ ਦੀ ਗਿਣਤੀ ਵਧਕੇ 80000 ਹੋ ਗਈ ਤੇ ਇਸ ਵਾਧੇ ਨਾਲ ਕੋਝੀਆਂ ਸਮਾਜਕ ਮੁਸ਼ਕਲਾਂ ਵੀ ਪੈਦਾ ਹੋਈਆਂ।

ਨੌਜਵਾਨ ਭਾਰਤੀ ਪ੍ਰਵਾਸੀ ਔਰਤਾਂ ਪਰਿਵਾਰਕ ਪਰੰਪਰਾਵਾਂ ਵਿਚ ਅਤੇ ਪੱਛਮੀ ਆਜ਼ਾਦੀਆਂ ਵਿਚ ਨਪੀੜੀਆਂ ਜਾ ਰਹੀਆਂ ਹਨ। “ਬਹੁਤ ਸਾਰੇ ਜਵਾਨ ਪ੍ਰਵਾਸੀ ਦੋ ਸਭਿਆਚਾਰਾਂ ਵਿਚ ਰਹਿੰਦੇ ਹੋਏ ਮੁਸ਼ਕਲਾਂ ਵਿਚ ਹਨ” “ਜਬਰੀ ਸ਼ਾਦੀਆਂ ਬਹੁਤ ਸਾਰੇ ਆਤਮਘਾਤਾਂ ਵਿਚ ਇਕ ਮੁਖ ਤੱਥ ਹੈ” ਇਹ ਬੀ. ਸੀ. ਕੌਰੋਨਰ ਓਰਕੁਹਾਰਨ ਦਾ ਕਹਿਣਾ ਹੈ।

ਜਰਾ ਸੋਚੋ ਜਿਹੜੀ ਕਮਿਊਨਿਟੀ ਦੇ 90 ਪ੍ਰਤੀਸ਼ਤ ਮਾਪੇ ਉਹਨਾਂ ਦੇ ਜਵਾਨ ਬੱਚਿਆਂ ਨੂੰ ਸ਼ਾਪਿੰਗ ਮਾਲਾਂ ਵਿਚ ਇਕੱਲੇ ਨਹੀਂ ਜਾਣ ਦਿੰਦੇ ਤੇ ਕੁੜੀਆਂ ਮੁੰਡਿਆਂ ਨੂੰ ਮਿਲਣ ਨਹੀਂ ਦਿੰਦੇ ਉਹਨਾ ਯੁਵਤੀਆਂ ਤੇ ਕਿੰਨਾ ਦਬਾਅ ਹੋਵੇਗਾ ਇਸ ਤਰ੍ਹਾਂ ਦੀ ਕਮਿਊਨਿਟੀ ਵਿਚ ਔਰਤ ਹੋਣ ਦੇ ਨਾਤੇ।

ਓਅਸਿਸ ਏਜੰਸੀ ਜੋ ਇਮੀਗਰਾਂਟਸ ਦੀ ਮਦਦ ਕਰਦੀ ਹੈ ਦੀ ਸ਼ਸ਼ੀ ਆਸ਼ਾਨੰਦ ਅਨੁਸਾਰ “ਇਕ ਇਕ ਬਹੁਤ ਈ ਜ਼ਿਆਦਾ ਬੋਝ ਹੈ ਉਹਨਾਂ ਬੱਚਿਆਂ ਤੇ ਜੋ ਪੱਛਮੀ ਮਾਹੌਲ ਵਿਚ ਵੱਡੇ ਹੁੰਦੇ ਹਨ।”

ਆਸ਼ਾਨੰਦ ਜੋ ਆਪ ਵੀ ਇਕ ਛੋਟੇ ਬੱਚੇ ਤੇ ਬੱਚੀ ਦੀ ਮਾਂ ਹੈ ਦਾ ਕਹਿਣਾ ਹੈ ਕਿ ਉਸਨੇ ਕਿੰਨੇ ਹੀ ਬੱਚਿਆਂ ਦੀ ਸਹਾਇਤਾ ਕੀਤੀ ਹੈ ਜੋ ਆਪਣੇ ਆਪ ਨੂੰ ਖਤਮ ਕਰਨਾ ਚੰਗਾ ਸਮਝਦੇ ਸਨ ਇਕ ਗਠਜੋੜ ਵਾਲੀ ਸ਼ਾਦੀ ਨਾਲੋਂ।

ਕੁੜੀਆਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਚੰਗੀਆਂ ਸੁਆਣੀਆਂ ਬਣਨ ਤੇ ਵੱਡੇ ਪਰਿਵਾਰ ਦਾ ਭਾਰ ਚੁੱਕਣ ਤੇ ਨਾਲ ਹੀ ਜਦੋਂ ਕਿ ਉਹਨਾਂ ਨੂੰ ਸਿਖਾਇਆ ਜਾਂਦਾ ਹੈ ਮਾਨਸਿਕ ਆਜ਼ਾਦੀ ਅਤੇ ਵਿਅਕਤੀਤਵ ਬਾਰੇ।

ਰਮਿੰਦਰ ਦੋਸਾਂਝ ਜੋ ਕਿ ਇੰਡੀਆ ਮਹਿਲਾ ਐਸੋ: ਦੇ ਸੰਸਥਾਪਕਾਂ ਵਿਚੋਂ ਹੈ ਦਾ ਖਿਆਲ ਹੈ ਇਹ ਆਤਮਘਾਤ ਦੀਆਂ ਘਟਨਾਵਾਂ ਔਰਤਾਂ ਤੇ ਹੁੰਦੀਆਂ ਹਰ ਰੋਜ਼ ਦੀ ਹਿੰਸਾ ਦਾ ਇਕ ਸਬੂਤ ਹਨ। ਰਮਿੰਦਰ ਦੋਸਾਂਝ ਜੋ ਵੈਨਕੂਵਰ ਦੇ ਕਮਿਊਨਿਟੀ ਕਾਲਿਜ ਵਿਚ ਟੀਚਰ ਹਨ ਨੇ ਕਿਹਾ ਕਿ ਉਹਨਾਂ ਨੂੰ ਇਹਨਾ ਘਟਨਾਵਾਂ ਦਾ ਬਹੁਤ ਸਦਮਾ ਪੁਜਿਆ ਹੈ ਤੇ ਇਹ ਹੁਣ ਰੋਕਣੀਆਂ ਬਹੁਤ ਜ਼ਰੂਰੀ ਹਨ।



ਰਮਿੰਦਰ ਦੋਸਾਂਝ

ਉਹਨਾਂ ਅਨੁਸਾਰ “ਜੇ ਮਾਪਿਆਂ ਦੀ ਮਰਜ਼ੀ ਨਾਲ ਕੀਤੀਆਂ ਜਾਂਦੀਆਂ ਸ਼ਾਦੀਆਂ ਸਫਲ ਹਨ ਤਾਂ ਚੰਗੀ ਗੱਲ ਹੈ ...... ਅਸੀਂ ਤਾਂ ਸਿਰਫ ਇਹ ਚਾਹੁੰਦੇ ਹਾਂ ਕਿ ਇਹ ਥੋਪੇ ਨਹੀਂ ਜਾਣੇ ਚਾਹੀਦੇ।”

ਤਲਾਕ ਲੈਣਾ ਵੀ ਕੋਈ ਸੌਖੀ ਚੋਣ ਨਹੀਂ ਇਸ ਤੋਂ ਬਾਅਦ ਔਰਤ ਇਕ ਵਰਤੀ ਵਸਤੂ ਹੀ ਜਾਣੀ ਜਾਂਦੀ ਹੈ।

ਦਿੱਲੀ ਦੇ ਸਿੱਖਾਂ ਨੂੰ ਡੀਫੈਂਸ ਕਮੇਟੀਆਂ ਬਨਾਉਣ ਦੀ ਸਲਾਹ

ਨਵੀਂ ਦਿੱਲੀ — ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਬੀ-2, ਜਨਕਪੁਰੀ ਵਿਖੇ ਇਲਾਕੇ ਦੇ ਸਿੱਖਾਂ ਦਾ ਇਕ ਵੱਡਾ ਇਕੱਠ ਹੋਇਆ ਜਿਸ ਵਿਚ ਕੁਝ ਵਿਅਕਤੀਆਂ ਵਲੋਂ ਸੁਝਾਓ ਦਿੱਤਾ ਗਿਆ ਕਿ ਨਵੰਬਰ ’84 ਅਤੇ ਜੁਲਾਈ ’86 ਦੇ ਹਾਲਾਤ ਨੂੰ ਮੁੱਖ ਰੱਖਦਿਆਂ ਹੋਇਆਂ ਸਿੱਖਾਂ ਨੂੰ ਆਪਣੀਆਂ ਡੀਫੈਂਸ ਕਮੇਟੀਆਂ ਬਨਾਉਣੀਆਂ ਚਾਹੀਦੀਆਂ ਹਨ। ਇਸ ਇਕੱਠ ਵਿਚ ਪਾਰਲੀਮੈਂਟ ਦੇ ਮੈਂਬਰ ਲੈਫ. ਜਨਰਲ ਜਗਜੀਤ ਸਿੰਘ ਅਰੋੜਾ, ਦਿੱਲੀ ਅਕਾਲੀ ਦਲ(ਲੌਂ:) ਦੇ ਜਨਰਲ ਸਕੱਤਰ ਜ. ਅਵਤਾਰ ਸਿੰਘ ਹਿਤ, ਲੌਂਗੋਵਾਲ ਦਲ ਦੇ ਨੇਤਾ ਪ੍ਰੋ: ਜੋਗਿੰਦਰ ਸਿੰਘ, ਸਿੱਖ ਫੋਰਮ ਦੇ ਜਨਰਲ ਸਕੱਤਰ ਮਹੀਪ ਸਿੰਘ ਆਦਿ ਵਿਸ਼ੇਸ਼ ਰੂਪ ਵਿਚ ਸ਼ਾਮਲ ਹੋਏ। ਇਨ੍ਹਾਂ ਆਗੂਆਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਹੋਇਆਂ ਅਪੀਲ ਕੀਤੀ ਕਿ ਉਹ ਜਿਥੇ ਰਹਿ ਰਹੇ ਹਨ, ਮਿਲ ਕੇ ਚੜ੍ਹਦੀ ਕਲਾ ਵਿਚ ਰਹਿਣ। ਇਸ ਦੇ ਨਾਲ ਹੀ ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਸਿੱਖਾਂ ਨੂੰ ਸ਼ੱਕ ਦੀ ਨਜ਼ਰ ਨਾਲ ਨਾ ਵੇਖਿਆ ਜਾਵੇ। ਇਲਾਕੇ ਦੇ ਨਿਵਾਸੀਆਂ ਵਿਚ ਵਿਸ਼ਵਾਸ਼ ਪੈਦਾ ਕਰਨ ਲਈ ਉਨ੍ਹਾਂ ਅਧਿਕਾਰੀਆਂ ਨੂੰ ਮੁਅੱਤਲ ਕੀਤਾ ਜਾਏ ਜਿਨ੍ਹਾਂ ਉਪਰ ਫਸਾਦੀਆਂ ਨਾਲ ਮਿਲ ਕੇ ਫਸਾਦ ਕਰਾਉਣ ਦਾ ਦੋਸ਼ ਹੈ। ਇਕੱਠ ਵਲੋਂ ਇਹ ਵੀ ਮੰਗ ਕੀਤੀ ਗਈ ਕਿ ਜਿਹੜੇ ਲੋਕੀਂ ਗੋਲੀਆਂ ਚਲਾਉਂਦੇ ਫੜੇ ਗਏ ਹਨ ਅਤੇ ਜਿਨ੍ਹਾਂ ਨੇ ਗੋਲੀਆਂ ਚਲਾ ਕੇ ਬੇਗੁਨਾਹਾਂ ਨੂੰ ਮਾਰਿਆ ਹੈ ਉਨ੍ਹਾਂ ਨੂੰ ਕਿਸੇ ਕੀਮਤ ’ਤੇ ਵੀ ਮਾਫ ਨਾ ਕੀਤਾ ਜਾਏ।

ਸੜਕ ਜ਼ਖਮੀ ਪੌਣ ਜ਼ਖਮੀ ਜ਼ਖਮ ਹਰ ਸੀਨੇ ’ਤੇ ਹੈ
ਹੋ ਗਿਆ ਜ਼ਖਮੀ ਫਿਜ਼ਾ ਵਿਚ ਗੂੰਜਦਾ ਹਾਸਾ ਲਿਖਾਂ।


--0--

ਸੋਚ ਨਾ ਜੋ ਕਤਲ ਹੋਏ ਮੌਤ ਕੁਝ ਬੰਦਿਆਂ ਦੀ ਹੈ
ਇਹ ਲਹੂ ਵਿਚ ਡੁੱਬਿਆ ਇਤਿਹਾਸ ਦਾ ਵਰਕਾ ਲਿਖਾਂ।

--0--

ਸਿਰੀ ਲੰਕਾ ਦੇ ਸ਼ਰਨਾਰਥੀ

ਵਲੋਂ : ਚਰਨਪਾਲ ਗਿੱਲ



ਨਿਊਫਾਊਂਡਲੈਂਡ ਦੇ ਕਿਨਾਰੇ ਤੇ ਇਕ ਮੱਛੀਆਂ ਦੇ ਬੋਟ ਨੇ 155 ਰਫੀਊਜ਼ੀਆਂ ਨੂੰ ਦੋ ਛੋਟੀਆਂ ਕਿਸ਼ਤੀਆਂ ਵਿਚ ਲੱਭਣਾ, ਇਕ ਅੰਤਰਰਾਸ਼ਟਰੀ ਖਬਰ ਬਣੀ। ਜਿਸ ਢੰਗ ਤੇ ਖਤਰੇ ਵਿਚੋਂ ਦੀ ਰਫੀਊਜ਼ੀ ਆਏ, ਉਨ੍ਹਾਂ ਦੇ ਹਾਲਾਤ ਨੇ ਇਕ ਸੁਨਸਨੀ ਫੈਲਾ ਦਿਤਾ। ਦੋ ਦਿਨ ਖਬਰਾਂ ਕਿਉਂ ਆਉਂਦੀਆਂ ਰਹੀਆਂ ਕਿ ਉਹ ਜਹਾਜ਼ ਭਾਰਤ ਤੋਂ ਚੜ੍ਹੇ ਸਨ। ਰਫੀਊਜ਼ੀਆਂ ਨੂੰ ਇਹ ਦੱਸਿਆ ਗਿਆ ਸੀ ਕਿ ਉਨ੍ਹਾਂ ਨੂੰ ਇਮੀਗਰੇਸ਼ਨ ਮਿਲਣ ਦੇ ਚਾਂਸ ਬਹੁਤੇ ਹੋਣਗੇ ਕਿ ਜੇ ਉਹ ਦੱਸਣ ਕਿ ਸਿਰੀ ਲੰਕਾ ਤੋਂ ਸਿੱਧੇ ਆਏ ਹਨ। ਦੋ ਦਿਨਾਂ ਦੀ ਪੜਤਾਲ ਤੋਂ ਬਾਦ ਪਤਾ ਲੱਗਿਆ ਕਿ ਇਨ੍ਹਾਂ ਦਾ ਜਹਾਜ਼ ਪੱਛਮੀ ਜਰਮਨੀ ਤੋਂ ਆਇਆ। ਇਨ੍ਹਾਂ ਦੇ ਜਹਾਜ਼ ਦਾ ਨਾਂ ਆਰੀਗਲ ਸੀ ਜੋ ਹਾਂਡੂਰਸ ਵਿਚ ਰਜਿਸਟਰ ਹੈ। ਇਸ ਜਹਾਜ਼ ਦੇ ਕੈਪਟਨ ਹੀਰਿੰਗ ਨੇ 2500 ਤੋਂ ਤਿੰਨ ਹਜ਼ਾਰ ਡਾਲਰ ਹਰ ਸ਼ਰਨਾਰਥੀ ਤੋਂ ਲਿਆ ਪਰ ਕੈਪਟਨ ਇਸ ਗੱਲ ਨੂੰ ਮੰਨਿਆ ਨਹੀਂ। ਤਾਜ਼ੀਆਂ ਖਬਰਾਂ ਤੋਂ ਪਤਾ ਲੱਗਾ ਕਿ ਇਹ ਸਾਰੀ ਸਕੀਮ ਇਕ ਜਥੇਬੰਦੀ 'ਤਾਮਿਲਏਡ' ਨੇ ਬਣਾਈ। ਉਨ੍ਹਾਂ ਤਾਮਿਲ ਸ਼ਰਨਾਰਥੀ ਬੱਸਾਂ ਤੇ ਇਕੱਠੇ ਕਰਕੇ ਸਾਰਿਆਂ ਨੂੰ ਵੇਜ਼ਰ ਰਿਬਰ, ਬਰੇਕ ਬੰਦਰਗਾਹ ਤੋਂ 28 ਜੁਲਾਈ ਨੂੰ ਤੋਰ ਦਿਤਾ।

ਗਿਆਰਾਂ ਦਿਨ ਕਸ਼ਟਾਂ ਵਿਚ

ਤਾਮਿਲ ਸ਼ਰਨਾਰਥੀਆਂ ਨੂੰ ਗਿਆਰਾਂ ਦਿਨ ਜਹਾਜ਼ ਦੀ ਖੁਡ ਵਿਚ ਰੱਖਿਆ ਗਿਆ। ਉਨ੍ਹਾਂ ਨੂੰ ਸਿਰਫ ਪਾਣੀ ਤੇ ਉਬਲੇ ਚੌਲ ਦਿਤੇ ਗਏ। ਜਹਾਜ਼ ਦੇ ਉਪਰ ਉਨ੍ਹਾਂ ਨੂੰ ਆਉਣ ਦੀ ਇਜਾਜ਼ਤ ਨਹੀਂ ਸੀ। ਵਾਸ਼ਰੂਮਾਂ ਦਾ ਭੀ ਕੋਈ ਪ੍ਰਬੰਧ ਨਹੀਂ ਸੀ। ਪਰ ਸਿਰੀ ਲੰਕਾ ਦੇ ਤਾਮਿਲਏਡ ਦੇ ਪ੍ਰਬੰਧਕਾਂ ਨੂੰ ਜਹਾਜ਼ ਵਾਲਿਆਂ ਨੇ ਵਿਸਵਾਸ਼ ਦਵਾਇਆ ਸੀ ਕਿ ਰਿਫੀਊਜ਼ੀਆਂ ਨੂੰ ਸਭ ਕੁਝ ਮਿਲੇਗਾ ਤੇ ਪ੍ਰਬੰਧ ਸਾਫ ਸੁਥਰਾ ਹੋਵੇਗਾ। ਪਰ ਉਨ੍ਹਾਂ ਸਿਰਫ ਪਾਣੀ ਤੇ ਉਹ ਭੀ ਗੰਦਾ ਤੇ ਸੜੀ ਹੋਈ ਡਬਲ ਰੋਟੀ ਤੇ ਉਬਲੇ ਚੌਲ ਮਿਲੇ। ਕੈਪਟਨ ਨੇ ਕਿਹਾ ਕਿ ਉਹ ਕੋਕੋ ਕੋਲਾ ਖਰੀਦ ਸਕਦੇ ਹਨ ਪਰ ਇਸਦੀ ਕੀਮਤ 24 ਅਮਰੀਕਨ ਡਾਲਰ ਹੋਵੇਗੀ। ਤੇ ਜਦ ਤਾਮਿਲ ਰਿਫੀਊਜ਼ੀਆਂ ਨੂੰ ਦੋ ਕਿਸ਼ਤੀਆਂ ਵਿਚ ਨਿਊਫਾਊਂਡਲੈਂਡ ਦੀ ਬੰਦਰਗਾਹ ਵਿਚ ਤੋਰ ਦਿਤਾ। ਇਨ੍ਹਾਂ ਕਿਸ਼ਤੀਆਂ ਵਿਚ ਸਿਰਫ 25 ਬੰਦੇ ਬੈਠ ਸਕਦੇ ਹਨ ਜਿਸ ਵਿਚ ਇਨ੍ਹਾਂ 75 ਬੰਦੇ ਭਰ ਦਿਤੇ। ਬਹੁਤਾ ਭਾਰ ਹੋਣ ਕਰਕੇ ਇਨ੍ਹਾਂ ਕਿਸ਼ਤੀਆਂ ਦਾ ਡੁਬਣ ਦਾ ਭੀ ਖਤਰਾ ਸੀ। ਰਿਫੀਊਜ਼ੀਆਂ ਦੇ ਕਹਿਣ ਅਨੁਸਾਰ ਉਹ ਪੰਜ ਦਿਨ ਖੁੱਲ੍ਹੇ ਸਮੁੰਦਰ ਵਿਚ ਰੁਲਦੇ ਰਹੇ

ਗੋਰੇ ਨਸਲਵਾਦੀਆਂ ਨੇ ਹਾਹਾਕਾਰ ਮਚਾ ਦਿਤੀ

ਸ਼ਰਨਾਰਥੀਆਂ ਦੀ ਖਬਰ ਚਾਰ ਪੰਜ ਦਿਨ ਅਖਬਾਰਾਂ ਵਿਚ ਆਉਂਦੀ ਰਹੀ। ਰੇਡੀਓ ਹਾਟ ਲਾਈਨਾਂ ਤੇ ਲੋਕਾਂ ਨੇ ਬੜਾ ਬਕਵਾਸ ਕੀਤਾ। CJOR ਰੇਡੀਓ ਪੈਟ ਬਰਨਜ਼ ਪ੍ਰੋਗਰਾਮ ਤੇ ਕਈਆਂ ਨੇ ਕਿਹਾ ਜੇ ਇਹ ਕੈਨੇਡਾ ਵਿਚ ਰਖਣੇ ਹਨ ਤਾਂ ਇਨ੍ਹਾਂ ਦੀ ਨਸਵਾਦੀ ਕਰ ਦਿਤੀ ਜਾਵੇ। ਜਾਂ ਜਿਵੇਂ ਕਾਮਾਗਾਟਾ ਮਾਰੂ ਜਹਾਜ਼ ਮੋੜਿਆ ਸੀ ਉਸੇ ਤਰ੍ਹਾਂ ਹੀ ਇਨ੍ਹਾਂ ਨੂੰ ਮੋੜਿਆ ਜਾਵੇ। ਕਈਆਂ ਦਾ ਵਿਚਾਰ ਇਹ ਹੈ ਕਿ ਕੈਨੇਡਾ ਗੈਰ ਕਾਨੂੰਨੀ ਰਿਫੀਊਜ਼ੀਆਂ ਨੂੰ ਤਰਜੀਹ ਦਿੰਦਾ ਹੈ ਇਸ ਨਾਲ ਗੈਰ ਕਾਨੂੰਨੀ ਰਿਫੀਊਜ਼ੀ ਬਹੁਤੇ ਆਉਣਗੇ ਕਿਉਂਕਿ ਜੋ ਇੰਤਜ਼ਾਰ ਕਰਦੇ ਹਨ ਤੇ ਕਾਨੂੰਨ ਅੰਦਰ ਰਹਿੰਦੇ ਹਨ ਉਹਨਾਂ ਨੂੰ ਕਈ ਸਾਲ ਲਗਦੇ ਹਨ। ਕਈ ਟੋਰੀ ਐਮ. ਪੀਆਂ ਨੇ ਕਿਹਾ ਕਿ ਆਮ ਲੋਕਾਂ ਦੇ ਬਹੁਤ ਫੂਨ ਆਉਂਦੇ ਹਨ ਅਤੇ ਉਹ ਗੈਰ ਕਾਨੂੰਨੀ ਇਮੀਗਰੈਂਟਾਂ ਦੀ ਬਹੁਤ ਬਰਖਲਾਫੀ ਕਰਦੇ ਹਨ। ਇਸ ਗੱਲ ਦਾ ਪਾਰਲੀਮੈਂਟ ਵਿਚ ਭੀ ਸਵਾਲ ਉਠਿਆ। ਡੈਨ ਹੀਪ, ਐਨ. ਡੀ. ਪੀ. ਦੇ ਐਮ. ਪੀ. ਨੇ ਕਿਹਾ ਜਦ ਪੋਲੈਂਡ ਤੋਂ ਰਫੀਊਜ਼ੀ ਆਏ ਸਨ ਤਾਂ ਸਰਕਾਰ ਨੇ ਲੋਕਾਂ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਤੇ ਉਨ੍ਹਾਂ ਨੂੰ ਆਉਂਦਿਆਂ ਨੂੰ ਹੀ ਵਰਕ ਪਰਮਿੰਟ ਮਿਲ ਗਿਆ ਤੇ ਇਸ ਤਰ੍ਹਾਂ ਹੀ ਪੁਰਤਗਾਲ ਤੋਂ 5000 ਰਫੀਊਜ਼ੀ ਆਏ ਕਿਸੇ ਦੇ ਜੂੰਅ ਨਹੀਂ ਸਰਕੀ ਪਰ ਜਦ ਰਿਫੀਊਜ਼ੀ ਸਿਰੀ ਲੰਕਾ ਤੋਂ ਆਏ ਤਾਂ ਲੋਕਾਂ ਤੇ ਐਮ. ਪੀਆਂ ਨੇ ਬੜੀ ਰੌਲੀ ਪਾਈ। ਇਸ ਤੋਂ ਸਾਫ ਪਤਾ ਚਲਦਾ ਹੈ ਕਿ ਕੈਨੇਡਾ ਚਿੱਟੀ ਚਮੜੀ ਨੂੰ ਤਰਜੀਹ ਦਿੰਦਾ ਹੈ ਤੇ ਕਾਲੇ ਰੰਗ ਦੇ ਲੋਕਾਂ ਦੇ ਵੱਲ ਇਨ੍ਹਾਂ ਦਾ ਰਵੱਈਆ ਨਸਲਵਾਦੀ ਨਹੀਂ ਤਾਂ ਹੋਰ ਕੀ ਹੈ।

ਇਕ ਸਾਲ ਦੀ ਇਜਾਜ਼ਤ ਦਿਤੀ ਗਈ

ਇਮੀਗਰੇਸ਼ਨ ਦੇ ਮਨਿਸਟਰ, ਜੈਰੀ ਵਾਈਨਰ ਨੇ ਕਿਹਾ ਕਿਉਂਕਿ ਕੈਨੇਡਾ ਸਰਕਾਰ ਇਹ ਮੰਨਦੀ ਹੈ ਕਿ ਸਿਰੀ ਲੰਕਾ ਵਿਚ ਸਿਨਹਾਲੀ ਤੇ ਤਾਮਿਲਾਂ ਦੇ ਵਿਚਕਾਰ ਸਿਵਲ ਲੜਾਈ ਜਾਰੀ ਹੈ ਤੇ ਤਾਮਿਲਾਂ ਨੂੰ ਵਾਪਸ ਭੇਜਿਆ ਜਾਵੇ ਤਾਂ ਇਹ ਪੂਰਾ ਖਤਰਾ ਹੈ ਕਿ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਜਾਵੇਗਾ। ਇਸੇ ਕਰਕੇ ਕੈਨੇਡਾ ਸਰਕਾਰ ਉਨ੍ਹਾਂ ਨੂੰ ਵਾਪਿਸ ਨਹੀਂ ਭੇਜੇਗੀ ਭਾਵੇਂ ਉਨ੍ਹਾਂ ਦੇ ਆਉਣ ਦਾ ਜ਼ਰੀਆ ਕੁਝ ਹੋਵੇ ਤੇ ਉਹ ਕਿਥੋਂ ਆਏ ਹੋਣ ਪਰ ਜੇ ਸਰਕਾਰ ਨੂੰ ਤਸੱਲੀ ਹੋ ਗਈ ਕਿ ਉਹ ਸਿਰੀ ਲੰਕਾ ਦੇ ਬਸ਼ਿੰਦੇ ਹਨ ਉਨ੍ਹਾਂ ਨੂੰ ਵਾਪਸ ਨਹੀਂ ਕੀਤਾ ਜਾਵੇਗਾ। ਇਹ ਕੈਨੇਡਾ ਦੀਆਂ ਮਨੁਖਵਾਦੀ ਤੇ ਜਮਹੂਰੀਅਤ ਵਾਲੀਆਂ ਪਾਲਿਸੀਆਂ ਦੇ ਅਨੁਕੂਲ ਹੈ।

ਮਾਂਟਰੀਅਲ ਤੇ ਟਰਾਂਟੋ ਵਿਚ ਤਾਮਿਲ ਕਮਿਊਨਿਟੀ ਨੇ ਵੱਧ ਚੜ੍ਹ ਕੇ ਰਿਫੀਊਜ਼ੀਆਂ ਦੀ ਸਹਾਇਤਾ ਕੀਤੀ ਤੇ ਕਿਹਾ ਉਹ ਉਨ੍ਹਾਂ ਦੀਆਂ ਨੌਕਰੀਆਂ ਦਾ ਭੀ ਪ੍ਰਬੰਧ ਕਰਨਗੇ। ਜਿੰਨਾ ਚਿਰ ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲਦੀਆਂ ਉਨਾ ਚਿਰ ਸਰਕਾਰ ਤਾਮਿਲਾਂ ਨੂੰ ਵੈਲਫੇਅਰ ਦੇਵੇਗੀ। ਇਹ ਤਾਂ ਹੋ ਰਿਹਾ ਹੈ ਕਿ ਕੈਨੇਡਾ ਸਰਕਾਰ ਮੰਨ ਰਹੀ ਹੈ ਕਿ ਘੱਟ ਗਿਣਤੀ ਤਾਮਿਲਾਂ ਨਾਲ ਧੱਕਾ ਹੋ ਰਿਹਾ ਹੈ ਤੇ ਸਿਆਸੀ ਤੌਰ ਤੇ ਸਿਰੀ ਲੰਕਾ ਗੜਬੜ ਵਾਲਾ ਮੁਲਕ ਕਰਾਰ ਦੇ ਦਿਤਾ ਗਿਆ ਹੈ।

ਟੋਰੀ ਐਮ. ਪੀ. ਜਿਮ ਰਾਕਸ ਨੇ ਇਕ ਸਟੱਡੀ ਵਿਚ ਦੱਸਿਆ ਕਿ ਇਮੀਗਰੇਸ਼ਨ ਇਕ ਮਹੀਨੇ ਵਿਚ ਸਿਰਫ ਦੋ ਸੌ ਅਰਜ਼ੀਆਂ ਸੁਣਦੀ ਹੈ ਪਰ ਘੱਟ ਤੋਂ ਘੱਟ ਰਿਫੀਊਜ਼ੀਆਂ ਦੀਆਂ ਹਜ਼ਾਰ ਅਰਜ਼ੀਆਂ ਹੁੰਦੀਆਂ ਹਨ। ਪੁਰਾਣੀਆਂ ਅਰਜ਼ੀਆਂ ਦਾ ਛੇਤੀ ਫੈਸਲਾ ਕਰਨ ਲਈ ਨਵੇਂ ਬੋਰਡ ਨੀਅਤ ਕੀਤੇ ਜਾਣ ਤੇ ਇਨ੍ਹਾਂ ਦਾ ਤੁਰਤ ਫੈਸਲਾ ਹੋਣਾ ਚਾਹੀਦਾ ਹੈ ਨਹੀਂ ਤਾਂ ਅਣਸੁਣੀਆਂ ਅਰਜ਼ੀਆਂ ਦੇ ਢੇਰ ਲੱਗ ਜਾਣਗੇ।

P.L.O. ਨਾਲ ਸੰਬੰਧ

ਅਖਬਾਰਾਂ ਵਿਚ ਇਹ ਗੱਲ ਜ਼ਾਹਿਰ ਭੀ ਹੋਈ ਕਿ ਤਾਮਿਲ ਏਡ ਦਾ ਪੀ. ਐਲ. ਓ. ਨਾਲ ਸਬੰਧ ਹੈ। ਰਿਫੀਊਜ਼ੀਆਂ ਦੇ ਬੰਦੋਬਸਤ ਲਈ ਪੀ. ਐਲ. ਓ. ਨੇ ਭੀ ਮਦਦ ਕੀਤੀ। ਇਹ ਤੁਅੱਲਕਾਤ ਤਾਂ ਪੈਦਾ ਹੋਏ ਜਦ ਭਲੀ ਭਾਂਤ ਜ਼ਾਹਿਰ ਹੋ ਗਿਆ ਕਿ ਸਿਰੀ ਲੰਕਾ ਸਰਕਾਰ ਇਜ਼ਰੀਅਲ ਦੇ ਮਾਹਿਰਾਂ ਤੋਂ ਟਰੇਨਿੰਗ ਲੈ ਰਹੇ ਹਨ ਕਿ ਕਿਸ ਤਰ੍ਹਾਂ ਤਾਮਿਲ ਗੁਰੀਲਿਆਂ ਦਾ ਖਾਤਮਾ ਕੀਤਾ ਜਾਵੇ। ਇਕ ਪਾਸੇ ਇਜ਼ਰਾਈਲ ਦੀ ਯਹੂਦੀ ਸਰਕਾਰ ਇਹ ਆਖਦੀ ਹੈ ਕਿ ਉਨ੍ਹਾਂ ਨਾਲ ਨਸਲਵਾਦ ਹੁੰਦਾ ਹੈ ਕਿਉਂਕਿ ਉਹ ਕਰਿਸਚਨਾਂ ਵਿਚ ਘੱਟ ਗਿਣਤੀ ਹਨ ਦੂਸਰੇ ਪਾਸੇ ਘੱਟ ਗਿਣਤੀਆਂ ਨੂੰ ਦਬਾਉਣ ਲਈ ਉਹ ਮਾਹਿਰ ਭੇਜ ਰਹੇ ਹਨ ਤੇ ਸਾਊਥ ਅਫਰੀਕਾ ਦੀ ਸਰਕਾਰ ਨੂੰ ਹਥਿਆਰ, ਊਜ਼ੀ ਮਸ਼ੀਨਗੰਨਾਂ ਵੇਚਦੇ ਹਨ ਤਾਂ ਕਿ ਉਹ ਕਾਲਿਆਂ ਦਾ ਸਫਾਇਆ ਕਰ ਸਕਣ। ਅੰਦਰੋਗਤੀ ਅੰਤਰਰਾਸ਼ਟਰੀ ਤੁਅੱਲਕਾਤ ਤੇ ਜੋ ਸਰਕਾਰੀ ਖੁਫੀਏ ਕੰਮ ਕਰਦੇ ਹਨ, ਇਹ ਇਕ ਦਿਲਚਸਪ ਕਹਾਣੀ ਹੈ। ਬਹੁ ਗਿਣਤੀ ਦੇ ਲੋਕਾਂ ਤੇ ਸਰਕਾਰ ਭਾਰਤ ਵਿਚ ਘੱਟ ਗਿਣਤੀਆਂ ਨੂੰ ਤੰਗ ਕਰਦੀ ਤੇ ਦਬਾਉਂਦੀ ਹੈ ਤੇ ਦੂਸਰੇ ਪਾਸੇ ਭਾਰਤ ਸਰਕਾਰ ਘੱਟ ਗਿਣਤੀ ਤਾਮਿਲਾਂ ਨੂੰ ਗੁੰਡਾਗਰਦੀ ਲਈ ਹਥਿਆਰ ਦੇਂਦੀ ਹੈ। ਜਦ ਪਾਕਿਸਤਾਨੀ ਸਰਕਾਰ ਸਿੱਖ ਗੁਰੀਲਿਆਂ ਨੂੰ ਹਥਿਆਰ ਦੇ ਕੇ ਤੇ ਟਰੇਨ ਕਰਕੇ ਪੰਜਾਬ ਵਿਚ ਤੇ ਭਾਰਤ ਤੇ ਹਮਲਾ ਕਰਾਉਂਦੀ ਹੈ ਤਾਂ ਕਾਂਗਰਸ ਸਰਕਾਰ ਤੜਫ ਉਠਦੀ ਹੈ। ਇਸ ਸਾਰੀ ਗੁੰਝਲਦਾਰ ਬੁਝਾਰਤ ਨੂੰ ਸਮਝਣ ਲਈ ਇਕ ਸਦਾ ਗੱਲ ਚੇਤੇ ਰਖੋ ਤਾਂ ਕਾਫੀ ਸੇਧ ਮਿਲ ਸਕਦੀ ਹੈ। ਇਕ ਤਾਂ ਗਰੁਪ ਸਰਮਾਏਦਾਰਾਂ ਦਾ ਤੇ ਦੂਸਰਾ ਗਰੀਬ ਮਜ਼ਦੂਰ ਜਮਾਤ ਜਿਸਨੂੰ ਸਮਾਜਵਾਦੀ ਤੇ ਮਾਰਕਸਵਾਦੀ ਕਿਹਾ ਜਾਂਦਾ ਹੈ। ਇਹ ਤਾਂ ਹੋਈ ਮੋਟੀ ਜਿਹੀ ਗੱਲ ਪਰ ਇਨ੍ਹਾਂ ਦੋਹਾਂ ਧਾਰਾਵਾਂ ਤੇ ਸੋਚਾਂ ਦੀਆਂ ਅਗਾਂਹ ਬਹੁਤ ਪਾਰਟੀਆਂ ਬਣੀਆਂ ਹੋਈਆਂ ਹਨ।

ਆਪਣੀ ਮੌਤ ਤੇ ਬਾਜ਼ੀ ਖੇਡ ਕੇ ਆਪਦੇ ਭਵਿਖ ਨੂੰ ਚੜ੍ਹਗੇਰਾ ਬਣਾਉਣਾ ਜਾਂ ਹੱਤਕ ਦੀ ਜ਼ਿੰਦਗੀ ਜਿਊਣ ਨਾਲੋਂ ਮਰਨਾ ਚੰਗਾ ਸਮਝਕੇ ਜੋ ਇਨਸਾਨ ਕੰਮ ਕਰਦੇ ਹਨ ਉਸਦੀ ਪਰਦਰਸ਼ਨੀ ਕੈਨੇਡਾ ਦੇ ਲੋਕਾਂ ਨੇ ਪਹਿਲੀ ਵਾਰੀ ਦੇਖੀ ਹੈ। ਇਸ ਸੁਖਾਲੀ ਜ਼ਿੰਦਗੀ ਵਿਚ ਵਸਦੇ ਲੋਕਾਂ ਨੂੰ ਦੁਖਾਂ ਵਿਚ ਬਲਦੀ ਇਨਸਾਨ ਤੇ ਇਨਸਾਨੀਅਤ ਦਾ ਅਹਿਸਾਸ ਘੱਟ ਹੀ ਹੈ। ਫਿਰਕੂਵਾਦ, ਕੌਮਾਂਤਰੀਵਾਦ, ਤੇ ਸ਼ਾਵਨਵਾਦ ਲੋਕਾਂ ਦੀ ਹੋਸ਼ ਨਹੀਂ ਪਰ ਜੋਸ਼ ਨੂੰ ਟੁੰਬਦਾ ਹੈ। ਮੌਕਾਪ੍ਰਸਤ ਲੀਡਰਾਂ ਨੇ ਲੀਡਰੀ ਸਥਾਪਤ ਕਰਨ ਲਈ ਇਕ ਸੋਹਣਾ ਹਥਿਆਰ ਭਾਲਿਆ ਹੈ। ਰਿਫੀਊਜ਼ੀ ਭਾਵੇਂ ਐਲਸਲਵਾਡੋਰ, ਪੋਲੈਂਡ, ਅਫਗਾਨਸਤਾਨ, ਵੀਤਨਾਮ, ਸ੍ਰੀ ਲੰਕਾ, ਭਾਰਤ ਜਾ ਕਿਸੇ ਵੀ ਦੱਬੇ ਕੁਚਲੇ ਮੁਲਕਾਂ ਵਿਚੋਂ ਹੋਣ ਉਨ੍ਹਾਂ ਸਾਰਿਆਂ ਨੂੰ ਇਨਸਾਨੀਅਤ ਦੇ ਨਾਤੇ ਇਕ ਬਰਾਬਰਤਾ ਦੇਣੀ ਚਾਹੀਦੀ ਹੈ।

ਪੰਚਾਇਤ ਸੰਮਤੀਆਂ ਲਈ ਨਾਮਜ਼ਦਗੀਆਂ ਛੇਤੀ

ਚੰਡੀਗੜ੍ਹ — ਪੰਜਾਬ ਵਿਚ 118 ਬਲਾਕ ਸੰਮਤੀਆਂ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀਆਂ ਨਾਮਜ਼ਦਗੀਆਂ ਛੇਤੀ ਹੀ ਕਰ ਦਿਤੇ ਜਾਣ ਦੀ ਸੰਭਾਵਨਾ ਹੈ। ਪਤਾ ਲੱਗਾ ਹੈ ਕਿ ਪੰਚਾਇਤੀ ਰਾਜ ਵਿਭਾਗ ਨੇ ਇਸ ਸਬੰਧੀ ਮੁੱਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਦੀ ਸਹਿਮਤੀ ਲੈਣ ਬਾਅਦ ਇਹ ਮਾਮਲਾ ਕਾਨੂੰਨੀ ਰਾਇ ਲੈਣ ਲਈ ਭੇਜ ਦਿਤਾ ਹੈ। ਅੰਤਮ ਫੈਸਲਾ ਅਕਤੂਬਰ ਮਹੀਨੇ ਤੋਂ ਪਹਿਲਾਂ ਲੈ ਲਿਆ ਜਾਵੇਗਾ। ਵਰਨਣਯੋਗ ਹੈ ਕਿ ਪੰਜਾਬ ਵਿਚ ਪੰਚਾਇਤ ਸੰਮਤੀ ਤੇ ਜ਼ਿਲਾ ਪ੍ਰੀਸ਼ਦ ਚੋਣਾਂ ਗਿਆਨੀ ਜ਼ੈਲ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ (ਇ) ਸਰਕਾਰ ਸਮੇਂ ਕਰਾਈਆਂ ਗਈਆਂ ਸਨ। ਉਸ ਤੋਂ ਬਾਅਦ ਆਈਆਂ ਲੋਕ ਪ੍ਰਿਯ ਸਰਕਾਰਾਂ ਕਿਸੇ ਨਾ ਕਿਸੇ ਬਹਾਨੇ ਇਨ੍ਹਾਂ ਚੋਣਾਂ ਤੋਂ ਟਾਲ ਮਟੋਲ ਕਰਦੀਆਂ ਰਹੀਆਂ ਹਨ।

ਇਸ ਸਮੇਂ ਬਲਾਕ ਸੰਮਤੀਆਂ ਦਾ ਕੰਮ ਕਾਜ ਸਰਕਾਰ ਵਲੋਂ ਥਾਪੇ ਪ੍ਰਸ਼ਾਸਕ ਚਲਾਉਂਦੇ ਆ ਰਹੇ ਹਨ ਜਿਨ੍ਹਾਂ ਦੀ ਮਿਆਦ ਇਸ ਸਾਲ ਅਕਤੂਬਰ ਮਹੀਨੇ 'ਚ ਖਤਮ ਹੋ ਰਹੀ ਹੈ। ਮੌਜੂਦਾ ਬਰਨਾਲਾ ਸਰਕਾਰ ਨੇ ਮਾਰਕੀਟ ਕਮੇਟੀਆਂ ਦੀ ਤਰ੍ਹਾਂ ਬਲਾਕ ਸੰਮਤੀਆਂ ਦੀਆਂ ਵੀ ਚੋਣਾਂ ਕਰਾਉਣ ਦੀ ਥਾਂ ਨਾਮਜ਼ਦਗੀਆਂ ਕਰਨ ਦਾ ਫੈਸਲਾ ਲਿਆ ਹੋਇਆ ਹੈ। ਇਸੇ ਦੌਰਾਨ ਪੰਜਾਬ ਦੇ ਪੰਚਾਇਤੀ ਤੇ ਪੇਂਡੂ ਵਿਕਾਸ ਰਾਜ ਮੰਤਰੀ ਸ. ਬਲਦੇਵ ਸਿੰਘ ਖਿਆਲਾ ਨੇ ਇਕ ਮੁਲਾਕਾਤ ਦੌਰਾਨ ਦੱਸਿਆ ਕਿ ਰਾਜ ਵਿਚ ਅਮਨ ਕਾਨੂੰਨ ਦੀ ਸਥਿਤੀ ਢੁਕਵੀਂ ਨਾ ਹੋਣ ਕਾਰਨ ਚੋਣਾਂ ਕਰਾਉਣੀਆਂ ਸੰਭਵ ਨਹੀਂ। ਇਸ ਲਈ ਨਾਮਜ਼ਦਗੀਆਂ ਕਰਨ ਦੀ ਲੋੜ ਸਮਝੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਬਾਰੇ ਕਾਨੂੰਨੀ ਰਾਏ ਮਿਲਣ ਦੇ ਤੁਰੰਤ ਬਾਅਦ ਕੇਸ ਤਿਆਰ ਕਰੇ ਆਰਡੀਨੈਂਸ ਜਾਰੀ ਕਰਨ ਲਈ ਰਾਜਪਾਲ ਕੋਲ ਭੇਜਿਆ ਜਾਵੇਗਾ। ਨਾਮਜ਼ਦਗੀਆਂ ਦਾ ਕੰਮ ਦਸਵੇਂ ਮਹੀਨੇ ਤੋਂ ਪਹਿਲਾਂ ਮੁਕਾ ਲਿਆ ਜਾਵੇਗਾ। ਰਾਜ ਦੇ ਹਰੇਕ ਬਲਾਕ ਸੰਮਤੀ ਵਿਚ ਚੇਅਰਮੈਨ ਤੇ ਉਪ ਚੇਅਰਮੈਨ ਸਮੇਤ ਕੁਲ 25 ਮੈਂਬਰ ਹੁੰਦੇ ਹਨ। ਇਨ੍ਹਾਂ ਵਿਚ ਚਾਰ ਹਰੀਜਨ, ਦੋ ਔਰਤਾਂ ਤੇ ਇਕ ਇਕ ਮੈਂਬਰ ਸਹਿਕਾਰਤਾ ਵਿਭਾਗ ਤੇ ਮਾਰਕੀਟ ਕਮੇਟੀਆਂ ਦਾ ਹੁੰਦਾ ਹੈ।

ਸ. ਖਿਆਲਾ ਦਾ ਕਹਿਣਾ ਹੈ ਕਿ ਬਲਾਕ ਸੰਮਤੀਆਂ ਦੀਆਂ ਨਾਮਜ਼ਦਗੀਆਂ ਦਾ ਕੰਮ ਮੁਕਾ ਲੈਣ ਬਾਅਦ ਹੀ ਜ਼ਿਲਾ ਪ੍ਰੀਸ਼ਦਾਂ ਬਾਰੇ ਕਾਰਵਾਈ ਕੀਤੀ ਜਾ ਸਕੇਗੀ।

ਨਵੀਂ ਪੰਜਾਬੀ ਫਿਲਮ 'ਰਾਮ ਰਾਜ' ਦੀ ਸ਼ੂਟਿੰਗ

ਦੋਰਾਹਾ, (ਪੱਤਰ ਪ੍ਰੇਰਕ) – ਅਮਰਜੀਤ ਫਿਲਮਜ਼ ਇੰਟਰਨੈਸ਼ਨਲ ਦੇ ਬੈਨਰ ਹੇਠ ਇਕ ਨਵੀਂ ਪੰਜਾਬੀ ਫਿਲਮ 'ਰਾਮਰਾਜ' ਦੀ ਸ਼ੂਟਿੰਗ ਲੁਧਿਆਣਾ ਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਸ਼ੁਰੂ ਹੋ ਗਈ ਹੈ।

ਇਹ ਜਾਣਕਾਰੀ ਦਿੰਦਿਆਂ ਫਿਲਮ ਨਿਰਦੇਸ਼ਕ ਅਜੀਤ ਸਿੰਘ ਗਿੱਲ ਨੇ ਦੱਸਿਆ ਕਿ ਇਸ ਫਿਲਮ ਦੀ ਹੀਰੋਇਨ ਕੁਮਾਰੀ ਗੁਰਪ੍ਰੀਤ ਅਤੇ ਹੀਰੋ ਕਰਨੈਲ ਸਿੰਘ ਲਏ ਗਏ ਹਨ। ਇਸ ਫਿਲਮ ਦੇ ਕਹਾਣੀਕਾਰ ਤੇ ਐਸਿਸਟੈਂਟ ਡਾਇਰੈਕਟਰ ਸ੍ਰੀ ਭੁਪਿੰਦਰ ਬਰਮੀ ਹਨ।

ਮਨਬੀਰ ਸਿੰਘ ਦਾ ਹੋਰ ਰਿਮਾਂਡ

ਜਲੰਧਰ — ਕਾਰਜਕਾਰੀ ਮਜਿਸਟਰੇਟ ਸ: ਅਰਵਿੰਦਰ ਸਿੰਘ ਦੀ ਅਦਾਲਤ ਨੇ ਮਨਬੀਰ ਸਿੰਘ ਚਹੇੜੂ ਅਤੇ ਉਨ੍ਹਾਂ ਨਾਲ ਫੜੇ ਹੋਰ ਕਥਿਤ ਦਹਿਸ਼ਤਪਸੰਦਾਂ ਦਾ ਹੋਰ ਪੁਲਸ ਰਿਮਾਂਡ ਦੇ ਦਿਤਾ ਹੈ। ਅਦਾਲਤ ਨੇ ਮਨਬੀਰ ਸਿੰਘ, ਚਰਨਜੀਤ ਸਿੰਘ ਅਤੇ ਮੇਜਰ (ਰਿਟਾਇਰਡ) ਸ: ਬੀ. ਐਸ. ਘੁੰਮਣ ਦਾ 31 ਅਗਸਤ ਤਕ ਅਤੇ ਦਿਆਲ ਸਿੰਘ ਤੇ ਤਿਰਲੋਚਨ ਸਿੰਘ ਦਾ 28 ਅਗਸਤ ਤਕ ਰਿਮਾਂਡ ਦਿਤਾ ਹੈ। ਪਹਿਲਾਂ ਮਿਲੇ ਇਕ ਦਿਨ ਦੇ ਪੁਲਸ ਰਿਮਾਂਡ ਦੌਰਾਨ ਪੁਲਸ ਨੇ ਪੁਛਗਿਛ ਕਰਕੇ ਕਾਫੀ ਜਾਣਕਾਰੀ ਪ੍ਰਾਪਤ ਕਰ ਲਈ ਹੈ ਜੋ ਕਿ ਅਜੇ ਲੀਕ ਨਹੀਂ ਕੀਤੀ ਜਾ ਰਹੀ। ਦੱਸਿਆ ਗਿਆ ਹੈ ਕਿ ਗ੍ਰਿਫਤਾਰ ਦਹਿਸ਼ਤਪਸੰਦਾਂ ਤੇ ਅਜੇ ਬਹੁਤੀ ਸਖਤੀ ਨਹੀਂ ਵਰਤੀ ਜਾ ਰਹੀ ਤੇ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਪਾਸੋਂ ਪੁਚਕਾਰ ਕੇ ਹੀ ਸਭ ਕੁਝ ਪਤਾ ਲਾ ਲਿਆ ਜਾਵੇ। ਥਾਣਾ ਸਦਰ ਪੁਲਸ ਸਟੇਸ਼ਨ ਜਲੰਧਰ ਦੀ ਹੱਦਬੰਦੀ ਅੰਦਰ ਪੁਛਗਿਛ ਲਈ ਰਖੇ ਇਨ੍ਹਾਂ ਦਹਿਸ਼ਤਗਰਦਾਂ ਦੀ ਰਾਖੀ ਲਈ ਸੁਰਖਿਆ ਦੇ ਪ੍ਰਬੰਧ ਬੇਹੱਦ ਕਰੜੇ ਹਨ। ਇਹ ਵੀ ਸੂਹ ਮਿਲੀ ਹੈ ਕਿ ਫੜੇ ਦਹਿਸ਼ਤਪਸੰਦਾਂ ਵਲੋਂ ਦਿਤੀ ਜਾਣਕਾਰੀ ਦੇ ਅਧਾਰ ਤੇ ਉਨ੍ਹਾਂ ਦੇ ਗਰੋਹ ਦੇ ਸਾਥੀ ਫੜਨ ਲਈ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਵਿਚ ਪੁਲਸ ਦੇ ਛਾਪੇ ਅਜੇ ਜਾਰੀ ਹਨ ਤੇ ਕੁਝ ਹੋਰ ਨੌਜਵਾਨਾਂ ਦੀ ਗ੍ਰਿਫਤਾਰੀ ਛੇਤੀ ਸੰਭਵ ਹੈ ਥਾਣਾ ਸਦਰ ਦੇ ਬਾਹਰ ਪੁਲਸ ਤੇ ਸੀ ਆਰ ਪੀ ਦਾ ਸਖਤ ਪਹਿਰਾ ਹੈ। ਥਾਣੇ ਅੰਦਰ ਜਾਣ ਦੀ ਕਿਸੇ ਨੂੰ ਇਜਾਜ਼ਤ ਨਹੀਂ ਦਿਤੀ ਜਾ ਰਹੀ।

ਗੁਰਜੀਤ ਸਿੰਘ ਖਾਲਿ-ਸਤਾਨ ਕਮਾਂਡੋ ਦਾ ਮੁਖੀ

ਚੰਡੀਗੜ੍ਹ — ਇਸ ਗੱਲ ਦੀ ਸੰਭਾਵਨਾ ਹੈ ਕਿ ਮਨਬੀਰ ਸਿੰਘ ਦੀ ਗ੍ਰਿਫਤਾਰੀ ਪਿਛੋਂ "ਖਾਲਿਸਤਾਨ ਕਮਾਂਡੋ ਫੋਰਸ" ਦੇ ਮੁਖੀ ਗੁਰਜੀਤ ਸਿੰਘ ਹੋਣਗੇ। ਗੁਰਜੀਤ ਸਿੰਘ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਭਤੀਜੀ ਨਾਲ ਵਿਆਹਿਆ ਹੋਇਆ ਹੈ। "ਹਿੰਦੁਸਤਾਨ ਟਾਈਮਜ਼" ਅਬਾਰ ਅਨੁਸਾਰ ਖਾਲਿਸਤਾਨੀ ਸਮਰਥਕ ਗੁਰਜੀਤ ਸਿੰਘ ਨੇ ਪਾਕਿਸਤਾਨ ਤੋਂ ਸਿਖਲਾਈ ਲਈ ਹੋਈ ਹੈ ਤੇ ਦਮਦਮੀ ਟਕਸਾਲ ਦੇ ਅੰਡਰ ਗਰਾਊਂਡ ਵਰਕਰਾਂ ਨੇ ਹੀ ਗੁਰਜੀਤ ਸਿੰਘ ਨੂੰ "ਖਾਲਿਸਤਾਨ ਕਮਾਂਡੋ ਫੋਰਸ ਦਾ ਜਰਨੈਲ" ਬਨਾਉਣ ਦਾ ਸੁਝਾਅ ਦਿਤਾ ਹੈ। ਖੁਫੀਆ ਏਜੰਸੀਆਂ ਦੀਆਂ ਰੀਪੋਰਟਾਂ ਅਨੁਸਾਰ "ਖਾਲਿਸਤਾਨ ਕਮਾਂਡੋ ਫੋਰਸ" ਦਾ ਨਾਂ ਪਿਛਲੇ ਸਾਲ ਟਰਾਂਜਿਸਟਰ ਬੰਬ ਘਟਨਾ ਤੋਂ ਪਿਛੋਂ ਸਾਹਮਣੇ ਆਇਆ। ਭਾਵੇਂ ਬਬਰ ਖਾਲਸਾ ਨੇ ਪਾਕਿਸਤਾਨ ਅਧਿਕਾਰੀਆਂ ਤੋਂ "ਸ਼ਾਬਾਸ਼" ਲੈਣ ਲਈ ਇਸ ਕਾਂਡ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਸੀ ਪਰ ਬਾਅਦ ਵਿਚ ਪਤਾ ਲੱਗਾ ਕਿ ਇਸ ਕਾਂਡ ਲਈ ਕੋਈ ਹੋਰ ਗਰੁੱਪ ਜ਼ਿਮੇਵਾਰ ਸੀ।

ਖੁਫੀਆ ਏਜੰਸੀ ਅਨੁਸਾਰ ਬਬਰ ਖਾਲਸਾ ਦੇ ਮੁਖੀ ਸੁਖਦੇਵ ਸਿੰਘ ਨੂੰ ਪਾਕਿਸਤਾਨ ਵਿਚ ਦੂਜੇ ਖਾੜਕੂਆਂ ਨਾਲੋਂ ਵਧੇਰੇ ਸਹੂਲਤਾਂ ਮਿਲਦੀਆਂ ਹਨ। ਸੁਖਦੇਵ ਸਿੰਘ ਪਾਕਿਸਤਾਨ ਵਿਚ ਕਿਸੇ ਵੀ ਪਾਕਿਸਤਾਨੀ ਜਰਨੈਲ ਵਾਂਗ ਰਹਿੰਦਾ ਹੈ। ਉਸ ਨੂੰ ਇਕ ਵੱਡੇ ਬੰਗਲੇ ਸਮੇਤ ਸਾਰੀਆਂ ਸਹੂਲਤਾਂ ਮਿਲੀਆਂ ਹੋਈਆਂ ਹਨ। ਪਾਕਿਸਤਾਨ ਅਧਿਕਾਰੀਆਂ ਵਲੋਂ ਬਬਰ ਖਾਲਸਾ ਨਾਲ ਵਧ ਰਹੇ ਸੰਪਰਕ ਦਾ ਸਾਹਮਣਾ ਕਰਨ ਲਈ ਹੀ "ਖਾਲਿਸਤਾਨ ਕਮਾਂਡੋ ਫੋਰਸ" ਹੋਂਦ ਵਿਚ ਆਈ। ਹਾਲ ਵਿਚ ਹੀ ਪਾਕਿਸਤਾਨੀ ਅਧਿਕਾਰੀਆਂ ਨੇ ਇਸੇ ਫੋਰਸ ਨਾਲ ਸੰਪਰਕ ਕਾਇਮ ਕੀਤਾ ਅਤੇ ਉਨ੍ਹਾਂ ਨੂੰ ਹਥਿਆਰ ਤੇ ਗੋਲੀ ਸਿੱਕਾ ਦਿਤਾ।

ਮਨਬੀਰ ਸਿੰਘ ਬਾਰੇ ਕਿਹਾ ਜਾਂਦਾ ਹੈ ਕਿ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ "ਅੰਦਰੂਨੀ ਸੁਰੱਖਿਆ ਛੱਤਰੀ" ਦਾ ਮਹੱਤਵਪੂਰਨ ਮੈਂਬਰ ਸੀ ਅਤੇ ਹਮੇਸ਼ਾਂ ਟਕਸਾਲ ਦੇ ਹੁਕਮਾਂ ਦੀ ਪਾਲਣਾ ਕਰਦਾ ਸੀ।

ਪੰਜਾਬ ਸਮਝੌਤਾ - ਸਾਲ ਬਾਅਦ

ਏ. ਜੀ. ਨੂਰਾਨੀ

ਇਕ ਸਾਲ ਪਹਿਲਾਂ ਹੋਂਦ ਵਿਚ ਆਇਆ ਪੰਜਾਬ ਸਮਝੌਤਾ ਅੱਜ ਜ਼ਿੰਦਗੀ - ਮੌਤ ਦਰਮਿਆਨ ਲਟਕ ਰਿਹਾ ਹੈ। ਭਾਵੇਂ ਇਹ ਸਮਝੌਤਾ ਪੰਜਾਬ ਮਸਲੇ ਦਾ ਅੰਤਮ ਹੱਲ ਨਹੀਂ ਸੀ। ਹਾਂ, ਉਸ ਪਾਸੇ ਵੱਲ ਇਕ ਕਦਮ ਜ਼ਰੂਰ ਸੀ ਤੇ ਇਸ ਦੀ ਅਹਿਮੀਅਤ ਟਕਰਾਓ ਦੇ ਰਸਤੇ ਦਾ ਤਿਆਗ ਕਰਨ ਵਿਚ ਸੀ। ਸਮਝੌਤੇ ਉਪਰ ਰਾਜੀਵ ਗਾਂਧੀ ਨੇ ਆਪ ਦਸਤਖਤ ਕਰਕੇ ਆਪਣੀ ਸਾਖ ਨੂੰ ਦਾਅ 'ਤੇ ਲਾ ਦਿੱਤਾ।

ਸਮਝੌਤੇ ਦੇ ਕਾਮਯਾਬ ਹੋਣ 'ਤੇ ਜਿੰਨੀ ਰਾਜੀਵ ਗਾਂਧੀ ਦੀ ਸਾਖ ਵਧਦੀ ਠੀਕ ਉਸੇ ਨਿਸਬਤ ਵਿਚ ਇਸ ਦੇ ਅਸਫਲ ਰਹਿਣ 'ਤੇ ਅੱਜ ਇਹ ਘਟੀ ਹੈ। ਸਮਝੌਤੇ ਦੀਆਂ ਗਿਆਰਾਂ ਮੱਦਾਂ 'ਚੋਂ ਕੁਝ ਕੇਵਲ ਸੁਲਹ ਤੇ ਸਦਭਾਵਨਾ ਦੇ ਕਦਮਾਂ ਵਜੋਂ ਸਨ ਜਿਵੇਂ ਭਗੌੜੇ ਫੌਜੀਆਂ ਨੂੰ ਮੁੜ ਵਸਾਉਣਾ, ਦੰਗਿਆਂ ਦੀ ਜਾਂਚ ਆਦਿ। ਪਰ ਅੱਜ ਇਨ੍ਹਾਂ ਬਾਰੇ ਕੋਈ ਕੰਨ ਵਾਜ ਨਹੀਂ ਪੈਂਦੀ। ਦੰਗਿਆਂ ਦੀ ਜਾਂਚ ਕਰ ਰਹੇ ਮਿਸ਼ਰਾ ਕਮਿਸ਼ਨ ਦੀਆਂ ਹਵਾਲਾ ਸ਼ਰਤਾਂ 'ਚੋਂ ਦੰਗਿਆਂ ਦੇ ਕਾਰਨਾਂ ਤੇ ਜ਼ਿੰਮੇਵਾਰੀ ਦੇ ਦੋਸ਼ਾਂ ਨੂੰ ਬਾਹਰ ਰੱਖੇ ਜਾਣ ਅਤੇ ਇਸ ਦੀ ਗੁਪਤ ਰੱਖੀ ਜਾ ਰਹੀ ਕਾਰਵਾਈ ਦੇ ਹੁਣ ਸਿਟੀਜਨਜ਼ ਫਾਰ ਜਸਟਿਸ ਕਮੇਟੀ ਵਲੋਂ ਬਾਈਕਾਟ ਪਿਛੋਂ ਭਰੋਸੇਯੋਗਤਾ ਹੋਰ ਵੀ ਘਟੀ ਹੈ।

ਸਮਝੌਤੇ ਦੀ ਵਿਵਸਥਾ ਅਨੁਸਾਰ ਰਾਵੀ - ਬਿਆਸ ਦੇ ਪਾਣੀਆਂ ਦੀ ਵੰਡ ਬਾਰੇ ਟ੍ਰਿਬਿਊਨਲ ਕਾਇਮ ਕਰਨ ਵਿਚ ਚੋਖੀ ਢਿੱਲ ਕੀਤੀ ਗਈ। ਜਿਸ ਟ੍ਰਿਬਿਊਨਲ ਨੇ ਆਪਣਾ ਫੈਸਲਾ ਛੇ ਮਹੀਨਿਆਂ ਦੇ ਅੰਦਰ ਅੰਦਰ ਦੇਣਾ ਸੀ ਉਸ ਦੀ ਸਥਾਪਨਾ ਹੀ 25 ਜਨਵਰੀ 1986 ਨੂੰ ਭਾਵ ਸਮਝੌਤੇ ਤੋਂ ਪੂਰੇ ਛੇ ਮਹੀਨਿਆਂ ਬਾਅਦ ਕੀਤੀ ਗਈ। ਉਦੋਂ ਤੀਕ ਚੰਡੀਗੜ੍ਹ ਪੰਜਾਬ ਨੂੰ ਸੌਂਪੇ ਜਾਣ ਦੇ ਮਾਮਲੇ ਵਿਚ ਡੈਡਲਾਕ ਪੈਦਾ ਹੋਣ ਕਾਰਨ ਕੜਵਾਹਟ ਪੈਦਾ ਹੋ ਚੁਕੀ ਸੀ।

ਪੰਜਾਬ ਦਾ ਸੰਕਟ ਇਸ ਕਰਕੇ ਨਹੀਂ ਵਧਿਆ ਕਿ ਸਮਝੌਤੇ ਦੀ ਪਾਲਣਾ ਕੀਤੀ ਗਈ ਸਗੋਂ ਇਸ ਲਈ ਕਿ ਦਿੱਲੀ ਸਰਕਾਰ ਨੇ ਇਸ ਦੀ ਵਾਰ ਵਾਰ ਉਲੰਘਣਾ ਕੀਤੀ। ਚੰਡੀਗੜ੍ਹ ਦੇ ਤਬਾਦਲੇ 'ਤੇ ਕੇਂਦਰ ਦੀ ਨੀਤੀ ਠੀਕ ਨਹੀਂ ਸੀ ਅਤੇ ਇਸੇ ਮੁੱਦੇ 'ਤੇ ਸਮਝੌਤਾ ਠੱਪ ਕਰ ਦਿਤਾ ਗਿਆ।

ਸ. ਬਰਨਾਲਾ ਵੀ ਕੋਈ ਅਸਲੋਂ ਬੇਕਸੂਰ ਨਹੀਂ। ਉਨ੍ਹਾਂ ਨੇ ਵੀ ਸਤਲੁਜ ਯਮਨਾ ਲਿੰਕ ਨਹਿਰ 15 ਅਗਸਤ ਤੀਕ ਪੂਰੀ ਕਰਨ ਦਾ ਵਾਅਦਾ ਨਹੀਂ ਨਿਭਾਇਆ। ਉਹ ਹਿੰਦੂ ਘੱਟ ਗਿਣਤੀ ਦੇ ਮਨਾਂ ਵਿਚ ਭਰੋਸਾ ਵੀ ਨਹੀਂ ਪੈਦਾ ਕਰ ਸਕੇ। ਉਨ੍ਹਾਂ ਨੇ ਪੰਜਾਬ ਸਰਕਾਰ ਦੀ ਥਾਂ ਪੰਥਕ ਸਰਕਾਰ ਦਾ ਵਧੇਰੇ ਮੁਜਸਮਾ ਪੇਸ਼ ਕੀਤਾ। ਪਰ ਰਾਜੀਵ ਗਾਂਧੀ ਦੀ ਇਦੋਂ ਵੀ ਕਸੂਰ ਵਧੇਰੇ ਹਨ। ਉਨ੍ਹਾਂ ਨੂੰ ਪਤਾ ਸੀ ਕਿ ਇਸ ਸਮਝੌਤੇ ਦੇ ਅਰਥ ਕੀ ਹੈ। ਇਸ ਵਿਚ ਕੀ ਉਚਿਤਤਾ ਹੈ। ਉਨ੍ਹਾਂ ਇਸ ਨੂੰ ਤਰੋੜੇ ਮਰੋੜੇ ਜਾਣ ਦਿਤਾ। ਇਸ ਨਾਲ ਉਨ੍ਹਾਂ ਦੀ ਸਾਖ ਘਟੀ ਹੈ। ਅਜੇ ਵੀ ਸਮਝੌਤੇ ਦੀਆਂ ਸਾਰੀਆਂ ਮਦਾਂ ਦਾ ਪਾਲਣ ਕਰਕੇ ਇਸ ਨੂੰ ਬਚਾਇਆ ਜਾ ਸਕਦਾ ਹੈ।

ਇਕ ਅਖਬਾਰ ਦੇ ਨੁਮਾਇੰਦੇ ਨੇ ਇਕ ਪੇਂਡੂ ਕੋਲੋਂ ਪੁੱਛਿਆ, 'ਕੀ ਤੁਹਾਡੇ ਪਿੰਡ ਵਿਚ ਕੋਈ ਵੱਡਾ ਆਦਮੀ ਪੈਦਾ ਹੋਇਆ ਏ।'

ਪੇਂਡੂ ਨੇ ਉੱਤਰ ਦਿੱਤਾ 'ਇਹੋ ਜਿਹੀ ਵਾਰਦਾਤ ਕਦੀ ਸੁਣਨ ਵਿਚ ਤਾਂ ਨਹੀਂ ਆਈ! ਸਾਡੇ ਪਿੰਡ ਤਾਂ ਸਭ ਛੋਟੇ ਛੋਟੇ ਹੀ ਪੈਦਾ ਹੁੰਦੇ ਨੇ ਤੇ ਹੌਲੀ ਹੌਲੀ ਵੱਡੇ ਹੁੰਦੇ ਨੇ।'

—0—

ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ

ਗੁਲਜ਼ਾਰ ਸਿੰਘ ਸੰਧੂ



ਇਕ ਸਾਂਝੇ ਮਿੱਤਰ ਦੀ ਭਾਵਨਾ ਕਰਕੇ ਮੈਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਬਾਗੀ ਅਕਾਲੀ ਦਲ ਦੇ ਪ੍ਰਧਾਨ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਦਾ ਮੌਕਾ ਮਿਲਿਆ। ਏਜੰਡਾ ਕੋਈ ਨਹੀਂ ਸੀ। ਗੈਰ-ਰਸਮੀ ਬੈਠਕ।

ਘਰ ਦੇ ਬਾਹਰ ਲਾਅਨ ਤੇ ਵਰਾਂਡੇ ਵਿਚ ਪੰਜ ਚਾਰ ਬੰਦੇ ਇਕ ਦੂਜੇ ਨਾਲ ਗੱਲਬਾਤ ਕਰ ਰਹੇ ਹਨ। ਮਾਹੌਲ ਬੁਝਿਆ ਬੁਝਿਆ ਸੀ। ਉਤਸ਼ਾਹਹੀਣ।

ਮੈਂ "ਪੰਜਾਬੀ ਟ੍ਰਿਬਿਊਨ" ਤੋਂ ਪਹਿਲਾਂ ਕਿਹੜੇ ਪਰਚੇ ਦਾ ਸੰਪਾਦਕ ਸਾਂ। ਕਿਥੋਂ ਦਾ ਰਹਿਣ ਵਾਲਾ ਹਾਂ। ਪੱਤਰਕਾਰੀ ਦੀ ਕੋਈ ਡਿਗਰੀ ਹੈ ਕਿ ਨਹੀਂ। ਸੰਪਾਦਕੀ ਕਿਸੇ ਵਿਸ਼ੇ 'ਤੇ ਕਿਉਂ ਲਿਖਿਆ ਜਾਂਦਾ ਹੈ। ਇਕ ਸੰਪਾਦਕੀ ਲਿਖਣ ਵਾਸਤੇ ਸੋਚਦਿਆਂ ਕਿੰਨਾ ਚਿਰ ਲਗਦਾ ਹੈ ਤੇ ਲਿਖਦਿਆਂ ਕਿੰਨਾ। ਪ੍ਰੇਮ ਭਾਟੀਆ ਹੁਣ ਕਿਸ ਅਖਬਾਰ ਨਾਲ ਸਬੰਧਤ ਹੋਣਗੇ। ਇਨ੍ਹਾਂ ਪ੍ਰਸ਼ਨਾਂ ਵਿਚ ਅਪਣੱਤ ਵੀ ਸੀ, ਖਲੂਸ ਵੀ ਤੇ ਉਤਸੁਕਤਾ ਵੀ।

? ਅਸੀਂ ਕਿੱਥੇ ਆਣ ਖਲੋਤੇ ਹਾਂ ?

— ਇਹ ਤਾਂ ਪੱਤਰਕਾਰ ਹੀ ਸਾਨੂੰ ਦੱਸਦੇ ਹਨ।

? ਤੁਸੀਂ ਬਾਗੀ ਦ੍ਰਿਸ਼ਟੀਕੋਣ ਕਿਉਂ ਅਪਣਾਇਆ ?

— ਬਾਗੀ ਤਾਂ ਇਕ ਪਾਸੇ ਰਿਹਾ ਹੁਣ ਤਾਂ ਸਾਨੂੰ ਅਤਿਵਾਦੀ ਸਮਝਿਆ ਜਾਂਦਾ ਹੈ। ਕੇਵਲ ਇਸ ਲਈ ਕਿ ਅਸੀਂ ਉਨ੍ਹਾਂ ਮੁੰਡਿਆਂ ਦੇ ਭੋਗ ਉਤੇ ਜਾਂਦੇ ਹਾਂ ਜਿਹੜੇ ਨਿਰਦੋਸ਼ੇ ਹੋ ਕੇ ਵੀ ਪੁਲੀਸ ਦੀ ਗੋਲੀ ਦਾ ਸ਼ਿਕਾਰ ਹੋਏ।

? ਕੀ ਅਜਿਹਾ ਕਰਨ ਨਾਲ ਅਤਿਵਾਦੀ ਨੌਜਵਾਨਾਂ ਨੂੰ ਸ਼ਹਿ ਨਹੀਂ ਮਿਲਦੀ

— ਮੇਰੇ ਵਿਚਾਰ ਵਿਚ ਤਾਂ ਬਿਲਕੁਲ ਨਹੀਂ। ਪਰ ਜੇ ਮਿਲਦੀ ਵੀ ਹੋਵੇ ਤਾਂ ਅਸੀਂ ਕਿੰਨੇ ਕੁ ਬਚ ਕੇ ਰਹਿ ਸਕਦੇ ਹਾਂ? ਮਰਨ ਵਾਲਾ ਮੁੰਡਾ ਭਾਵੇਂ ਅਤਿਵਾਦੀ ਹੀ ਹੋਵੇ ਅਸੀਂ ਉਸ ਦੀ ਰੂਹ ਨਾਲ ਤਾਂ ਗੱਲਾਂ ਕਰਨ ਨਹੀਂ ਜਾਂਦੇ? ਅਸੀਂ ਤਾਂ ਮਾਪਿਆਂ ਦਾ ਦੁੱਖ ਵੰਡਾਉਣ ਜਾਂਦੇ ਹਾਂ ਜਿਹੜੇ ਸਾਡੇ ਵਰਗੇ ਹੀ ਹਨ। ਸੰਕਟ ਦਾ ਸ਼ਿਕਾਰ।

? ਮਾਪਿਆਂ ਦਾ ਦੋਸ਼ ਕਿਉਂ ਨਹੀਂ ਹੁੰਦਾ ?

— ਤੁਸੀਂ ਤਾਂ ਖੁਦ ਸਿਆਣੇ ਹੋ। ਅੱਜ ਕੱਲ੍ਹ ਨੌਜਵਾਨ ਮਾਪਿਆਂ ਦੀ ਕਿੰਨੀ ਕੁ ਸੁਣਦੇ ਹਨ? ਉਨ੍ਹਾਂ ਦੀਆਂ ਭਾਵਨਾਵਾਂ ਪਹਿਲੀ ਪੀੜ੍ਹੀ ਦੀਆਂ ਭਾਵਨਾਵਾਂ ਵੱਖ ਹੁੰਦੀਆਂ ਹਨ। ਹਰ ਕਾਰਵਾਈ ਪ੍ਰਤੀ ਉਨ੍ਹਾਂ ਦਾ ਪ੍ਰਤੀਕਰਮ ਮਾਪਿਆਂ ਤੋਂ ਵੱਖਰਾ ਹੁੰਦਾ ਹੈ। ਜੇ ਅਸੀਂ ਮਾਪਿਆਂ ਨਾਲ ਹਮਦਰਦੀ ਕਰਦੇ ਹਾਂ ਤਾਂ ਉਹ ਬੱਚਿਆਂ ਨਾਲ ਕਿਵੇਂ ਜੋੜੀ ਜਾ ਸਕਦੀ ਹੈ? ਤੇ ਨਾਲੇ ਸਰਕਾਰ ਕਿਹੜਾ ਸੋਚ ਕੇ ਕਦਮ ਚੁੱਕਦੀ ਹੈ? ਤੁਸੀਂ ਪਿਡਾਂ ਵਿਚ ਜਾ ਕੇ ਦੇਖੋ ਨੌਜਵਾਨਾਂ ਦੇ ਮਾਂ ਪਿਓ ਨੂੰ ਕਿਵੇਂ ਡਰਾਇਆ ਧਮਕਾਇਆ ਜਾਂਦਾ ਹੈ। ਇਨ੍ਹਾਂ ਗੱਲਾਂ ਦੇ ਨਤੀਜੇ ਠੀਕ ਨਹੀਂ ਨਿਕਲਿਆ ਕਰਦੇ।

? ਪਰ ਤੁਸੀਂ ਮੁਕਤਸਰ ਕਾਂਡ ਦੇ ਸ਼ਿਕਾਰ ਹੋਣ ਵਾਲੇ ਪੰਜਾਬੀਆਂ ਦੇ ਭੋਗ 'ਤੇ ਨਹੀਂ ਗਏ।

— ਮੇਰੀ ਚੰਡੀਗੜ੍ਹ ਮੀਟਿੰਗ ਸੀ। ਅਸੀਂ ਭਾਈ ਸ਼ਮਿੰਦਰ ਸਿੰਘ ਨੂੰ ਉਥੇ ਭੇਜਿਆ ਉਹ ਸਾਡਾ ਹੀ ਤਾਂ ਹੈ।

? ਪਰ ਉਹ ਤੁਹਾਡਾ ਪ੍ਰਤੀਨਿਧ ਬਣ ਕੇ ਨਹੀਂ ਗਿਆ। ਨਹੀਂ ਤਾਂ ਤੁਹਾਡੇ ਵਲੋਂ ਸੰਦੇਸ਼ ਜਾਂ ਸ਼ਰਧਾਂਜਲੀ ਦੇ ਸ਼ਬਦ ਬੋਲੇ ਜਾਂਦੇ। ਤੁਹਾਡੇ ਆਪਣੇ ਹਲਕੇ ਵਿਚ ਹੋ ਰਹੇ ਇਕੱਠ ਸਮੇਂ ਤੁਹਾਡੀ ਜਾਂ ਤੁਹਾਡੇ ਵਲੋਂ ਭੇਜੇ ਗਏ ਸ਼ਬਦਾਂ ਦੀ ਅਣਹੋਂਦ ਇਲਾਕੇ ਦੇ ਮਨਾਂ ਵਿਚ ਰੜਕੇਗੀ ਨਹੀਂ।

— (ਸੋਚ ਵਿਚ)।

? ਨੌਜਵਾਨਾਂ ਲਈ ਤੁਸੀਂ ਕਿਹੜਾ ਰਾਹ ਸੁਝਾਉਂਦੇ ਹੋ ?

— ਹਮਦਰਦੀ ਵਾਲਾ। ਪਿਆਰ ਵਾਲਾ।

? ਤੇ ਜਿਹੜੇ ਮੁੰਡੇ 'ਬਰੇਨ ਵਾਸ਼' ਹੋ ਕੇ ਆਏ ਹਨ, ਤਸਵੀਰ ਦਾ ਦੂਜਾ ਪਾਸਾ ਵੇਖਣਾ ਹੀ ਨਹੀਂ ਚਾਹੁੰਦੇ ?

— ਉਨ੍ਹਾਂ ਨੂੰ ਸਜ਼ਾ ਚਾਹੀਦੀ ਹੈ। ਸਾਕਾਂ ਸਬੰਧੀਆਂ ਨੂੰ ਨਹੀਂ।

? ਤੁਸੀਂ ਤਾਂ ਨਕਸਲੀਆਂ ਨਾਲ ਨਿਪਟਦੇ ਰਹੇ ਹੋ। ਦੋਸ਼ੀ ਨਾਲ ਕੋਈ ਨਾ ਕੋਈ ਨਿਰਦੋਸ਼ਾ ਵੀ ਤਾਂ ਫਸ ਹੀ ਜਾਂਦਾ ਹੈ।

— (ਚੁੱਪ)।

? ਤਸ਼ੱਦਦ ਬਿਨਾਂ ਠੱਲ੍ਹ ਵੀ ਤਾਂ ਨਹੀਂ ਪੈਂਦੀ ?

— ਪਰ ਹੁਣ ਵਾਲਾ ਗੁੱਸਾ ਤਾਂ ਪੁਲੀਸ ਦੇ ਅਮਲਾਂ ਦਾ ਫਲ ਹੈ।

? ਜਿੰਨਾ ਚਿਰ ਪੁਲੀਸ ਐਕਸ਼ਨ ਵਿਚ ਨਹੀਂ ਸੀ ਆਈ, ਉਦੋਂ ਕਿਹੜਾ ਉਹ ਚੁੱਪ ਬੈਠੇ ਸਨ ?

— (ਚੁੱਪ)।

? ਇਹੋ ਜਿਹੇ ਮੌਕੇ ਕੀ ਤੁਹਾਡਾ ਆਪਣੀ ਹੀ ਪਾਰਟੀ ਦੀ ਸਰਕਾਰ ਨਾਲ ਮੋਢਾ ਡਾਹ ਕੇ ਲੜਨ ਦਾ ਫਰਜ਼ ਨਹੀਂ ਸੀ ?

— ਉਹ ਸਰਕਾਰ ਸਾਡੀ ਕਿਵੇਂ ਹੋਈ ਜਿਸ ਨੇ ਦਰਬਾਰ ਸਾਹਿਬ ਵਿਚ ਪੁਲੀਸ ਕਾਰਵਾਈ ਕਰ ਕੇ ਸਾਡੀ ਬੇਇਜ਼ਤੀ ਕਰਵਾਈ।

? ਜੇ ਮੰਨ ਲਈਏ ਕਿ ਪੁਲੀਸ ਕਾਰਵਾਈ ਵਾਸਤੇ ਧੋਖੇ ਵਾਲੀ ਜ਼ਮੀਨ ਤਿਆਰ ਕੀਤੀ ਗਈ ਸੀ ਤੇ ਕਾਰਵਾਈ ਗਲਤ ਸੀ ਜਿਹੜੀ ਕਿ ਮੁੱਖ ਮੰਤਰੀ ਵਲੋਂ ਲੱਗੀ ਜਾਂ ਲਗਵਾਈ ਸੇਵਾ ਤੋਂ ਜਾਪਦਾ ਹੀ ਹੈ ਤਾਂ ਇਹ ਵੀ ਮੰਨਣਾ ਪਵੇਗਾ ਕਿ ਕਿਸੇ ਵੇਲੇ ਸਿਆਣੇ ਤੋਂ ਸਿਆਣਾ ਵਿਅਕਤੀ ਵੀ ਧੋਖੇ ਵਿਚ ਆ ਜਾਂਦਾ ਹੈ। ਉਸ ਦੇ ਲਈ ਮੁਆਫੀਨਾਮੇ ਦੀ ਗੁੰਜਾਇਸ਼ ਹੋਣੀ ਚਾਹੀਦੀ ਹੈ।

— ਇਹੋ ਜਿਹੇ ਵਿਅਕਤੀ ਨੂੰ ਰਾਜਨੀਤੀ ਵਿਚ ਨਹੀਂ ਪੈਣਾ ਚਾਹੀਦਾ। ਮੈਨੂੰ ਸਾਫ ਦਿਖਾਈ ਦੇ ਰਿਹਾ ਸੀ ਕਿ ਇਹ ਗੱਲ ਹੋਵੇਗੀ। ਮੈਂ ਸਰਬੱਤ ਖਾਲਸਾ ਵਿਚ ਇਸ ਦਾ ਐਲਾਨ ਵੀ ਕੀਤਾ ਸੀ। ਮੈਂ ਇਸ ਤੋਂ ਵੱਡੀ ਚਿਤਾਵਨੀ ਕਦੇ ਕਿਸੇ ਨੂੰ ਨਹੀਂ ਦਿੱਤੀ। ਦਿੱਲੀ ਵਾਲਿਆਂ ਦਾ ਦਿਲ ਕਾਲਾ ਹੈ। ਮੈਨੂੰ ਦਿਸਦਾ ਸੀ ਤਾਂ ਇਨ੍ਹਾਂ ਨੂੰ ਕਿਉਂ ਨਹੀਂ ਦਿਸਿਆ ?

? ਅਚਨਚੇਤ ਹੀ ਧੋਖੇ ਵਿਚ ਆਉਣ ਵਾਲਾ ਨੇਤਾ ਵੀ ਆਪਣੇ ਕਰਮ ਦਾ ਉਨਾਂ ਕੁ ਹੀ ਜ਼ਿੰਮੇਵਾਰ ਹੁੰਦਾ ਹੈ ਜਿੰਨਾ ਗਲਤ ਕਾਰਵਾਈ ਦੇ ਪ੍ਰਤੀਕਰਮ ਵਿਚ ਅਸਤੀਫਾ ਦੇਣ ਵਾਲਾ। ਇਸ ਵਿਚ ਅਮਰਿੰਦਰ ਸਿੰਘ ਵਰਗੇ ਭਾਵਕ ਬੰਦੇ ਲਈ ਤਾਂ ਠੀਕ ਹੈ। ਤੁਹਾਡੇ ਕੋਲੋਂ ਲੋਕਾਂ ਨੂੰ ਏਨਾ ਵੱਡਾ ਕਦਮ ਚੁੱਕਣ ਦੀ ਆਸ ਨਹੀਂ ਸੀ।

— ਮੈਂ ਤਾਂ ਜੋ ਕੁਝ ਕੀਤਾ ਹੈ ਉਹ ਆਨੰਦਪੁਰ ਸਾਹਿਬ ਦੀ ਕੰਧ ਉਤੇ ਪਹਿਲਾਂ ਹੀ ਲਿਖ ਆਇਆ ਹਾਂ। ਮੇਰੇ ਮਨ ਦੀ ਦੋਚਿਤੀ ਬਾਰੇ ਸੋਚਣਾ ਹੀ ਠੀਕ ਨਹੀਂ। ਮੈਂ

ਸਦਾ ਸਰਬੱਤ ਦਾ ਹੁਕਮ ਮੰਨਿਆ ਹੈ। ਦਿੱਲੀ ਜਾ ਕੇ ਸੰਵਿਧਾਨ ਪਾੜਨ ਦੇ ਮੈਂ ਬਿਲਕੁਲ ਹੀ ਹੱਕ ਵਿਚ ਨਹੀਂ ਸਾਂ ਪਰ ਮੇਰੇ ਸਹਿਯੋਗੀ ਇਹ ਗੱਲ ਜ਼ਰੂਰ ਕਰਨੀ ਚਾਹੁੰਦੇ ਸਨ। ਹੋਇਆ ਇਹ ਕਿ ਅਮਲ ਕਰਨ ਵੇਲੇ ਮੈਂ ਇਕੱਲਾ ਹੀ ਰਹਿ ਗਿਆ, ਬਾਕੀ ਸਾਰੇ ਪਿੱਛੇ ਹਟ ਗਏ। ਹੁਣ ਵੀ ਕੁਝ ਇਸੇ ਤਰ੍ਹਾਂ ਹੋਇਆ। ਇਸ ਦੇ ਨਾਲੋਂ ਤਾਂ ਅਸੀਂ ਸ਼ਹੀਦੀ ਜਥੇ ਲੈ ਕੇ ਜਾਂਦੇ ਤੇ ਨੌਜਵਾਨਾਂ ਤੋਂ ਗੋਲੀਆਂ ਖਾ ਲੈਂਦੇ। ਮੈਨੂੰ ਸਭ ਤੋਂ ਅੱਗੇ ਕਰਦੇ। ਮੈਂ ਪਿਛੇ ਹਟਣ ਵਾਲਾ ਨਹੀਂ ਸੀ।

? ਪਰ ਇਸ ਨਾਲ ਸਰਕਾਰ ਕਮਜ਼ੋਰ ਹੋਈ ਹੈ।

— ਕੀ ਕਮਜ਼ੋਰੀ ਹੈ ? ਚੰਗੀ ਭਲੀ ਚਲ ਰਹੀ ਹੈ। ਏਦਾਂ ਹੀ ਚਲਦੀ ਰਹਿਣੀ ਹੈ

? ਤੁਸੀਂ ਇਕੱਠੇ ਹੁੰਦੇ ਤਾਂ ਹੋਰ ਚੰਗੀ ਚਲਣੀ ਸੀ। ਧੜੱਲੇ ਨਾਲ।

— ਇਕੱਠੇ ਹੁੰਦੇ ਤਾਂ ਹੁਣ ਤਕ ਕਦੋਂ ਦੀ ਟੁੱਟ ਜਾਣੀ ਸੀ। ਤੋੜਨ ਵਾਸਤੇ ਬਹਾਨਾ ਲੱਭਣਾ ਔਖਾ ਨਹੀਂ ਹੋਇਆ ਕਰਦਾ। ਹੁਣ ਜਿਹੋ ਜਿਹੀ ਹੈ ਚਲ ਤਾਂ ਰਹੀ ਹੈ।

? ਤੁਸੀਂ ਇਸ 'ਤੇ ਖ਼ੁਸ਼ ਹੋ ?

— ਇਹੋ ਜਿਹੀਆਂ ਸਰਕਾਰਾਂ ਇਹੋ ਜਿਹੀਆਂ ਹੀ ਹੁੰਦੀਆਂ ਹਨ।

? ਮੈਂ ਗਲਤ ਹੋ ਸਕਦਾ ਹਾਂ ਪਰ ਮੇਰਾ ਖਿਆਲ ਹੈ ਕਿ ਜਿਨ੍ਹਾਂ ਸਥਿਤੀਆਂ ਵਿਚੋਂ ਅਸੀਂ ਲੰਘ ਰਹੇ ਹਾਂ ਉਨ੍ਹਾਂ ਵਿਚ ਗੁਰਦੁਆਰਿਆਂ ਵਿਚ ਪੁਲੀਸ ਕਾਰਵਾਈ ਰੋਕੀ ਹੀ ਨਹੀਂ ਜਾ ਸਕਦੀ। ਕੋਈ ਹੋਰ ਸਰਕਾਰ ਹੁੰਦੀ ਤਾਂ ਉਸ ਲਈ ਵੀ ਮੌਕਾ ਪੈਦਾ ਹੋ ਹੀ ਜਾਣਾ ਸੀ।

— ਮੈਂ ਨਹੀਂ ਮੰਨਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਢਾਈ ਤਿੰਨ ਸੌ ਸੇਵਾਦਾਰ ਰੱਖ ਸਕਦੀ ਸੀ। ਹੋਰ ਵੀ ਕਈ ਕੁਝ ਹੋ ਸਕਦਾ ਸੀ।

? ਜੋ ਕੁਝ ਹੋ ਸਕਦਾ ਸੀ ਉਹ 26 ਜਨਵਰੀ ਨੂੰ ਕਿਉਂ ਨਾ ਕੀਤਾ ਗਿਆ। ਉਦੋਂ ਤਾਂ ਤੁਸੀਂ ਵੀ ਸਰਕਾਰ ਵਿਚ ਹੀ ਸੀ। ਉਦੋਂ ਸ਼ਹੀਦੀ ਜਥੇ ਕਿਉਂ ਨਾ ਗਏ ?

— ਮੈਂ ਮੁੱਖ ਮੰਤਰੀ ਨਹੀਂ ਸਾਂ। ਅਕਾਲੀ ਦਲ ਦਾ ਪ੍ਰਧਾਨ ਵੀ ਨਹੀਂ ਤੇ ਨਾ ਹੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ।

? ਤੁਸੀਂ ਮੰਤਰੀ ਮੰਡਲ ਵਿਚ ਸ਼ਾਮਲ ਕਿਉਂ ਨਹੀਂ ਹੋਏ ?

— ਮੈਂ ਨਾਂਹ ਨਹੀਂ ਸੀ ਕੀਤੀ। ਮੈਂ ਦਿਲੋਂ ਮਹਿਸੂਸ ਕਰਦਾ ਸਾਂ ਕਿ ਮੇਰੇ ਨਾ ਸ਼ਾਮਲ ਹੋਣ ਦੇ ਅਰਥ ਗਲਤ ਨਿਕਲ ਸਕਦੇ ਹਨ। ਮੈਂ ਹਾਂ ਕੀਤੀ ਪਰ ਮੈਨੂੰ ਕਿਹਾ ਗਿਆ ਕਿ ਮੈਂ ਤੀਜੇ ਨੰਬਰ 'ਤੇ ਆ ਜਾਵਾਂ। ਦੂਜੇ ਨੰਬਰ 'ਤੇ ਅਸੀਂ ਕਿਸੇ ਹੋਰ ਨੂੰ ਰੱਖਣ ਲਈ ਵਚਨਬੱਧ ਹਾਂ।

? ਇਹ ਤਾਂ ਠੀਕ ਨਹੀਂ ਸੀ। ਪਰ ਤੁਸੀਂ ਮੰਤਰੀ ਮੰਡਲ ਤੋਂ ਬਾਹਰ ਰਹਿ ਕੇ ਵੀ ਤਾਂ ਸਹਾਇਤਾ ਦੇ ਸਕਦੇ ਸੀ।

— ਬਾਹਰ ਦੀ ਗੱਲ ਬਾਹਰ ਹੀ ਹੁੰਦੀ ਹੈ। ਚਲੋ ਉਹ ਵੀ ਮੰਨ ਲਈਏ ਤਾਂ ਜੇ ਮੈਨੂੰ ਤੀਜੇ ਨੰਬਰ 'ਤੇ ਹੀ ਰਖਣਾ ਦਾ ਇਰਾਦਾ ਸੀ ਤਾਂ ਮੇਰੇ ਨਾਲ ਗੱਲ ਹੀ ਕਿਉਂ ਤੋਰੀ ਗਈ ? ਮੇਰਾ ਵੀ ਤਾਂ ਪਾਰਟੀ ਵਿਚ ਕੋਈ ਸਥਾਨ ਹੈ।

? ਤੁਸੀਂ ਠੀਕ ਕਹਿੰਦੇ ਹੋ ਪਰ ਪੰਜਾਬ ਅਤੇ ਦੇਸ਼ ਦੇ ਹਿਤ ਵਿਚ, ਖਾਸ ਕਰਕੇ ਪੰਜਾਬੀਆਂ ਦੇ ਹਿਤ ਵਿਚ, ਦੋਫਾੜ ਹੋਣ ਨਾਲੋਂ ਕੋਈ ਹੋਰ ਰਾਹ ਲੱਭਣਾ ਠੀਕ ਸੀ

— ਅਸੀਂ ਤਾਂ ਕੋਈ ਰਸਤਾ ਬੰਦ ਨਹੀਂ ਕੀਤਾ। ਬਰਨਾਲਾ ਸਾਹਿਬ ਖੁਦ ਹੀ ਆਪਣੇ ਦਰਵਾਜ਼ੇ ਬੰਦ ਕਰੀ ਜਾ ਰਹੇ ਹਨ। ਪੁਲੀਸ ਦਾ ਡੀ. ਜੀ. ਬਾਹਰ ਤੋਂ ਲਿਆਉਣ ਦੀ ਕੀ ਲੋੜ ਸੀ ?

? ਮੈਂ ਪੁਛਿਆ ਸੀ। ਮੈਨੂੰ ਦਸਿਆ ਗਿਆ ਸੀ ਕਿ ਪੰਜਾਬ ਕਾਡਰ ਵਿਚੋਂ ਬਣਨ ਵਾਸਤੇ ਤਾਂ ਹਰ ਇਕ ਹੀ ਪਿਆਰ ਸੀ ਪਰ ਜਦੋਂ ਉਸ ਨੂੰ ਸਖਤੀ ਕਰਨ ਲਈ ਭਾਂਪਿਆ ਜਾਂਦਾ ਸੀ ਤਾਂ ਚੁੱਪ ਹੋ ਜਾਂਦਾ ਸੀ। ਤੁਸੀਂ ਮੰਨੋਗੇ ਕਿ ਬਾਹਰਲੇ ਬੰਦੇ ਲਈ ਸਖਤੀ ਕਰਨੀ ਸੌਖੀ ਹੁੰਦੀ ਹੈ। ਉਹ ਸਖਤੀ ਕਰ ਕੇ ਦੂਰ ਆਪਣੇ ਘਰ ਚਲਾ ਜਾਂਦਾ ਹੈ। ਅੰਦਰ ਵਾਲੇ ਨੇ ਤਾਂ ਉਥੇ ਹੀ ਰਹਿਣਾ ਹੁੰਦਾ ਹੈ। ਉਹ ਕਿਥੇ ਜਾਂਦਾ ?

— ਗੱਲ ਤਾਂ ਤੁਹਾਡੀ ਠੀਕ ਹੈ ਪਰ ਹਰ ਗੱਲ ਵਿਚ ਝੁਕਦੇ ਜਾਣਾ ਵੀ ਤਾਂ ਠੀਕ ਨਹੀਂ।

? ਕਿਸ ਤਰ੍ਹਾਂ ਭਲਾ ?

— ਜਿਵੇਂ ਪੰਜਾਬ ਸਮਝੌਤਾ ਹੀ ਲੈ ਲਵੋ। ਤੁਹਾਡੇ ਅਖਬਾਰ ਨੇ ਹੀ ਲਿਖਿਆ ਹੈ ਕਿ ਰੁੰਡਮੁੰਡ ਚੰਡੀਗੜ੍ਹ ਪੰਜਾਬ ਨੂੰ ਮਿਲੇਗਾ ਤੇ ਉਹ ਵੀ 70,000 ਏਕੜ ਬਦਲੇ।

? ਅਸੀਂ ਕੋਈ ਗਲਤ ਤਾਂ ਨਹੀਂ ਲਿਖਿਆ। ਪਰ ਅਸੀਂ ਇਹ ਵੀ ਲਿਖਿਆ ਸੀ ਕਿ ਅਬੋਹਰ - ਫਾਜ਼ਿਲਕਾ ਦੀ ਨਾਕਾਬੰਦੀ ਸਮਝੌਤੇ ਦੇ ਸ਼ਬਦਾਂ ਤੋਂ ਹੀ ਹੋਈ। ਜੇ ਇਲਾਕਾਈ ਨੇੜਤਾ ਦਾ ਸ਼ਬਦ ਵਿਚ ਨਾ ਪਾਇਆ ਹੁੰਦਾ ਤਾਂ 83 ਪਿੰਡ ਚਲੇ ਜਣੇ ਸਨ। ਪਹਿਲੀ ਗੱਲ ਤਾਂ ਇਹ ਹੈ ਕਿ 70,000 ਏਕੜ ਹਾਲੇ ਗਏ ਨਹੀਂ। ਜੇ ਚਲੇ ਵੀ ਜਾਣ ਤਾਂ 83 ਪਿੰਡਾਂ ਨਾਲੋਂ ਤਾਂ ਬਹੁਤ ਘੱਟ ਹਨ।

— ਚੰਡੀਗੜ੍ਹ ਪੰਜਾਬ ਦਾ ਹੈ। ਇਸ ਦੇ ਬਦਲੇ ਕੋਈ ਪਿੰਡ ਵੀ ਨਹੀਂ ਜਾਣਾ ਚਾਹੀਦਾ। ਚਲੋ ਇਹ ਵੀ ਛੱਡੋ। ਸਮਝੌਤੇ ਪਿਛੇ ਜਾਈਏ ਤਾਂ ਅਸੀਂ ਦਰਿਆਈ ਪਾਣੀਆਂ ਵਿਚ ਬੜੀ ਮਾਰ ਖਾਵਾਂਗੇ। ਮੈਂ ਉਸ ਇਲਾਕੇ ਦਾ ਹਾਂ ਜਿਥੇ ਖੇਤੀ ਨਹਿਰਾਂ ਦੇ ਸਿਰ 'ਤੇ ਹੁੰਦੀ ਹੈ। ਜੇ ਆਪਣੀਆਂ ਨਹਿਰਾਂ ਸੁੱਕੀਆਂ ਰੱਖ ਕੇ ਆਪਣਾ ਪਾਣੀ ਅੱਗੇ ਭੇਜ ਦੇਈਏ ਤਾਂ ਸਾਨੂੰ ਅਕਲਮੰਦ ਕੌਣ ਕਹੇਗਾ ? ਫੇਰ, ਸਮਝੌਤੇ ਵਿਚ ਨੌਜਵਾਨਾਂ ਬਾਰੇ ਇਕ ਸ਼ਬਦ ਇਹੋ ਜਿਹਾ ਪਾਇਆ ਹੈ ਜਿਹੜਾ ਬਿਲਕੁਲ ਹੀ ਠੀਕ ਨਹੀਂ ਸੀ। ਉਨ੍ਹਾਂ ਦੀ ਰਿਹਾਈ ਦੇ ਸਬੰਧ ਵਿਚ ਇਹ ਲਿਖਿਆ ਗਿਆ ਹੈ ਕਿ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ ਜਿਹੜੇ ਦੇਸ਼ ਵਿਰੁਧ ਜੰਗ ਛੇੜਨ ਦੇ ਭਾਗੀ ਨਹੀਂ ਸਨ। ਤੁਸੀਂ ਤਾਂ ਐਡੀਟਰ ਹੋ। ਕੀ ਇਸ ਦਾ ਮਤਲਬ ਇਹ ਨਹੀਂ ਨਿਕਲਦਾ ਕਿ ਦੇਸ਼ ਵਿਰੁੱਧ ਜੰਗ ਜ਼ਰੂਰ ਜਾਰੀ ਸੀ ? ਮੈਂ ਸੰਤ ਭਿੰਡਰਾਂਵਾਲਾ ਦੀ ਨੀਤੀ ਦਾ ਸਮਰਥਕ ਨਹੀਂ ਸਾਂ। ਪਰ ਇਹ ਗੱਲ ਕਹਿਣ ਤੋਂ ਮੈਨੂੰ ਕੋਈ ਸੰਕੋਚ ਨਹੀਂ ਕਿ ਦੇਸ਼ ਵਿਰੁੱਧ ਜੰਗ ਤਾਂ ਸੰਤ ਭਿੰਡਰਾਂਵਾਲੇ ਨੇ ਵੀ ਨਹੀਂ ਸੀ ਛੇੜੀ। ਉਸ ਨੇ ਦੇਸ਼ ਤੋਂ ਵੱਖਰੇ ਹੋਣ ਦਾ ਕੋਈ ਨਾਅਰਾ ਕਦੇ ਵੀ ਨਹੀਂ ਲਾਇਆ। ਕੀ ਸਮਝੌਤੇ ਵਿਚ ਇਹ ਸ਼ਬਦ ਪਾ ਕੇ ਸਾਨੂੰ ਝੂਠੇ ਨਹੀਂ ਕੀਤਾ ਗਿਆ ? ਜਿਵੇਂ ਚੋਣਾਂ ਲੜਨ ਸਮੇਂ ਆਨੰਦਪੁਰ ਸਾਹਿਬ ਦੇ ਮਤੇ ਨੂੰ ਵੱਖਵਾਦੀ ਕਹਿੰਦੇ ਰਹੇ ਹਨ। ਸਾਨੂੰ ਲੋਕਾਂ ਦੇ ਪ੍ਰਤੀਨਿਧਾਂ ਨੂੰ ਸ਼ਬਦਾਂ ਦੀ ਵਰਤੋਂ ਬਾਰੇ ਬੜਾ ਚੇਤੰਨ ਰਹਿਣਾ ਪੈਂਦਾ ਹੈ।

? ਸਮਝੌਤੇ ਵਿਚ ਪਹਿਲੀ ਜੁਲਾਈ, 1985 ਦਾ ਜ਼ਿਕਰ ਹੈ। ਉਸ ਦਿਨ ਬਹੁਤ ਥੋੜ੍ਹਾ ਪਾਣੀ ਪੰਜਾਬ ਦੀ ਵਰਤੋਂ ਤੋਂ ਵਾਧੂ ਬਚਿਆ ਸੀ। ਉਸ ਤੋਂ ਵ ਧ ਪਾਣੀ ਸਮਝੌਤੇ ਅਧੀਨ ਤਾਂ ਕਿਸੇ ਹੋਰ ਰਾਜ ਨੂੰ ਨਹੀਂ ਜਾ ਸਕਦਾ। ਤੁਸੀਂ ਸਮਝੌਤੇ ਵਿਚ ਕਿਉਂ ਨੁਕਸ ਕੱਢਦੇ ਹੋ ?

— ਕੇਂਦਰ ਵਾਲਿਆਂ ਨੇ ਪਾਣੀ ਦੇ ਮਾਮਲੇ ਵਿਚ ਵੀ ਉਹੀਓ ਕੁਝ ਕਰਨਾ ਹੈ ਜੋ ਚੰਡੀਗੜ੍ਹ ਦੇ ਮਾਮਲੇ ਵਿਚ ਕੀਤਾ ਹੈ।

? ਇਕੋ ਹੀ ਦੇਸ਼ ਵਿਚ ਰਹਿੰਦਿਆਂ ਅਸੀਂ ਕੇਂਦਰ ਨਾਲ ਕਿੰਨਾ ਕੁ ਲੜ ਸਕਦੇ ਹਾਂ। ਪੰਜਾਬ ਕੋਈ ਆਂਧਰਾ ਪ੍ਰਦੇਸ਼ ਤਾਂ ਨਹੀਂ ਕਿ ਸਾਰੀ ਦੀ ਸਾਰੀ ਵਸੋਂ ਰਾਜ ਦੇ

ਹਿਤਾਂ ਦੀ ਗੱਲ ਕਰੇ ? ਅਕਾਲੀਆਂ ਨਾਲ ਕਿੰਨੀ ਕੁ ਵਸੋਂ ਹੋਰ ਹੈ ਜਿਹੜੀ ਮੋਢੇ ਨਾਲ ਮੋੜਾ ਡਾਹ ਕੇ ਪੰਜਾਬ ਦੀ ਗੱਲ ਕਰਨ ਲਈ ਤਿਆਰ ਹੈ ?

— ਜੇ ਅਸੀਂ 73 ਸੀਟਾਂ ਲੈ ਕੇ ਵੀ ਆਪਣੀ ਗੱਲ ਨਹੀਂ ਮੰਨਵਾ ਸਕਦੇ ਤਾਂ ਫੇਰ ਕਦੋਂ ਮੰਨਵਾਵਾਂਗੇ ?

? ਤੁਸੀਂ ਆਪ ਹੀ ਕਿਹਾ ਹੈ ਕਿ ਇਕੱਠੇ ਰਹਿੰਦੇ ਤਾਂ ਸ਼ਾਇਦ ਤੁਹਾਡੀ ਸਰਕਾਰ ਹੁਣ ਤਕ ਤੋੜ ਵੀ ਦਿੱਤੀ ਜਾਂਦੀ। ਮੰਨਵਾਉਂਦਾ ਕੌਣ ?

— (ਚੁੱਪ ਰਹਿ ਕੇ) ਅਸੀਂ ਬਾਹਰ ਹੋ ਕੇ "ਤੁਹਾਡੀ" ਸਰਕਾਰ ਜਿਉਂਦੀ ਰੱਖੀ ਹੋਈ ਹੈ। (ਹਾਸਾ)।

? ਇਕੱਠੇ ਹੋਣ ਦੀ ਕੋਈ ਸੰਭਾਵਨਾ ਨਹੀਂ ?

— ਨੀਅਤ ਹੋਵੇ ਤਾਂ ਸਭ ਕੁਝ ਹੋ ਸਕਦਾ ਹੈ।

? ਨੀਅਤ ਕਿਵੇਂ ਬਣੇ ?

— ਮੈਂ ਤਾਂ ਕਹਿਨਾ ਕਿ ਇਕ ਗੋਲਮੇਜ਼ ਕਾਨਫਰੰਸ ਹੋਣੀ ਚਾਹੀਦੀ ਹੈ। ਉਸ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਤੀਨਿਧ ਵੀ ਆ ਜਾਣ, ਦਮਦਮੀ ਟਕਸਾਲ ਦੇ ਵੀ, ਬਾਬਾ ਦਲ ਦੇ ਵੀ, ਸਾਡੇ ਵੀ ਤੇ ਚਲੋ ਬਰਨਾਲਾ ਸਾਹਿਬ ਦੀ ਸਰਕਾਰ ਵਾਲੇ ਵੀ। ਜੋ ਸਾਰਿਆਂ ਨੂੰ ਮਨਜ਼ੂਰ ਹੋਵੇ ਕਰ ਲੈਣਾਂ ਚਾਹੀਦਾ ਹੈ।

? ਇਹ ਤਾਂ ਸਾਰੇ ਸਿੱਖ ਹੀ ਹੋ ਗਏ।

— ਗੱਲ ਇਸ ਵੇਲੇ ਸਿੱਖਾਂ ਦੀ ਹੀ ਹੋ ਰਹੀ ਹੈ।

? ਤਾਂ ਉਸ ਵਿਚ ਕਾਂਗਰਸ (ਆਈ) ਵਾਲੇ ਵੀ ਬੁਲਾ ਲੈਣੇ ਚਾਹੀਦੇ ਹਨ। ਉਨ੍ਹਾਂ ਵਿਚ ਵੀ ਸਿੱਖ ਹਨ — ਗੁਰਬਿੰਦਰ ਕੌਰ, ਬੇਅੰਤ ਸਿੰਘ।

— ਉਨ੍ਹਾਂ ਦਾ ਕੀ ਫਾਇਦਾ ! ਉਹ ਤਾਂ ਕੇਂਦਰ ਦੀ ਆਵਾਜ਼ ਹਨ। ਜੋ ਹੁਕਮ ਮਿਲੇਗਾ ਬੋਲਣਗੇ।

? ਜਿੰਨਾ ਚਿਰ ਸਾਰੇ ਪੰਜਾਬੀ ਮਿਲ ਕੇ ਨਹੀਂ ਤੁਰਦੇ ਮੈਨੂੰ ਤਾਂ ਮਸਲਾ ਹੱਲ ਹੁੰਦਾ ਨਜ਼ਰ ਨਹੀਂ ਆਉਂਦਾ। ਤੁਸੀਂ ਤਾਂ ਆਪੋ ਵਿਚ ਹੀ ਫਟੇ ਪਏ ਹੋ। ਜਿਥੋਂ ਤੱਕ ਮੈਂ ਸਮਝਦਾ ਹਾਂ ਤੁਸੀਂ ਮੁੱਖ ਤੌਰ 'ਤੇ ਚਾਰ ਹੋ — ਅਮਰਿੰਦਰ ਸਿੰਘ, ਸੁਖਜਿੰਦਰ ਸਿੰਘ, ਗੁਰਚਰਨ ਸਿੰਘ ਟੌਹੜਾ ਤੇ ਤੁਸੀਂ। ਤੁਸੀਂ ਅੱਗੇ ਤਾਂ ਸਾਰੇ ਇਕੱਠੇ ਹੋ ਕੇ ਨਹੀਂ ਤੁਰੇ। ਹੁਣ ਕਿਵੇਂ ਤੁਰੋਗੇ ?

— ਪਰਿਵਾਰ ਵਿਚ ਹਰ ਤਰ੍ਹਾਂ ਦੇ ਮੈਂਬਰ ਹੁੰਦੇ ਹਨ। ਅਸੀਂ ਬਹੁਤੇ ਖਿੰਡੇ ਹੋਏ ਵੀ ਨਹੀਂ।

? ਜਨਤਾ ਪਾਰਟੀ ਵਾਂਗ ਹੀ ਹੋ। ਜੇ ਚਰਨ ਸਿੰਘ, ਡਿਸਾਈ ਤੇ ਜਗਜੀਵਨ

(ਬਾਕੀ ਪੰਨਾ 14 ਉਤੇ)

(ਪੰਨਾ 13 ਦੀ ਬਾਕੀ)

ਰਾਮ ਦੀ ਥਾਂ ਇਨ੍ਹਾਂ ਵਿਚੋਂ ਕੋਈ ਵੀ ਇਕ ਹੁੰਦਾ ਤਾਂ ਘੱਟੋ ਘੱਟ ਇਕ ਟਰਮ ਜ਼ਰੂਰ ਕੱਢ ਜਾਂਦੀ।

— ਮੈਂ ਤੁਹਾਡੇ ਜਿੰਨਾ ਨਿਰਾਸ਼ਾਵਾਦੀ ਨਹੀਂ।

? ਤੁਸੀਂ ਠੀਕ ਕਹਿੰਦੇ ਹੋ। ਪਰ ਮੈਨੂੰ ਪੰਜਾਬ ਦਾ ਮਸਲਾ ਬਹੁਤ ਉਲਝਿਆ ਹੋਇਆ ਜਾਪਦਾ ਹੈ। ਗੜਬੜ ਕਰਨ ਵਾਲਿਆਂ ਨੂੰ ਬੜੀ ਮਾਰ ਪੈਣੀ ਹੈ। ਬਚਣੇ ਉਹ ਵੀ ਨਹੀਂ ਜਿਹੜੇ ਗੜਬੜ ਨਹੀਂ ਕਰ ਰਹੇ। ਸਾਨੂੰ ਇਕੱਠਿਆਂ ਹੋ ਕੇ ਤੁਰਨ ਦੀ ਲੋੜ ਹੈ। ਸਖਤ ਲੋੜ। ਤੇ ਤੁਸੀਂ ਆਪਣਾ ਉਹ ਬਿੰਬ ਵੀ ਗੁਆਈ ਜਾਂਦੇ ਹੋ ਜਿਸ ਦਾ ਸਦਕਾ ਦੋਵੇਂ ਫਿਰਕੇ ਤੁਹਾਡੇ ਨਾਲ ਸਨ।

— ਇਹ ਕੰਮ ਤਾਂ ਮੀਡੀਆ ਕਰ ਰਿਹਾ ਹੈ। "ਪੰਜਾਬੀ ਟ੍ਰਿਬਿਊਨ" ਬਾਰੇ ਮੈਂ ਕੁਝ ਨਹੀਂ ਕਹਿੰਦਾ। ਇਹ ਕੰਮ ਤਾਂ ਸਰਕਾਰੀ ਮੀਡੀਆ ਕਰਦਾ ਹੈ ਜਾਂ ਫੇਰ ਨੈਸ਼ਨਲ ਪ੍ਰੈਸ। ਸਭ ਵਿਕੇ ਪਏ ਹਨ। ਪੰਜਾਬ ਨੂੰ ਟੇਢੀ ਖੀਰ ਬਣਾਉਣ ਵਿਚ ਸਭ ਦਾ ਹੱਥ ਹੈ।

? ਕਿਸੇ ਨੂੰ ਅਜਿਹਾ ਕਰਨ ਦੀ ਕੀ ਲੋੜ ਹੈ?

— ਕਿਉਂ? ਲੋੜ ਕਿਉਂ ਨਹੀਂ? ਪਹਿਲਾਂ ਤਾਂ ਪੰਜਾਬੀਆਂ ਨੂੰ ਦਹਿਸ਼ਤਵਾਦੀ, ਭਿਆਨਕ ਤੇ ਜ਼ਾਲਮ ਦਿਖਾਇਆ ਜਾਵੇਗਾ ਤੇ ਫੇਰ ਇਨ੍ਹਾਂ ਨੂੰ ਕੁੱਟਿਆ ਜਾਵੇਗਾ, ਕੁੱਟਣ ਤੋਂ ਪਿਛੋਂ ਇਹ ਸਾਬਤ ਕੀਤਾ ਜਾਵੇਗਾ ਕਿ ਕੇਂਦਰ ਦੀ ਮੌਜੂਦਾ ਸਰਕਾਰ ਹੀ ਇਹੋ ਜਿਹਾ ਸਟੈਂਡ ਲੈਣ ਦੇ ਸਮੱਰਥ ਹੈ ਤੇ ਫੇਰ ਬੁੱਕਾਂ ਦੇ ਬੁੱਕ ਵੋਟਾਂ ਮਿਲਣਗੀਆਂ। ਜਿਵੇਂ ਪਹਿਲਾਂ ਚੋਣਾਂ ਵਿਚ ਮਿਲ ਕੇ ਹਟੀਆਂ ਹਨ। ਇਹ ਸੌਦਾ ਕਿਵੇਂ ਮਾੜਾ ਹੋਇਆ?

? ਇਹ ਗੱਲ ਤਾਂ ਬੜੀ ਚਿੰਤਾ ਵਾਲੀ ਹੈ।

— ਮੈਂ ਤਾਂ ਉਸ ਫਿਰਕੇ ਬਾਰੇ ਸੋਚਦਾ ਹਾਂ ਜਿਹੜਾ ਇਸ ਵੇਲੇ ਨਾਲ ਨਹੀਂ ਤੁਰ ਰਿਹਾ। ਜਦੋਂ ਮਾਰ ਪੈਣ ਹੈ ਤਾਂ ਸਭ ਨੂੰ ਇਕੋ ਜਿਹੀ ਪੈਣੀ ਹੈ। ਸਾਰਾ ਪੰਜਾਬ ਨਸ਼ਟ ਹੋਵੇਗਾ। ਮੈਨੂੰ ਤਾਂ ਜੋ ਕਹੋ ਕਰਨ ਨੂੰ ਤਿਆਰ ਹਾਂ। ਪੰਜਾਬ ਤੋਂ ਬਿਨਾਂ ਮੈਂ ਹੋਰ ਕਿਸ ਰਾਜ ਬਾਰੇ ਸੋਚਣਾ ਹੈ?

? ਤੁਹਾਡੇ ਨਵੇਂ ਪੈਂਤੜੇ ਤੋਂ ਇਹ ਗੱਲ ਸਾਹਮਣੇ ਨਹੀਂ ਆਉਂਦੀ। ਸ਼ਾਇਦ ਸੋਧ ਦੀ ਲੋੜ ਹੈ।

— ਸੋਧ ਤਾਂ ਹੁਣ ਬਾਅਦ ਵਿਚ ਹੀ ਹੋਵੇਗੀ। ਸਾਨੂੰ ਤਾਂ ਇਨ੍ਹਾਂ ਨੇ ਫੜ ਹੀ ਲੈਣਾ ਹੈ। ਅਸੀਂ ਦਿੱਲੀ ਜਾ ਰਹੇ ਹਾਂ। ਸ਼ਾਇਦ ਉਥੇ ਹੀ ਫੜ ਲੈਣ।

ਸਮਾਂ ਕਾਫੀ ਹੋ ਚੁੱਕਾ ਸੀ। ਕਿਸੇ ਦਾ ਜ਼ਰੂਰੀ ਟੈਲੀਫੋਨ ਵੀ ਆ ਗਿਆ। ਮੈਂ ਆਗਿਆ ਲੈ ਕੇ ਬਾਹਰ ਨੂੰ ਤੁਰਿਆ ਤਾਂ ਸ੍ਰੀ ਬਾਦਲ ਦੀ ਆਵਾਜ਼ ਸੁਣਾਈ ਦੇ ਰਹੀ ਸੀ, "ਗ੍ਰਿਫਤਾਰੀ ਲਈ ਤਿਆਰ ਹੋ ਕੇ ਜਾਇਓ। ਕੱਛੇ ਪਜਾਮੇ ਲੈ ਲਿਓ।"

ਸ਼ਾਮ ਦੇ ਘੁਸ-ਮੁਸੇ ਵਿਚ ਲਾਅਨ ਤੇ ਵਰਾਂਡਾ ਲੋਕਾਂ ਨਾਲ ਭਰਿਆ ਹੋਇਆ ਦਿਖਾਈ ਦਿਤਾ। ਲਗਭਗ ਸਾਰੇ ਹੀ ਨੌਜਵਾਨ ਸਨ ਜਾਂ ਨੌਜਵਾਨਾਂ ਵਰਗੇ। ਏਨੇ ਨੌਜਵਾਨ ਕਿਥੋਂ ਆ ਗਏ? ਇਹ ਸੋਚ ਕੇ ਮੈਨੂੰ ਚੇਤਾ ਆਇਆ ਕਿ ਵਿਦਿਆਰਥੀ ਸੰਗਠਨਾਂ ਦਾ ਚੰਡੀਗੜ੍ਹ ਵਿਚ ਮੁਜ਼ਾਹਰਾ ਹੋ ਕੇ ਹਟਿਆ ਸੀ। ਸ਼ਾਇਦ ਉਥੋਂ ਆਏ ਹੋਣਗੇ। ਦਰ ਉਤੇ ਭੀੜ ਭੜੱਕੇ ਬਿਨਾਂ ਤਾਂ ਰਾਜਨੀਤਕ ਨੇਤਾ ਦਾ ਕੋਈ ਰੂਪ ਹੀ ਨਹੀਂ ਨਿਖਰਦਾ। ਨੌਜਵਾਨਾਂ ਦਾ ਇਕੱਠ ਜਿਵੇਂ ਇਸ ਗੱਲ ਉਤੇ ਮੋਹਰ ਲਾ ਰਿਹਾ ਹੋਵੇ ਕਿ ਸ: ਪ੍ਰਕਾਸ਼ ਸਿੰਘ ਬਾਦਲ ਸਭ ਕੁਝ ਦੇ ਬਾਵਜੂਦ ਹਰਮਨ ਪਿਆਰਾ ਹੈ।

ਜ਼ਰਾ ਹੱਸ ਲਓ!

ਇਕ ਮਰਾਸੀ ਦੀ ਇਕ ਲੱਖ ਰੁਪੈ ਦੀ ਲਾਟਰੀ ਨਿਕਲੀ। ਉਹਨੇ ਇਹ ਖਬਰ ਖੁਸ਼ੀ ਖੁਸ਼ੀ ਆ ਕੇ ਆਪਣੇ ਘਰਦਿਆਂ ਨੂੰ ਸੁਣਾਈ। ਮਰਾਸੀ ਦੀ ਵਹੁਟੀ ਕਹਿਣ ਲੱਗੀ, 'ਏਨੀ ਦੌਲਤ ਅਸੀਂ ਕੀ ਕਰਾਂਗੇ।'

ਮਰਾਸੀ ਨੇ ਉੱਤਰ ਦਿੱਤਾ, 'ਕੋਠੀ, ਨੌਕਰ-ਚਾਕਰ ਤੇ ਕਾਰ...' ਕਾਰ ਦਾ ਨਾਂਅ ਸੁਣਦੇ ਹੀ ਮਰਾਸੀ ਦੀ ਕੁੜੀ ਬੜੀ ਖੁਸ਼ੀ ਵਿਚ ਉਛਲੀ ਅਤੇ ਬੋਲੀ, 'ਆਹਾ, ਕਿੰਨਾ ਮਜ਼ਾ ਆਏਗਾ ਜਦ ਕਾਰ ਵਿਚ ਬੈਠਕੇ ਮੰਗਿਆ ਕਰਾਂਗੇ।'

ਪੇਸ਼ਕਸ਼-ਹਰਪ੍ਰੀਤ ਕੌਰ

ਸ਼ੁਭ ਵਿਆਹ!



ਹਰਪਾਲ ਸ਼ਰਮਾ ਤੇ ਗੀਤਾ ਜਿਨ੍ਹਾਂ ਦਾ ਵਿਆਹ ਪਿਛਲੇ ਦਿਨੀਂ ਕਿਟੀਮੈਟ ਵਿਚ ਹੋਇਆ



ਵਿਆਹ ਸਮੇਂ ਹਾਜ਼ਰ ਵਿਅਕਤੀਆਂ ਵਿਚ ਬ੍ਰਿਜ ਸ਼ਰਮਾ, ਮਚੈਲਾ ਪਰਵਾਰ, ਪਾਲ ਤੇ ਸ਼ੁਕੰਤਲਾ ਸ਼ਰਮਾ ਮੌਡਗਿਲ ਪ੍ਰਵਾਰ, 'ਕੈਨੇਡਾ ਦਰਪਣ' ਦੇ ਸੰਪਾਦਕ ਦਰਸ਼ਨ ਗਿੱਲ, ਜਗਤਾਰ ਗਿੱਲ, ਹਾਕਮ ਹਾਂਸ, ਹਰਪਾਲ ਤੇ ਗੀਤਾ ਸ਼ਰਮਾ

6 ਅਗਸਤ 1945 ਨੂੰ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਤੇ ਹੋਏ ਐਟਮੀ ਹਮਲੇ 'ਚ ਮਰਨ ਵਾਲਿਆਂ ਦੀ ਯਾਦ ਚ ਬੀਤੇ ਦਿਨ ਨਵੀਂ ਦਿੱਲੀ 'ਚ ਐਟਮੀ ਜੰਗ ਦੇ ਖਤਰਿਆਂ ਵਿਰੁਧ ਨੰਨ੍ਹੇ-ਮੁੰਨ੍ਹੇ ਬੱਚਿਆਂ ਦੀ ਅਗਵਾਈ ਚ ਕੀਤੇ ਗਏ ਮਾਰਚ ਦਾ ਦ੍ਰਿਸ਼।



ਸਾ ਹਿ ਤ ਦ ਰ ਪ ਣ

ਕਹਾਣੀ:

ਸਾਂਝ

ਮੋਹਨ ਭੰਡਾਰੀ

ਉਹਨੇ ਚਿੱਠੀ ਪੜ੍ਹੀ। ਸਾਧਾਰਣ ਜਿਹੀ ਸੀ। ਉਹ ਵੀ ਪੋਸਟ-ਕਾਰਡ ਉਤੇ। ਉਹੀ ਆਮ ਫਹਿਮ ਗੱਲਾਂ। ਉਹਨੂੰ ਕੋਈ ਹੈਰਾਨੀ ਨਾ ਹੋਈ। ਇਹੀ ਰਵੱਈਆ ਸੀ, ਸਤ ਪ੍ਰਕਾਸ਼ ਦਾ। ਜਾਂ ਤਾਂ ਸਾਲਾਂ ਬੱਧੀ ਲਿਖਦਾ ਹੀ ਨਹੀਂ ਸੀ। ਜੇ ਕਦੇ ਕਦਾਈਂ ਲਿਖਦਾ ਵੀ ਸੀ ਤਾਂ ਓਹੀ ਘਸੇ ਪਿਟੇ ਫਿਕਰੇ : ਆਪਦੀ ਖੈਰੀਅਤ ਭਗਵਾਨ ਤੋਂ ਸ਼ੁਭ ਚਾਹੁੰਦਾ ਹਾਂ। ਜ਼ਮਾਨਾ ਖਰਾਬ ਹੈ; ਹੁਸ਼ਿਆਰੀ ਨਾਲ ਰਹਿਣਾ। ਕਿਸੇ ਨਾਲ ਲੜਨਾ ਝਗੜਨਾ ਨਹੀਂ। ਬੱਚਿਆਂ ਨੂੰ ਪਿਆਰ .... ਆਦਿ। ਹਾਂ, ਉਸ ਵਿਚ ਇਕ ਗੱਲ ਪੱਕੀ ਸੀ। ਸੰਬੋਧਨ ਤੋਂ ਬਾਅਦ ਉਹ, 'ਜੈ ਜੈ ਸੀਆ ਰਾਮ' ਲਿਖਣਾ, ਕਦੇ ਨਹੀਂ ਸੀ ਭੁਲਦਾ। ਕੁਝ ਵਿਸ਼ੇਸ਼ ਜਾਂ ਉਚੇਚ ਉਹਦੀ ਲਿਖਤ ਵਿਚੋਂ ਸਹਿਜੇ ਨਹੀਂ ਸੀ ਲੱਭਦਾ। ਇਹ ਗੱਲ ਸ਼ਾਇਦ ਉਹ ਪੜ੍ਹਨ ਵਾਲੇ ਤੇ ਛੱਡ ਦਿੰਦਾ ਸੀ। ਓਹੀ ਮੱਥਾ ਮਾਰੇ ਤੇ ਸਤਰਾਂ ਵਿਚਲਾ ਭੇਤ ਲੱਭੇ। ਜ਼ਿੰਦਗੀ ਦੇ ਹੋਰ ਮਾਮਲਿਆਂ ਬਾਰੇ ਵੀ ਉਹਦਾ ਇਹੀ ਵਤੀਰਾ ਸੀ ਸਹਿਜ, ਸਾਵਾਂ, ਕੋਰਾ। ਜਾਂ ਕਹਿ ਲਵੋ ਕਿ ਵਿਹਾਰੀ ਬੰਦਾ ਸੀ ਉਹ। ਕਾਰੋਬਾਰੀ ਤੇ ਦੁਨੀਆਂਦਾਰ। ਨਾ ਕਿਸੇ ਨਾਲ ਬਹੁਤਾ ਮੋਹ। ਨਾ ਵੈਰ। ਵਾਲ ਲਗਦੀ ਸਾਰੇ ਤੀਰਥਾਂ 'ਤੇ ਜਾਣਾ, ਰਹੁ ਰੀਤਾਂ ਨਿਭਾਉਣੀਆਂ ਤੇ ਮੇਲੇ ਮਸਾਵਿਆਂ ਵਿਚ ਸ਼ਾਮਲ ਹੋਣਾ ਉਹਦੀ ਆਦਤ ਸੀ। ਕੰਮ ਸਾਰਨ ਜੋਗੀਆਂ ਤਿੰਨ ਜ਼ਬਾਨਾਂ ਉਹਨੂੰ ਆਉਂਦੀਆਂ ਸਨ। ਉਰਦੂ, ਹਿੰਦੀ ਤੇ ਪੰਜਾਬੀ। ਜਿਸ 'ਚ ਚਾਹੇ ਲਿਖ ਦਿੰਦਾ। ਉਰਦੂ ਦਾ ਮੁਹਾਵਰਾ ਤੇ ਵਹਾਓ ਉਹਦਾ ਦੇਖਿਆਂ ਹੀ ਬਣਦਾ ਸੀ। ਲਫਜ਼ ਮੋਤੀਆਂ ਵਰਗੇ। ਹਿੰਦੀ ਤੇ ਪੰਜਾਬੀ ਦਲ ਲਿਖਤ ਵੀ ਮਾੜੀ ਨਹੀਂ ਸੀ ਕਹੀ ਜਾ ਸਕਦੀ। ਹਾਂ ਪੰਜਾਬੀ ਦੀ ਲਿਖਤ ਵਿਚ 'ਸ' ਤੇ 'ਮ' ਦਾ ਫਰਕ ਫਿਕਰਾ ਪੜ੍ਹਕੇ ਹੀ ਲਾਉਣਾ ਪੈਂਦਾ। ਇਹ ਇਸ ਕਰਕੇ ਹੋ ਜਾਂਦਾ ਕਿ ਪੂਰੀ ਸਤਰ ਲਿਖਣ ਤੋਂ ਬਾਅਦ ਉਹ ਉਸ ਉਤੇ ਲਕੀਰ ਖਿਚ ਦਿੰਦਾ। ਆਦਤ ਜੁ ਬਣ ਗਈ ਸੀ।

ਐਨੇ ਚਿਰ ਪਿਛੋਂ ਲਿਖਿਆ ਤੇ ਕੀ ਲਿਖਿਆ ? ਉਹਨੂੰ ਸਤ ਪ੍ਰਕਾਸ਼ 'ਤੇ ਖਿਝ ਆਈ। ਆਖਿਰ ਉਹਦਾ ਬੜਾ ਭਾਈ ਸੀ। ਵਿਸਥਾਰ ਨਾਲ ਲਿਖਦਾ। ਭਾਬੀ ਬਾਰੇ, ਭਤੀਜੇ ਅਸ਼ੋਕ ਬਾਰੇ; ਨੂੰਹ ਬਾਰੇ ..... ਹੁਣ ਤਾਂ ਸੁਖ ਨਾਲ ਉਹਦੀ ਗੋਦੀ ਨਿਆਣੇ। ਚਲੋ ਖੈਰ ! ਇਹ ਤਾਂ ਉਹਦਾ ਆਪਣਾ ਟੱਬਰ ਹੋਇਆ। ਨਹੀਂ ਲਿਖਿਆ ਕੁਝ ਨਾ ਸਹੀ। ਘੱਟੋ ਘੱਟ ਬਿਰਧ- ਪਿਓ ਤੇ ਬੁੜ੍ਹੀ ਹੋਈ ਵਿਧਵਾ ਭੂਆ ਬਾਰੇ ਤਾਂ ਦੋ ਸਤਰਾਂ ਲਿਖ ਦਿੰਦਾ। ਉਹ ਤਾਂ ਸਾਂਝੇ ਸਨ। ਟੱਬਰ ਦੀ ਸਾਂਝ ਉਹਨਾਂ ਸਦਕਾ ਹੀ ਤਾਂ ਬਣੀ ਹੋਈ ਸੀ ਅਜੇ। ਖਾਨਦਾਨ ਦੀ ਜਾਇਦਾਦ ਦਾ ਕੋਈ ਬਾਕਾਇਦਾ ਵੰਡ ਵੰਡਾਰਾ ਤਾਂ ਨਹੀਂ ਸੀ ਹੋਇਆ। ਹੋਰ ਨਾ ਸਹੀ, ਹਿੰਦੂ ਸੰਯੁਕਤ ਪਰਿਵਾਰ ਦੀ ਮਾਣ ਮਰਯਾਦਾ ਦਾ ਉਹਨੂੰ ਕੁਝ ਪਾਸ ਹੋਣਾ ਚਾਹੀਦੈ। ਹਰੇਕ ਟੱਬਰ ਦੇ ਕੁਝ ਤੌਰ ਤਰੀਕੇ; ਕੋਈ ਸੰਸਕਾਰ ਤਾਂ ਹੁੰਦੇ ਈ ਨੇ ! ਫੇਰ ਉਪਰੋਂ ਹਾਲਾਤ ਤਾਂ ਦੇਖੋ ਕੀ ਨੇ !!



ਪ੍ਰਸਿਧ ਕਹਾਣੀਕਾਰ ਮੋਹਣ ਭੰਡਾਰੀ, ਦਰਸ਼ਨ ਗਿੱਲ ਅਤੇ ਹਰਭਜਨ ਹਲਵਾਰਵੀ ਨਾਲ

ਉਹ ਮੱਥਾ ਫੜਕੇ ਬੈਠ ਗਿਆ। ਤੇ ਡੂੰਘੀ ਸੋਚ ਵਿਚ ਗੁਆਚ ਗਿਆ। "ਹਾਲਾਤ" ਕੁਝ ਚਿਰ ਪਿਛੋਂ ਉਹ ਬੁੜਬੜਾਇਆ। ਆਪਣੇ ਬੁਲ੍ਹਾਂ 'ਤੇ ਆਈ ਸਿੱਕਰੀ ਉਤੇ ਉਹਨੇ ਜੀਭ ਫੇਰੀ। ਸਿਰ ਦੇ ਉਸ ਗੰਜੇ ਭਾਗ ਉਤੇ ਹੱਥ ਫੇਰਿਆ ਜਿਸ ਹੇਠਾਂ ਉਹਦੀ ਅਕਲ ਦੁਬਕੀ ਬੈਠੀ ਸੀ। ਉਂਝ ਮੱਥੇ ਅਤੇ ਉਸ ਭਾਗ ਵਿਚ ਹੁਣ ਕੋਈ ਫਰਕ ਨਹੀਂ ਸੀ ਰਹਿ ਗਿਆ। ਦੇਖਣ ਵਾਲੇ ਨਿਰਖੀ ਬੰਦੇ ਨੂੰ ਇਹ ਪਤਾ ਨਹੀਂ ਸੀ ਲਗਦਾ ਕਿ ਉਹਦਾ ਮੱਥਾ ਕਿਥੋਂ ਸ਼ੁਰੂ ਹੁੰਦਾ ਹੈ ਤੇ ਸਿਰ ਕਿਥੇ ਖਤਮ। ਸ਼ੀਸ਼ੇ ਮੂਹਰੇ ਖੜ੍ਹਿਆਂ ਉਹਨੂੰ ਵੀ ਕਈ ਵੇਰਾਂ ਅਜਿਹਾ ਅਹਿਸਾਸ ਹੋਇਆ ਸੀ। ਪਰ ਹੁਣ ਉਹ ਅਹਿਸਾਸ ਪਤਾ ਨਹੀਂ ਕਿਥੇ ਮਰ ਮੁੱਕ ਗਿਆ ਸੀ। ਗਰਦਨ ਉਹਦੀ ਮੋਟੀ ਹੋ ਗਈ ਸੀ। ਟਾਈਆਂ ਤੰਗ। ਢਿੱਡ ਰੱਜੇ ਹੋਏ ਸੂਰ ਵਾਂਗ ਫੁਲ ਗਿਆ ਸੀ। ਟੰਗਾਂ ਭਾਰ ਚੁੱਕਣੋਂ ਅਸਮਰਥ। ਪਰ ਗੁਆਚੇ ਅਹਿਸਾਸ ਨੇ ਇਹ ਦੱਸਣ ਥੋੜੋ ਆਉਣਾ ਸੀ ! ਉਹਦੇ ਕੋਲ ਗੱਡੀ ਜੁ ਹੈ ਸੀ ; ਸ਼ਿਵਰਲੇ ! ਕੋਠੀ ਸੀ। ਚਾਰ ਕਨਾਲ ਦੀ। ਚਾਰ ਬੈਡ ਰੂਮ। ਚਾਰੇ ਗੱਦਿਆਂ ਨਾਲ ਤੁੰਨੇ ਹੋਏ। ਐਨ੍ਹ ਉਹਦੇ ਢਿੱਡ ਵਾਂਗ ! ਅਜਿਹੇ 'ਹਾਲਾਤ' ਵਿਚ ਅਕਲ ਦੁਬਕੇ ਨਾ ਤਾਂ ਹੋਰ ਕੀ ਕਰੇ ! ਚਾਰੇ ਪਾਸਿਓਂ ਤਾਂ ਉਹ ਤੂੜਿਆ ਪਿਆ ਸੀ। ਜਿਧਰ ਦੇਖੋ : ਕੂੜ ਕਬਾੜ। ਇਕ ਪਾਸੇ ਧਨ ਦਾ। ਦੂਜੇ ਪਾਸੇ ਮਨ ਦਾ। ਤੀਵੀਂ ਦਾ ਅੱਡ ਖਿਲਾਰਾ। ਕਾਲੀ ਕਿਨਾਰੀ ਵਾਲੀ ਚਿੱਟੀ ਸਾੜ੍ਹੀ ਪਾਈਂ ਉਹ ਪਲੰਘ ਉਤੇ ਇੰਟ ਪੋਟਦੀ ਜਿਵੇਂ ਉਠਣਾ ਈ ਨਾ ਹੋਵੇ। ਉਠਣ ਜੋਗੀ ਰਹੀ ਵੀ ਹੋਵੇ ਤਾਂ ਉਠੇ। ਖਾ ਲਿਆ ..... ਪੈ ਗਈ। ਖਾ ਲਿਆ ਸੌਂ ਗੀ। ਪੈ ਗਈ ਜਾਂ ਸੌਂਗੀ। ਕੁਝ ਪਤਾ ਹੀ ਨਹੀਂ ਸੀ ਲਗਦਾ। ਹਾਂ, ਸੱਚ ਲਗਦਾ ਸੀ। ਓਦੋਂ ਜਦੋਂ ਉਹ ਹਾਏ ! ਹਾਏ !! ਕਰਦੀ ... ਬੁੜ ਬੁੜ ਕਰਦੀ ਜਾਂ ਨੌਕਰਾਂ ਨੂੰ ਝਿੜਕਾਂ ਦਿੰਦੀ। ਆਥਣ ਸਵੇਰ ਓਹਨੂੰ ਓਦੋਂ ਸੁਖ ਦਾ ਸਾਹ ਆਉਂਦਾ ਜਦੋਂ ਉਹ ਪਾਠ-ਪੂਜਾ ਵਿਚ ਲੀਨ ਹੁੰਦੀ। ਨਹੀਂ ਤਾਂ ਸਾਹਮਣੇ ਨਿਸਲ ਪਈ ਉਹ ਉਸਤੋਂ ਜਰੀ ਨਹੀਂ ਸੀ ਜਾਂਦੀ। ਦੇਖਣੀ ਤਾਂ ਭਲਾ ਪੈਂਦੀ ਹੀ ਸੀ। ਸਾਹਮਣੇ ਪਈ ਦੇਖਕੇ ਅੱਖਾਂ ਥੋੜੋ ਮੁੰਦ ਹੁੰਦੀਆਂ ਨੇ ! ਸਚਾਈ ਤਾਂ ਅੱਖਾਂ ਮੀਚਿਆਂ ਵੀ ਦਿਸੀ ਜਾਂਦੀ ਐ !!

ਹਾਲਾਤ .....! ਉਹਦੇ ਮੋਟੇ ਤੇ ਸੁੱਕੇ ਬੁਲ੍ਹ ਥਿਰਕੇ। ਥਿਰਕੇ ਤੇ ਕੰਬੇ।

'............

'ਦੇਖੋ ਓਏ ਕਰਦਾ ਕੀ ਐ !! ਅਖੇ : ਤੈਨੂੰ ਤਾਂ ਮਲੂਮ ਈ ਐ ! ..... ਆਹੋ ਮਲੂਮ ਐਂ !! ਮਾਲੂਮ ਨੂੰ ਮੈਂ ਨਿਆਣਾਂ ..... ਦੁੱਧ ਚੁੰਘਦਾਂ ! ..... ਚੰਡੀਗੜ੍ਹ ਰਹਿਨੈਂ ! .... ਆਹੋ ਰਹਿਨਾਂ ਚੰਡੀਗੜ੍ਹ ..... ਕੱਢਣੈਂ ਮੈਨੂੰ ਏਥੀ ? ਹੱਦ ਏਗੀ, ਬਈ ! ਹਮਾਕਤ ਆਲੀ। ਬਈ, ਤੁਸੀਂ ਸਿੱਧੀ ਤਰ੍ਹਾਂ ਗੱਲ ਕਰੋ। ਜਦੋਂ ਕਰਨਗੇ .... ਵੱਢਮੀਂ ਕਰਨਗੇ। ਹੌਲੀ ਹੌਲੀ ਪੋ ਪੋ ਰੀਆਂ ਕਰਕੇ। ਸੂਲਾਂ ਚੁਭੋਣਗੇ। ਵਿਚਲੀ ਗੱਲਾਂ ਕਰਕੇ। ਤੁਸੀਂ ਇਸਦਾ ਮਤਲਬ ਕੱਢੋ .... "ਚੰਡੀਗੜ੍ਹ ਰਹਿਨੈਂ ਪਤੈ ਕੀ ਕਹਿੰਦੇ ? ਕਹਿੰਦੇ ! 'ਤੂੰ ਸੇਫ ਐਂ ; ਸੁਰਖਿਅਤ ! ਖਾਂਦਾ ਪੀਂਦਾ ਤੇ ਸੌਖਾ ! ਸੌਖਾ ਤੇ ਖਤਰੇ ਤੋਂ ਬਾਹਰ ! ਕੋਈ ਉਸਤੋਂ ਪੁੱਛੇ, ਮੈਂ ਪੈਰਿਸ ਬੈਠਾਂ ! ਕਿ ਮਾਸਕੋ ?! ਚੰਡੀਗੜ੍ਹ ! ਚੰਡੀਗੜ੍ਹ !! ਲਾਈਐ। ਡੂਢ ਮਿੰਟ ਦੀ ਮਾਰ ਨੀ, ਚੰਡੀਗੜ੍ਹ। ਉਤੋਂ ਪਤੈ ਕੀ ਲਿਖਦੇ ? ਲਿਖਦੇ, "ਉਂ ਏਧਰ ਖਤਰੇ ਆਲੀ ਕੋਈ ਬਾਤ ਨੀ।" ਬਈ, ਜੇ ਖਤਰੇ ਆਲੀ ਕੋਈ ਬਾਤ ਨੀ ਤਾਂ ਫੇਰ ਕੋਈ ਬਾਤ ਨੀ। ਲਿਖਦਾ ਕਾਹਨੂੰ ਐਂ ? ਬਾਤ ਤਾਂ ਹੈ .... ਸਤ ਪ੍ਰਕਾਸ਼ ! ਬਾਤ ਹੈ !! ਫੇਰ : ਤੈਨੂੰ ਤਾਂ ਮਲੂਮ ਈ ਐ ! .... ਹੂੰ !! ਮੈਨੂੰ 'ਕੱਲੇ ਨੂੰ ਮਲੂਮ ਐਂ ? ਸਾਰੀ ਦੁਨੀਆਂ ਜਾਣਦੀ ਐ। ਬਈ ਪੰਜਾਬ ਦੇ ਹਾਲਾਤ ਠੀਕ ਨੀ। ਤੂੰ ਕਹਿਣਾ ਕੀ ਚਾਹੁੰਨੈਂ ? .... ਸਤ ਪ੍ਰਕਾਸ਼ !'

ਬਾਕੀ ਪੰਨਾ 16 ਉਤੇ

—0—

ਬਾਦਸ਼ਾਹ ਅਤੇ ਬੀਰਬਲ ਸੈਰ ਕਰਦੇ ਕਰਦੇ ਜਦ ਇਕ ਪਿੰਡ ਪੁੱਜੇ ਤਾਂ ਰਸਤੇ ਵਿਚ ਬਾਦਸ਼ਾਹ ਨੇ ਵੇਖਿਆ ਕਿ ਇਕ ਕੁੱਤਾ ਰੋਟੀ ਦੇ ਟੁਕੜੇ ਨੂੰ ਜੋ ਕਈ ਦਿਨਾਂ ਦਾ ਸੁੱਕਾ ਹੋਣ ਕਰਕੇ ਕਾਲਾ ਹੋ ਗਿਆ ਸੀ, ਖਾ ਰਿਹਾ ਸੀ। ਬਾਦਸ਼ਾਹ ਨੇ ਮਖੌਲ ਕਰਨਾ ਚਾਹਿਆ। ਉਹਨੇ ਕਿਹਾ ਬੀਰਬਲ ਵੇਖ, 'ਕੁੱਤਾ ਕਾਲੀ ਨੂੰ ਖਾ ਰਿਹਾ ਹੈ।' ਇੱਛਾ ਨੂੰ ਦਬਾਕੇ ਬੀਰਬਲ ਬੋਲਿਆ, 'ਜਹਾਂ ਪਨਾਹ ਉਹਦੇ ਲਈ ਕਾਲੀ ਹੀ ਨਿਆਮਤ ਹੈ।' ਬਾਦਸ਼ਾਹ ਉੱਤਰ ਸੁਣਕੇ ਸ਼ਰਮਿੰਦਾ ਤਾਂ ਹੋਇਆ ਪਰ ਫਿਰ ਬੋਲਿਆ ਕਿ ਬੀਰਬਲ ਤੂੰ ਸੋਚਕੇ ਨਹੀਂ ਬੋਲਦਾ, 'ਕੀ ਤੈਨੂੰ ਪਤਾ ਨਹੀਂ ਕਿ ਮੇਰੀ ਮਾਂ ਦਾ ਨਾਂ ਨਿਆਮਤ ਸੀ। ਜਿਸ ਨੂੰ ਤੂੰ ਕੁੱਤੇ ਤੋਂ ਖਵਾ ਰਿਹਾ ਹੈਂ।' ਬੀਰਬਲ ਨੇ ਨਿਮਰਤਾ ਨਾਲ ਕਿਹਾ, 'ਜਹਾਂ ਪਨਾਹ ਤੁਸੀਂ ਵੀ ਤਾਂ ਮੇਰੀ ਮਾਂ ਨੂੰ ਪਹਿਲੇ ਕੁੱਤੇ ਕੋਲੋਂ ਖਵਾਇਆ ਹੈ। ਤੁਹਾਨੂੰ ਵੀ ਤਾਂ ਇਹ ਪਤਾ ਸੀ ਕਿ ਮੇਰੀ ਮਾਂ ਦਾ ਨਾਂ ਕਾਲੀ ਹੈ। ਫਿਰ ਤੁਸਾਂ ਇਹ ਗੱਲ ਕਿਉਂ ਕਹੀ ? ਜਿਸ ਕਰਕੇ ਮੈਨੂੰ ਇਹ ਗੱਲ ਆਖਣੀ ਪਈ।

ਪੰਨਾ 15 ਦੀ ਬਾਕੀ

'ਹਾਲਤ ! ਖਤਰਾ !!' ਉਸ ਤੋਂ ਕੁਝ ਉਚੀ ਬੁੜਬੜਾਇਆ ਗਿਆ। ਤੇ ਫੇਰ ਉਹਦਾ ਸਾਹ ਫੁੱਲ ਗਿਆ। ਫੁੱਲਕੇ ਘੁਟਣ ਲਗ ਪਿਆ। ਉਹ ਲੱਤਾਂ ਨਿਸਾਲਕੇ, ਆਰਾਮ ਕੁਰਸੀ 'ਤੇ ਢਾਸਣਾ ਲਾ ਕੇ, ਪੈਣ ਵਾਂਗ ਬੈਠ ਗਿਆ।

....

ਮੋਤੀ ਰਾਮ, ਉਹਦੇ ਨੌਕਰ ਨੂੰ, ਪਤਾ ਸੀ ਕਿ ਜਦੋਂ ਉਹਦੇ ਸਾਅ੍ਬ ਨੂੰ ਦੌਰਾ ਪੈਂਦਾ ਸੀ ਤਾਂ ਏਦਾਂ ਈ ਪੈਂਦਾ ਸੀ। ਡਾਕਟਰ ਨੇ ਇਕ ਅਜੀਬ ਜਿਹੀ ਬੀਮਾਰੀ ਦਾ ਨਾਂ ਲਿਆ ਸੀ। ਕੀ ਕਹਿੰਦੇ ਨੇ ਉਹਨੂੰ 'ਹੇਪਰ ਟੇਸ਼ਨ' .... ਇਹ ਕੀ ਬੀਮਾਰੀ ਹੋਈ ਸਾਲੀ ! ਜਿਵੇਂ 'ਹਾਪੁੜ ਸਟੇਸ਼ਨ' ਹੋਵੇ ! ਉਹਨੇ ਕਈ ਵਾਰ ਸੋਚਿਆ ਸੀ। ਤੇ ਇਕ ਵਾਰ ਡਰਦਿਆਂ ਝਿਜਕਦਿਆਂ, ਮੋਹ ਦੇ ਮਾਰੇ ਨੇ ਕਿਹਾ ਵੀ, "ਬੀਬੀ ਜੀ, ਸਾਅ੍ਬ ਜੀ ਨੂੰ ਗਲਤ ਬਿਮਾਰੀ ਲੱਗ ਗਈ।" ਅਗੋਂ ਬੀਬੀ ਖੱਟਾ ਡਕਾਰ ਲੈ ਕੇ ਹੱਸਦਿਆਂ ਬੋਲੀ ਸੀ, "ਤੇਰਾ ਸਾਅ੍ਬ ਕਿਹੜਾ ਸਹੀ ਆਦਮੀ ਐਂ !" ਇਉਂ ਬੀਬੀ ਦੂਜੀ ਵਾਰ ਹੱਸੀ ਸੀ। ਪਹਿਲੀ ਵਾਰ ਕਦੋਂ ਹੱਸੀ ਸੀ ਉਹਨੂੰ ਯਾਦ ਨਹੀਂ ਸੀ ਆ ਰਿਹਾ। ਏਨਾ ਯਾਦ ਸੀ ਕਿ ਏਸ ਚੰਦਰੀ ਬਿਮਾਰੀ 'ਚ ਸਾਅ੍ਬ ਚੁੱਪ ਹੋ ਜਾਂਦਾ ਸੀ ਜਾਂ ਫੇਰ ਆਪੇ ਬੋਲੀ ਜਾਂਦਾ ਸੀ। ਹੁਣ ਉਹ ਬੋਲ ਰਿਹਾ ਸੀ। ਉਚੀ ਉਚੀ ਬੁੜਬੜਾਕੇ। ਉਹਨੂੰ ਬੁੜਬੜਾਉਂਦੇ ਨੂੰ ਸੁਣਕੇ ਉਹ ਭੱਜਿਆ ਆਇਆ। ਹਫਿਆ ਹੋਇਆ ਅੰਦਰ ਆ ਕੇ ਬੋਲਿਆ : ਕੀ ਗੱਲ ਹੋ ਗੀ, ਸਾਅ੍ਬ ?"

"ਕੋਈ ਬਾਤ ਨੀ !" ਉਹਨੇ ਪਰੇਸ਼ਾਨੀ ਭਰੇ ਰੋਅ੍ਬ ਨਾਲ ਮੋਤੀ ਰਾਮ ਨੂੰ ਬਾਹਰ ਚਲੇ ਜਾਣ ਦਾ ਇਸ਼ਾਰਾ ਕਰਦਿਆਂ ਕਿਹਾ। ਮੋਤੀ ਰਾਮ ਮੁੜਦੇ ਪੈਰੀਂ ਦਰਵਾਜ਼ਾ ਲੰਘਣ ਲੱਗਿਆ ਤਾਂ ਉਹਨੇ ਆਵਾਜ਼ ਮਾਰਕੇ ਬੁਲਾ ਲਿਆ। ਮੋਤੀ ਰਾਮ ਬੌਂਦਲਦਿਆਂ ਜਿਹਾ ਮੁੜਿਆ। ਖੱਬੇ ਪੈਰ ਦੀ ਅੱਡੀ ਨੂੰ ਸੱਜੇ ਪੈਰ ਦੇ ਪੰਜੇ ਨਾਲ ਖਾਜ ਕਰਦਾ ਬੋਲਿਆ, "ਜੀ, ਸਾਅ੍ਬ ?"

ਮੋਤੀ ਰਾਮ ਨੂੰ ਇਝ ਅਧੀਨਗੀ, ਵੇਚਾਰਗੀ ਅਤੇ ਭੈਅ 'ਚ ਗ੍ਰਸਤ ਮਾਸੂਮਾਂ ਵਾਂਗ ਹੱਥ ਜੋੜਕੇ ਖੜੇ ਅਤੇ ਖੱਬੀ ਅੱਡੀ ਉਤੇ ਕੰਬਦੇ ਦੂਜੇ ਪੈਰ ਦੇ ਪੰਜੇ ਨੂੰ ਦੇਖਕੇ ਉਹਨੂੰ ਖਾਸ ਕਿਸਮ ਦੀ ਤਸੱਲੀ ਅਤੇ ਰਾਹਤ ਮਹਿਸੂਸ ਹੋਈ। ਉਹਨੂੰ ਆਪਣਾ ਡੱਬੂ ਕੁੱਤਾ ਯਾਦ ਆ ਗਿਆ। ਕਿਵੇਂ ਉਹ ਪੂੰਛ ਮਾਰਦਾ ਉਹਦਿਆਂ ਪੈਰਾਂ 'ਚ ਲੋਟ ਪੋਟਣੀਆਂ ਖਾਂਦਾ ਅਤੇ ਪਿਆਰ ਲੈਂਦਾ ਸੀ। ਉਹਦੇ ਹੱਥ ਚੱਟਦਾ ਤੇ ਪੈਰ ਸੁੰਘਦਾ ਸੁੰਘਦਾ, ਲੱਤਾਂ ਨੂੰ ਚਿੰਬੜ ਜਾਂਦਾ ਸੀ। ਓਦੋਂ ਵੀ ਉਹਨੂੰ ਏਸੇ ਤਰ੍ਹਾਂ ਦਾ ਸੁਖ ਮਿਲਦਾ ਸੀ। ਡੱਬੂ ਪਿਛਲੇ ਮਹੀਨੇ ਪੌਂ ਪੈਕੇ ਮਰ ਗਿਆ ਸੀ। ਅਣਗਹਿਲੀ ਉਸੇ ਤੋਂ ਹੋਈ। ਵੇਲੇ ਸਿਰ ਇਲਾਜ ਕਰਾਉਂਦਾ ਤਾਂ ਸ਼ਾਇਦ ਬਚ ਜਾਂਦਾ। ਉਹ ਇਕ ਕੁੱਤਾ ਹੋਰ ਜ਼ਰੂਰ ਲਵੇਗਾ। ਜੋ ਵੂਨਾ ਤੇ ਵਫਾਦਾਰ ਹੋਵੇ। ਉਹਨੇ ਤਾਂ ਮਿਤਲ ਨੂੰ ਅਜਿਹਾ ਕੁੱਤਾ ਲੈ ਕੇ ਦੇਣ ਦੀ ਸਿਫਾਰਸ਼ ਡੱਬੂ ਦੇ ਮਰਨ 'ਤੇ ਹੀ ਕਰ ਦਿਤੀ ਸੀ। ਉਹ ਤਾਂ ਬੱਸ ਇਕੋ ਗੱਲ ਦਾ ਕਾਇਲ ਸੀ ਕਿ ਨੌਕਰ ਤੇ ਕੁੱਤਾ ਉਹਦਾ ਭੈ ਮੰਨਣ। ਦਾਬਾ ਮਨੁੱਖ ਦੇ ਆਤੰਕ ਦਾ ਹਥਿਆਰ ਹੁੰਦਾ ਹੈ। ਬਸ, ਦਾਬਾ ਮੰਨਣ ਤੇ ਆਨੰਦ ਲੈਣ।

ਮੋਤੀ ਰਾਮ ਅਜੇ ਵੀ ਉਸੇ ਮੁਦਰਾ 'ਚ ਖੜਾ ਸੀ। ਉਹਦੇ ਅੰਗੂਠੇ ਹੇਠਾਂ।

'ਕਿੰਨੇ ਅਜੀਬ ਰਿਸ਼ਤੇ ਨੇ ਇਹ। ਕਿਹੋ ਜਿਹੀ ਸਾਂਝ ! ਪਿੰਡ, ਤਾਰਾ ਲਵੈਂਡ, ਸਤ ਪ੍ਰਕਾਸ਼, ਉਹਦਾ ਬਿਰਧ ਪਿਓ, ਬੁੜ੍ਹੀ ਭੂਆ, ਲਾਜਵੰਤੀ ਉਹਦੀ ਘਰ ਵਾਲੀ, ਵਲਾਇਤ ਜਾ ਵਸੇ ਉਹਦੇ ਦੋਵੇਂ ਮੁੰਡੇ, ਗੋਰੀ ਨੂੰਹ, ਮੋਤੀ ਰਾਮ, ਡੱਬੂ ਕੁੱਤਾ ......' ਉਹ ਮੁਸਕਰਾਇਆ।

ਮੋਤੀ ਰਾਮ ਓਵੇਂ ਖੜ੍ਹਾ ਸੀ। ਉਹਨੂੰ ਸੁਆਦ ਆ ਰਿਹਾ ਸੀ। ਤੇ ਫੇਰ ਦੌਰੇ ਦੀ ਹਾਲਤ !

'ਸਾਲੇ ! ਦਰਬਾਰ ਲਾਉਣ ਦੇ ! ਰਾਜੇ !! ਹੁਕਮ ਅਦੂਲੀ ਕਰਨ ਵਾਲਿਆਂ ਨੂੰ, ਕਹਿੰਦੇ ਨੇ, ਮਨਾਓ ! .... ਸਮਝਾਓ !! ਬੁਝਾਓ !!!'

"ਹੈਂ ਜੀ !" ਮੋਤੀ ਰਾਮ ਨੇ ਉਹਦਾ ਧਿਆਨ ਖਿਚਿਆ।

"ਹਾਂ....... ਹਾਂ ...... ਮੋਤੀ ਰਾਮ ਜਾਓ ! ਪਾਣੀ ਦਾ ਜੱਗ ਭਰਕੇ ਲੈ ਆਓ ਉਹਨੇ ਆਦੇਸ਼ ਦਿਤਾ।

* * * *

ਉਹਦੀ ਵਕਾਲਤ ਚੱਲੀ ਹੀ ਨਹੀਂ ਸਗੋਂ ਚਮਕੀ ਹੋਈ ਸੀ। ਹੁਣ ਉਹ ਸ਼ਹਿਰ ਦੇ ਮੰਨੇ ਦੰਨੇ ਵਕੀਲਾਂ ਵਿਚ ਗਿਣਿਆ ਜਾਂਦਾ ਸੀ। ਕੋਠੀ ਉਹਦੀ ਆਸਾਮੀਆਂ ਨਾਲ ਭਰੀ ਰਹਿੰਦੀ। ਪਿੰਡਾਂ ਦੇ ਲੋਕ ਪੋਚਵੀਆਂ ਤੇ ਅਗੜ ਦੁਗੜੀਆਂ ਪੱਗਾਂ ਬੰਨ੍ਹੀਂ ਕੋਠੀ ਦੇ ਲਾਅਨ ਵਿਚ ਰੱਖੀਆਂ ਕੁਰਸੀਆਂ ਅਤੇ ਬੈਂਚਾਂ ਉਤੇ ਆਥਣ-ਸਵੇਰ ਘੰਟਿਆਂ ਬੱਧੀ ਬੈਠੇ ਰਹਿੰਦੇ। ਉਹਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਸੀ। ਸਹਾਇਕ ਵਕੀਲ ਕੇਸ ਤਿਆਰ ਕਰਦੇ ਤੇ ਪੇਸ਼ੀ ਵਾਲੇ ਦਿਨ ਉਹ ਕਾਰ ਵਿਚ ਜਾਂਦਾ ਜਾਂਦਾ ਫਾਈਲ 'ਤੇ ਨਜ਼ਰ ਮਾਰਦਾ ਤੇ ਗੜ੍ਹਕੇ ਨਾਲ ਕੇਸ ਲੜਦਾ। ਜਿੱਤਦਾ ਵੀ। ਬਹੁਤੀ ਵਾਰ। ਸਾਰੇ ਕਹਿੰਦੇ ਸਨ ਉਹਦੇ ਹੱਥ ਜਸ ਹੈ। ਮੂੰਹ ਮੰਗੇ ਪੈਸੇ ਦਿਓ ਤੇ ਕੇਸ ਆਪਣੇ ਹੱਕ ਵਿਚ ਕਰਵਾ ਲਵੋ। ਹੋਰ ਵਕੀਲਾਂ 'ਚ ਬੈਠਿਆਂ ਉਹ ਅਕਸਰ ਫੜ੍ਹ ਮਾਰਨੋਂ ਨਹੀਂ ਸੀ ਟਲਦਾ, "ਮੈਂ ਤਾਂ ਫਾਈਲ ਸੁੰਘਕੇ ਦੱਸ ਸਕਦਾਂ, ਬਈ ਇਹਦੇ ਵਿਚ ਕੀ ਐ ?" ਇਹ ਵੀ ਸੱਚ ਹੈ ਕਿ ਜਿਥੇ ਉਹਦੇ ਪ੍ਰਸ਼ੰਸਕ ਸਨ ਉਥੇ ਵਿਰੋਧੀ ਵੀ ਬੜੇ ਸਨ। ਉਹ ਕਹਿੰਦੇ ਸਨ ਕਿ ਉਹ ਜੱਜਾਂ ਨਾਲ ਬਣਾ ਕੇ ਰੱਖਦਾ ਹੈ ਅਤੇ ਨਿੱਜੀ ਰਸੂਖ ਵਰਤਕੇ ਕੇਸ ਜਿੱਤ ਲੈਂਦਾ ਹੈ।

ਉਹਦੇ ਪ੍ਰਸ਼ੰਸਕਾਂ 'ਚੋਂ ਇਕ ਸੀ ਮਿਤਲ। ਡੀ. ਡੀ. ਮਿਤਲ। ਉਹਦਾ ਸਾਥੀ ਵਕੀਲ। ਪਿਛਲੇ ਪੰਜ ਛੇ ਸਾਲਾਂ ਤੋਂ ਉਹ ਦੋਵੇਂ ਇਕੱਠੇ ਘੁੰਮਦੇ ਫਿਰਦੇ, ਬੈਠਦੇ ਤੇ ਖਾਂਦੇ ਪੀਂਦੇ। ਇਕ ਦੂਜੇ ਦੀ ਕਦਰ ਕਰਦੇ ਸਨ। ਸੁਭਾਵਕ ਹੈ ਕਿ ਹੋਰਨਾਂ ਵਕੀਲਾਂ ਦੀਆਂ ਅੱਖਾਂ ਵਿਚ ਰੜਕਦੇ ਵੀ ਸਨ। ਇਹ ਰੜਕ ਉਹ ਆਥਣੇਂ ਦਾਰੂ ਦੀਆਂ ਘੁੱਟਾਂ ਵਿਚ ਘੋਲਕੇ ਪੀ ਜਾਂਦੇ ਤੇ ਸਵੇਰੇ ਟਹਿਕਦੇ ਮਹਿਕਦੇ ਕਚਹਿਰੀ ਵਿਚ ਜਾ ਗੱਜਦੇ। ਪਿਛਲੇ ਦਿਨਾਂ 'ਚ ਉਹ ਮਨੋਂ ਮਨੀਂ ਕੁਝ ਦੂਰ ਵੀ ਹੋਏ। ਪਰ ਇਕ ਦੂਜੇ ਦੀ ਲੋੜ ਉਹਨਾਂ ਨੂੰ ਜੁਦਾ ਨਹੀਂ ਸੀ ਹੋਣ ਦਿੰਦੀ। ਲੋੜ 'ਚੋਂ ਸਾਂਝ ਪੈਦਾ ਹੁੰਦੀ ਹੈ ਨਾ। ਇਸ ਨਾਲ ਸਾਂਝ ਪੈਦਾ ਹੀ ਨਹੀਂ ਹੁੰਦੀ ਬਣੀ ਵੀ ਰਹਿੰਦੀ ਹੈ। ਉਹਨੂੰ ਮਿਤਲ ਦੀ ਲੋੜ ਸੀ। ਉਹ ਉਹਦੇ ਨਾਲ ਦੁੱਖ ਸੁਖ ਕਰਦਾ ਸੀ। ਠੁੰਮਣਾ ਦਿੰਦਾ ਸੀ ਨੁਕਤੇ ਦੱਸਦਾ ਸੀ, "ਧੰਦੇ ਦੇ ਨੁਕਤੇ। ਉਸਦੇ ਇਕੋ ਨੁਕਤੇ ਨੇ ਉਹਦਾ ਧੰਦਾ ਚਮਕਾ ਦਿਤਾ ਸੀ — ਉਸ ਕਿਹਾ ਸੀ, "ਬੈਕਟਰ, ਸਿਆਣਾ ਬਣ, ਫੌਜਦਾਰੀ ਦੇ ਕੇਸ ਲੈ। ਪੰਜਾਬ ਦੇ ਹਾਲਾਤ ਭਵਿਖ ਵਿਚ ਕੀ ਮੋੜ ਕੱਟਣ ਵਾਲੇ ਨੇ, ਜ਼ਰਾ ਝਾਤੀ ਮਾਰ। ਬੁੱਝ ਤਾਂ ਸਹੀ ! ਰੱਬ ਦਾ ਵਾਸਤਾ ਈ, ਇਹ ਸੁਨਹਿਰੀ ਮੌਕਾ ਨਾ ਗੁਆ। ਇਕ ਦਿਨ ਅਜਿਹਾ ਆਊਗਾ ਕਿ ਤੂੰ ਅਤਿਵਾਦੀਆਂ ਤੇ ਅਖੌਤੀ ਸਿਆਸਤਦਾਨਾਂ ਦਾ ਸ਼ੁਕਰ ਗੁਜ਼ਾਰ ਹੋਵੇਗਾ। ਇਹ ਦੋਵੇਂ ਧਿਰਾਂ, ਸਾਡੇ .... ਵਕੀਲਾਂ ਵਾਸਤੇ ਕੁਬੇਰ ਦਾ ਖਜ਼ਾਨਾ ਲੁਟਾ ਦੇਣਗੀਆਂ।" ਤੇ ਇਹ ਭਵਿਖਬਾਣੀ ਸੱਚ ਹੋ ਨਿਬੜੀ ਸੀ। ਪੰਜਾਬ ਦੇ ਵਿਗੜੇ ਹਾਲਾਤ ਨੇ ਉਹਨਾਂ ਦੀ ਚਾਂਦੀ ਕਰ ਦਿੱਤੀ। ਨਹੀਂ ਤਾਂ ਕੀ ਰੱਖਿਆ ਪਿਆ ਸੀ, ਦੀਵਾਨੀ ਦੇ ਕੇਸਾਂ ਵਿਚ। ਨਾ ਕੁਝ ਖਾਣ ਨੂੰ, ਨਾ ਖੱਟਣ ਨੂੰ। ਜੇ ਉਹ ਮਿਤਲ ਦੀ ਗੱਲ ਨਾ ਮੰਨਦਾ ਤਾਂ ਹੇਠਲੇ ਦਰਜੇ ਦੇ ਵਕੀਲਾਂ ਵਿਚ ਹੀ ਰਹਿ ਜਾਂਦਾ।

ਪਰ ਸ਼ਾਮ ਤਾਂ ਗੁਜ਼ਾਰਨੀ ਸੀ। ਇਹ ਚੁੱਪ ਚੁਪੀਤਿਆਂ ਗੁਜ਼ਾਰਨੀ .... ਉਹ ਵੀ ਇਕੱਲਿਆਂ ... ਉਸ ਲਈ ਮੁਸ਼ਕਿਲ ਹੀ ਨਹੀਂ ਦੁੱਭਰ ਜਾਪਦੀ ਸੀ। ਕੀ ਹੋਇਆ ਜੇ ਮਿਤਲ ਰੁੱਸ ਗਿਆ ! ਮੈਂ ਆਪੇ ਮਨਾ ਲਵਾਂਗਾ। ਦੇਖਿਓ ਤਾਂ ਸਹੀ, ਜਦੋਂ ਦੋ ਘੁੱਟਾਂ ਅੰਦਰ ਗਈਆਂ ਤਾਂ ਕਿਵੇਂ ਗਲੋਟੇ ਵਾਂਗ ਉਧੜਦੇ ! ਦਾਰੂ ਦੇ ਦੌਰਾਂ 'ਚ ਰੁੱਸੇ ਹੋਏ ਦਾਰੂ ਦੇ ਦੌਰਾਂ 'ਚ ਹੀ ਮੰਨਦੇ ਨੇ। ਉਹਨੇ ਸੋਚਿਆ। ਤੇ ਉਹ ਹਰ ਸ਼ਾਮ ... ਆਮ ਤੌਰ 'ਤੇ ਹਰ ਸ਼ਾਮ ਇਕੱਠੇ ਹੁੰਦੇ। ਪੁਰਾਣੀਆਂ ਤਲਖੀਆਂ ਭੁਲਦੇ; ਨਵੀਆਂ ਵਿਹਾਜਕੇ ਵਿਛੜਦੇ।

"ਸਾਲਾ ... ਕਮੀਨਾ ! ਅਜੇ ਤੱਕ ਨੀ ਆਇਆ।" ਉਸ ਉਬਾਸੀ ਲੈਂਦਿਆਂ ਕਿਹਾ।

ਉਹ ਮਿਤਲ ਨੂੰ ਉਡੀਕ ਰਿਹਾ ਸੀ। ਬੜੀ ਸ਼ਿੱਦਤ ਨਾਲ।

ਜ਼ਿੰਦਗੀ ਚੰਗੀ ਭਲੀ ਬੀਤ ਰਹੀ ਸੀ। ਸਮੁੱਚੇ ਤੌਰ 'ਤੇ ਜੇ ਖੁਸ਼ ਨਹੀਂ ਤਾਂ ਉਹ ਸੰਤੁਸ਼ਟ ਜ਼ਰੂਰ ਸੀ। ਘਰੋਂ ਬਾਰੋਂ ਪੂਰੇ ਤੌਰ 'ਤੇ। ਬੱਸ ਵਿਗੋਚਾ ਸੀ ਤਾਂ ਮੁੰਡਿਆਂ ਦਾ। ਉਹਨਾਂ ਦੇ ਵਿਛੋੜੇ ਨਾਲ ਉਹਦੇ ਜੀਵਨ ਵਿਚ ਬੜਾ ਵੱਡਾ ਖੱਪਾ ਪੈ ਗਿਆ ਸੀ। ਉਹਨਾਂ ਦੇ ਵਤੀਰੇ ਨਾਲ ਉਹਨੂੰ ਧੱਕਾ ਵੀ ਬਹੁਤ ਲੱਗਿਆ। ਲੈ ਦੇਕੇ ਦੋ ਤਾਂ ਉਹਦੇ ਮੁੰਡੇ ਸਨ। ਦੋਵੇਂ ਡਾਕਟਰ। ਦੋਵੇਂ ਹੀ ਬਾਹਰ। ਵਲਾਇਤ ਵਿਚ ਨੌਕਰੀ ਕਰਦੇ ਸਨ ਉਹ। ਦੋਵਾਂ 'ਚੋਂ ਇਕ ਨੇ ਇਕ ਮੇਮ ਨਾਲ ਵਿਆਹ ਕਰਾ ਲਿਆ ਸੀ। ਉਹਨੂੰ ਤਾਂ ਵਿਆਹ ਤੋਂ ਕਈ ਮਹੀਨੇ ਪਿੱਛੋਂ ਚਿੱਠੀ ਰਾਹੀਂ ਸੂਚਨਾ ਦਿਤੀ ਸੀ ਉਹਨੇ। ਆਪਣੇ ਤਾਏ ਵਾਂਗ ਚਾਰ ਕੁ ਸਤਰਾਂ ਲਿਖ ਦਿੱਤੀਆਂ, "ਡੈਡ, ਆਈ ਹੈਵ ਮੈਰੀਡ ਏ ਗਰਲ ਆਫ ਮਾਈ ਚਾਇਸ ਐਂਡ ਬਾਈ ਗਾਡਜ਼ ਗਰੇਸ ਵੀ ਆਰ ਹੈਪੀ। ਲਾਈਫ ਇਜ਼ ਸੱਚ ਹੇਅਰ .....।" ਦੂਜਾ ਕੁਆਰਾ ਆਪਣੇ ਜੀਵਨ ਬਾਰੇ ਕਿਸੇ ਨਾਲ ਸਲਾਹ ਮਸ਼ਵਰਾ ਤੱਕ ਨਹੀਂ ਸੀ ਕਰਦਾ। ਨਵਾਂ ਨਵਾਂ ਡਾਕਟਰ ਬਣਿਆ ਸੀ ਤੇ ਵਲਾਇਤ ਦਾ ਰੰਗ ਉਹਦੇ 'ਤੇ ਅਜੇ ਪੂਰਾ ਨਹੀਂ ਸੀ ਚੜ੍ਹਿਆ। ਪਤਾ ਨਹੀਂ ਅੱਗੋਂ ਕੀ ਕਰੇ ? ਉਹਨੇ ਕਿਸੇ ਤੋਂ ਸਲਾਹ ਥੋੜੋ ਲੈਣੀ ਸੀ ! ਆਪਣੀ ਮਰਜ਼ੀ ਦਾ ਮਾਲਕ। ਚਲੋ, ਮੌਜਾਂ ਕਰਨ। ਉਹਨੇ ਹਉਕਾ ਲਿਆ।

ਇਸ ਦੌਰਾਨ ਉਹਨੂੰ ਕਈ ਬਿਮਾਰੀਆਂ ਲੱਗੀਆਂ। ਉਪਰੋਂ ਜਿਗਰ ਵਧਿਆ। ਇੱਕ ਗੁਰਦਾ ਖਰਾਬ ਹੋਇਆ। ਸਾਹ ਦੀ ਬਿਮਾਰੀ ਲੱਗੀ। ਉਪਰੋਂ ਸਾਲੀ, ਇਹ 'ਹਾਈਪਰ ਟੈਂਸ਼ਨ' ! ਉਹਨੂੰ ਤਣਾਓ ਨੇ ਆ ਦਬੋਚਿਆ। ਦੌਰੇ ਤੋਂ ਪਹਿਲਾਂ ਦੌਰ ਸ਼ੁਰੂ ਹੋ ਜਾਂਦਾ ਤਾਂ ਚੰਗਾ ਸੀ। ਕੁਝ ਤਾਂ ਬੇਚੈਨੀ ਨੂੰ ਠੱਲਰ ਪੈਂਦੀ। ਉਹ ਕੁਝ ਜ਼ਿਆਦਾ ਹੀ ਚਿੜਚਿੜਾ ਹੁੰਦਾ ਜਾ ਰਿਹੈ। ਵਹਿਮੀ ਤੇ ਕਰੋਧੀ। ਹਰ ਗੱਲ 'ਚ ਸ਼ੱਕ ... ਤੇ ਦਿਲ ਦੀ ਧੱਕ ਧੱਕ। ਉਤੋਂ ਮਿਤਲ ਦੀ ਬੱਕ ਬੱਕ !

"ਕੰਜਰ ਨਾ ਹੋਵੇ ਕਿਸੇ ਥਾਉਂ ਦਾ !" ਉਹ ਖਿਝਿਆ।

ਮਿਤਲ ਅਜੇ ਤੱਕ ਨਹੀਂ ਸੀ ਆਇਆ।

ਉਡੀਕ ! ਉਡੀਕ !! ਹੋਰ ..... ? ਬੱਸ ਹੋਰ ਨਹੀਂ ਉਡੀਕਿਆ ਜਾਂਦਾ। ਉਹ ਕਾਹਲਾ ਪੈ ਗਿਆ। ਦਿਨ ਆਖਰੀ ਸਾਹਾਂ 'ਤੇ ਸੀ। ਘੁਸਮੁਸਾ ਹਨੇਰੇ ਦੀ ਬੁੱਕਲ 'ਚ ਆਪਣੇ ਢੰਗ ਸਮੇਟ ਰਿਹਾ ਸੀ। ਉਹਨੇ ਥਕੇਵੇਂ ਭਰੀ ਉਬਾਸੀ ਲਈ। ਫੇਰ ਇਕ ਹੋਰ ਇਸ ਗੱਲ ਦਾ ਸੰਕੇਤ : 'ਹੇ ਥੱਕੇ ਟੁੱਟੇ, ਤਲਖੀਆਂ ਤੇ ਵਿਗੋਚਿਆਂ ਦੇ ਮਾਰੇ ਇਨਸਾਨ ! ਆਪਣਾ ਅਸਲੀ ਸਾਥੀ ਲੱਭ। ਰਲ ਬੈਠ। ਜਾਮ ਟਕਰਾਅ। ਤੇ ਦੋ ਘੜੀਆਂ ਆਪਣੀਆਂ ਜੀਅ। ਤੇਰੇ ਅੰਦਰਲਾ ਸ਼ੋਰ ਕੁਝ ਦਬੇ, ਮੱਠਾ ਪਵੇ। ਇਸ ਨਾਸ਼ਮਾਨ ਸੰਸਾਰ ਦੇ ਝਮੇਲੇ ਤਾਂ ਇੰਝ ਹੀ ਰਹਿਣਗੇ।'

ਜੇ ਕੋਈ ਇਸ ਵੇਲੇ ਉਹਦੇ ਚਿਹਰੇ ਵੱਲ ਗੌਰ ਨਾਲ ਦੇਖਦਾ ਤਾਂ ਉਹਨੂੰ ਇਹ ਦੁਨੀਆਂ ਸੱਚਮੁਚ ਨਾਸ਼ਮਾਨ ਜਾਪਦੀ !

ਉਹ ਰਿਟਾਇਰਿੰਗ ਰੂਮ 'ਚ ਆ ਗਿਆ। ਪਾਣੀ ਦਾ ਭਰਿਆ ਜੱਗ ਤੇ ਦੋ ਗਲਾਸ ਉਥੇ ਪਏ ਸਨ। ਉਹਨੇ ਵਿਸਕੀ ਦੇ ਦੋ ਪੈੱਗ ਬਣਾਏ। ਇਕ ਆਪਣੇ ਲਈ ਤੇ ਦੂਜਾ ਮਿਤਲ ਵਾਸਤੇ।

ਉਹ ਸਾਹ ਲੈਣ ਜਿੰਨਾ ਸਮਾਂ ਮਸਾਂ ਰੁਕਿਆ। ਫੇਰ ਪੈਗ ਵੱਲ ਝਾਕਿਆ। ਇਕ ਅਜੀਬ ਦਹਿਸ਼ਤ ਉਹਦੀਆਂ ਅੱਖਾਂ 'ਚ ਤਾਰੀ ਹੋਈ। ਇਕੋ ਝਟਕੇ ਨਾਲ ਉਹਨੇ ਪੈੱਗ ਚੁਕਿਆ .... ਸਿਰ ਤੋਂ ਉਪਰ ਨੂੰ ਕਰਕੇ ਨਾਹਰਾ ਬੁਲੰਦ ਕੀਤਾ, "ਸਿਆਸਤਦਾਨਾਂ ਦੇ ਨਾਂ !" ਤੇ ਗਟ ਗਟ ਕਰਕੇ ਅੰਦਰ ਸੁੱਟ ਲਿਆ। ਪਹਿਲਾਂ ਵਾਂਗ ਚੁਸਕੀਆਂ ਲੈ ਕੇ ਪੀਣ ਦੀ ਵਿਹਲ ਹੁਣ ਕਿਥੇ ਰਹਿ ਗਈ ਸੀ। ਇਹ ਵਿਹਲੇ ਵੇਲੇ ਦੀਆਂ ਗੱਲਾਂ ਸਨ। ਜੋ ਸ਼ਾਇਰਾਂ ਕੋਲੋਂ ਰਹਿ ਗਈਆਂ ਜਾਂ ਫੇਰ ਮਾਨਸਿਕ ਰੋਗੀਆਂ ਕੋਲ।

"ਸਾਈਕਿਕ ਕੇਸਜ਼ !" ਉਹ ਬੁੜਬੜਾਇਆ।

ਮਿਤਲ ਅਜੇ ਤੱਕ ਨਹੀਂ ਸੀ ਆਇਆ।

ਉਹ ਬਾਹਰ ਵੱਲ ਝਾਕਿਆ। ਸਹਾਇਕ ਵਕੀਲ ਕੇਸ ਤਿਆਰ ਕਰਨ ਵਿਚ ਰੁੱਝੇ ਹੋਏ ਸਨ। ਰਸੋਈ 'ਚ ਸਬਜ਼ੀਆਂ ਤੜਕਣ ਅਤੇ ਮਸਾਲਿਆਂ ਦੇ ਰਿੱਝਣ ਦੀ ਬੋ ਆ ਰਹੀ ਸੀ। ਉਂਝ ਉਹਨੇ ਸੂਪ ਪੀਣਾ ਸੀ। ਉਬਲੀ ਹੋਈ ਸਬਜ਼ੀ ਦੇ ਦੋ ਚਾਰ ਚਮਚੇ ਖਾਣੇ ਸਨ। ਉਹਦੇ ਨਿੱਜੀ ਡਾਕਟਰ ਨੇ ਇਹੋ ਰਾਇ ਦਿਤੀ ਸੀ।

ਉਹਨੂੰ ਆਪਣੇ ਆਪ 'ਤੇ ਘਿਣ ਜਿਹੀ ਆਈ।

ਬਾਹਰੋਂ, ਬੈਠਕ ਵਿਚੋਂ ਕਿਸੇ ਦੇ ਉਚੀ ਉਚੀ ਬੋਲਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਮਿਸਿਜ਼ ਭੱਲਾ ਸੀ। ਉਹਨਾਂ ਦੀ ਗੁਆਂਢਣ। ਅਜੀਬ ਔਰਤ ਸੀ। ਇਉਂ ਬੋਲ ਰਹੀ ਸੀ ਜਿਵੇਂ ਕੁਸ਼ਤੀ ਲੜ ਰਹੀ ਹੋਵੇ। ਉਹਨੇ ਕੰਨ ਲਾ ਕੇ ਸੁਣਿਆ। ਉਹ ਲਾਜਵੰਤੀ ਨੂੰ ਕਹਿ ਰਹੀ ਸੀ, "ਭੈਣਾਂ, ਪੁੰਨ-ਪਾਪ ਦਾ ਫਲ ਹਿਥੇ ਹੀ ਮਿਲਦਾ ਏ। ਤੁੱਸਾਂ ਦੇ ਦੋ ਛੋਹਰ ..... ਦੋਵੇਂ ਵਲੈਤ। ਵਲੈਤ ਤੇ ਸਵਰਗ ਏ ਸਵਰਗ ! ਤੁੱਸਾਂ ਵੀ ਚੱਕਰ ਲਗਾ ਆਵੋ। ਲਿਖਿਆ ਤੇ ਹੋਸੀ ਉਹਨਾਂ ਵੀ ਆਵਣ ਲਈ। ਮੈਨੂੰ ਤੇ ਜਹਾਜ਼ ਦੀ ਆਵਾਜ਼ ਤੋਂ ਡਾਢਾ ਡਰ ਆਉਂਦਾ ਏ। ਸੁੱਖਾਂ ਲੱਧੀ ਏਂ .... ਵੱਸ ਗਏ ਜਿਸਦੇ ਦੋ ਛੋਹਰ .... ਵਲੈਤ ਵਿਚ !"

ਅੱਗੋਂ ਲਾਜਵੰਤੀ ਖੀ..... ਖੀ ਕਰਕੇ ਹੱਸ ਪਈ।

"ਵਸ ਕਾਹਦੇ ਗਏ। ਗੋਰੀਆਂ ਰੰਨਾਂ ਦੇ ਵਸ ਪੈ ਗੇ। ਹੁਣ ਕਾਹਦੇ ਲਈ ਵਾਪਸ ਆਉਣਗੇ ? ਵਾਪਸ ਆਉਣ ਨੂੰ ਹੈ ਵੀ ਕੀ ਏਥੇ ! ਉਤੋਂ ਹਾਲਾਤ ਤਾਂ ਦੇਖੋ ਕੀ ਨੇ ! ਪਿਛਲੇ ਸਾਲਾਂ ਵਿਚ ਕਿੰਨਾ ਕੁਝ ਵਾਪਰ ਗਿਆ। ਇਹ ਜਹਾਜ਼ ਵਰਗੀ ਕੋਠੀ .... ਅਸੀਂ ਮੀਆਂ ਬੀਵੀ ... ਰੌਣਕਾਂ 'ਚ ਰਹਿੰਦੇ ਹੋਏ ਵੀ .... ਇਕੱਲੇ .. ਇਕੱਲੇ ! ਇਹ ਸਾਰਾ ਅਡੰਬਰ ਕਿਸ ਕੰਮ .... ਕਿਸ ਅਰਥ ?" ਸੋਚਦਾ ਸੋਚਦਾ ਉਹ ਉਦਾਸ ਹੋ ਗਿਆ।

ਮਿਤਲ ਅਜੇ ਤੱਕ ਨਹੀਂ ਸੀ ਆਇਆ।

ਉਹ ਭੁੱਖੇ ਬਘਿਆੜ ਵਾਂਗ ਪੈਗ ਵੱਲ ਝਾਕਿਆ "ਅਤਿਵਾਦੀਆਂ ਦੇ ਨਾਂ ਕਹਿਕੇ ਉਹਨੇ ਦੂਜਾ ਪੈੱਗ ਵੀ ਅੰਦਰ ਸੁੱਟ ਲਿਆ। 'ਪੰਜਾਬ ਦੇ ਹਾਲਾਤ !' ਉਹਨੂੰ ਅਚਾਨਕ ਖਿਆਲ ਆਇਆ। ਸਤ ਪ੍ਰਕਾਸ਼ ਦੀ ਚਿੱਠੀ ! ਗਲ ਪਾਏ ਰਾਹ ਸਿਲਕ ਦੇ ਕੁੜਤੇ ਦੀ ਵੱਖੀ ਵਾਲੀ ਜੇਬ ਵਿਚ ਉਹਨੇ ਹੱਥ ਮਾਰਿਆ। ਹੈ ਨਹੀਂ ਸੀ। ਉਹ ਅੰਗੜਾਈ ਲੈ ਕੇ ਹਿੰਮਤ ਨਾਲ ਉਠਿਆ। ਵਾਰਡ-ਰੋਬ ਖੋਲ੍ਹਿਆ। ਅੰਦਰ ਪਏ

ਬਾਕੀ ਪੰਨਾ 17 ਉਤੇ

ਚਰਿੱਤਰ ਨਿਰਮਾਣ ਅਤੇ ਰਾਸ਼ਟਰਵਾਦ

ਪ੍ਰਿਥੀਪਾਲ ਸਿੰਘ ਸੋਹੀ

ਸ੍ਰੀ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਕੁਝ ਸਮਾਂ ਬਾਦ ਹੀ ਉਨ੍ਹਾਂ ਦੇ ਸਕੱਤਰੇਤ ਵਿਚ ਇਕ ਹਲਚਲ ਜਿਹੀ ਮੱਚੀ ਸੀ। ਕਈ ਉਚ ਕੋਟੀ ਦੇ ਅਫਸਰਾਂ ਨੂੰ ਦੇਸ਼-ਧਰੋਹੀ ਦੇ ਕਾਨੂੰਨ ਅਧੀਨ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਛੋਟੇ ਛੋਟੇ ਲਾਲਚਾਂ ਪਿਛੇ ਦੇਸ਼ ਦੇ ਅਹਿਮ ਗੁਪਤ ਭੇਤ ਵੱਡੀਆਂ ਤਾਕਤਾਂ ਨੂੰ ਦੱਸੇ ਸਨ।

ਪਰ ਇਥੇ ਗੱਲ ਸਿਰਫ ਪ੍ਰਧਾਨ ਮੰਤਰੀ ਸਕੱਤਰੇਤ ਦੀ ਹੀ ਨਹੀਂ ਸਗੋਂ ਇਥੇ ਤਾਂ ਛੋਟੇ ਤੋਂ ਛੋਟੇ ਦਫਤਰ ਤੋਂ ਲੈ ਕੇ ਪਾਰਲੀਮੈਂਟ ਤਕ ਫਾਈਲਾਂ ਗੁੰਮ ਹੋ ਜਾਂਦੀਆਂ ਹਨ। ਬਾਹਰਲੇ ਦੇਸ਼ਾਂ ਨਾਲ ਸਮਝੌਤੇ ਕਰਨ ਗਏ ਮੰਤਰੀ ਅਤੇ ਅਧਿਕਾਰੀ ਘਟੀਆ ਮਾਲ ਦੇ ਸੌਦੇ ਕਰ ਆਉਂਦੇ ਹਨ। ਉਹ ਕਈ ਵਾਰ ਰਿਸ਼ਵਤਾਂ ਲੈ ਕੇ ਵੱਡੀਆਂ ਤਾਕਤਾਂ ਦਾ ਰੱਦ ਕੀਤਾ ਮਾਲ ਗਰੀਬ ਕਰਜ਼ਾਈ ਭਾਰਤ ਦੇ ਵਿਕਾਸ ਲਈ ਲੈ ਆਉਂਦੇ ਹਨ। ਜਦੋਂ ਇਸ ਦੇਸ਼ ਵਿਚ ਮੰਤਰੀ ਅਤੇ ਵੱਡੇ ਅਫਸਰ ਵੀ ਦੇਸ਼ ਪ੍ਰਤੀ ਇਮਾਨਦਾਰ ਨਹੀਂ ਹਨ ਤਾਂ ਉਨ੍ਹਾਂ ਦੇ ਕੌਮੀ ਏਕਤਾ ਅਤੇ ਰਾਸ਼ਟਰਵਾਦ ਦੇ ਨਾਅਰਿਆਂ ਦਾ ਆਮ ਲੋਕਾਂ ਉਪਰ ਕੀ ਅਸਰ ਹੋ ਸਕਦਾ ਹੈ? ਜਦੋਂ ਹਾਕਮਾਂ ਵਿਚ ਸੌੜੇ ਹਿਤਾਂ ਦਾ ਵਾਧਾ ਹੈ ਅਤੇ ਰਾਸ਼ਟਰਵਾਦ ਦੀ ਘਾਟ ਹੈ ਤਾਂ ਵਿਚਾਰੀ ਜਨਤਾ ਨੂੰ ਹੀ ਦੋਸ਼ ਕਿਉਂ ਦਿੱਤਾ ਜਾਵੇ? ਆਖਰ ਅਜਿਹਾ ਕਿਉਂ ਹੈ?

ਇਸ ਦੇ ਕਾਰਨ ਤਾਂ ਹੋਰ ਵੀ ਬਹੁਤ ਹੋ ਸਕਦੇ ਹਨ ਪਰ ਵਧੇਰੇ ਸਬੰਧ ਚਰਿੱਤਰ ਨਿਰਮਾਣ ਦੀ ਸਮੱਸਿਆ ਨਾਲ ਹੈ। ਜੇ ਇਹ ਕਹਿ ਲਿਆ ਜਾਵੇ ਕਿ ਭਾਰਤ ਦੀ ਹਿਲ ਰਹੀ ਇਮਾਰਤ ਦੀਆਂ ਨੀਹਾਂ ਕੱਚੀ ਮਿੱਟੀ 'ਤੇ ਅਧਾਰਤ ਹਨ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਕਿਸੇ ਵੀ ਕੌਮ ਜਾਂ ਦੇਸ਼ ਦੀ ਮਜ਼ਬੂਤੀ ਉਸ ਦੇ ਲੋਕਾਂ ਦੀ ਕੱਟੜ ਰਾਸ਼ਟਰਵਾਦ ਦੀ ਭਾਵਨਾ 'ਤੇ ਅਧਾਰਤ ਹੁੰਦੀ ਹੈ। ਰਾਸ਼ਟਰਵਾਦ ਦੀ ਭਾਵਨਾ ਦਾ ਵਿਅਕਤੀਆਂ ਦੇ ਚਰਿੱਤਰ ਨਿਰਮਾਣ ਦੀ ਸਮੱਸਿਆ ਨਾਲ ਬਹੁਤ ਨੇੜੇ ਦਾ ਸਬੰਧ ਹੈ। ਕਿਸੇ ਕੌਮ ਦਾ ਚਰਿੱਤਰ ਨਿਰਮਾਣ ਗੱਲਾਂਬਾਤਾਂ ਜਾਂ ਨਾਅਰਿਆਂ ਨਾਲ ਸਥਾਪਤ ਨਹੀਂ ਹੁੰਦਾ। ਇਸ ਮੰਤਵ ਦੀ ਪੂਰਤੀ ਬਹੁਤ ਲੰਬੇ ਸਮੇਂ ਵਿਚ ਹੁੰਦੀ ਹੈ। ਇਸ ਦੀਆਂ ਨੀਹਾਂ ਖੂਨ ਨਾਲ ਰੰਗੀਆਂ ਹੁੰਦੀਆਂ ਹਨ। ਇਸ ਲਈ ਔਖੀਆਂ ਘੜੀਆਂ ਦੀ ਦਾਸਤਾਂ ਅਤੇ ਕੁਰਬਾਨੀਆਂ ਦੇ ਸੁਨਹਿਰੀ ਇਤਿਹਾਸ ਦੀ ਜ਼ਰੂਰਤ ਹੁੰਦੀ ਹੈ।

ਇਸ ਮੰਤਵ ਲਈ ਰਾਜਨੀਤਕ ਅਤੇ ਸਮਾਜਕ ਹਾਕਮਾਂ ਨੂੰ ਇਕ ਠੋਸ, ਬੇਦਾਗ ਅਤੇ ਸੁਚੱਜਾ ਮਾਹੌਲ ਪ੍ਰਦਾਨ ਕਰਨਾ ਪੈਂਦਾ ਹੈ। ਇਸ ਲਈ ਹਰ ਵਿਅਕਤੀ ਨੂੰ ਸਮਾਜ ਲਈ ਆਪਣੇ ਸੁਆਰਥ ਦਾ ਤਿਆਗ ਕਰਨਾ ਹੁੰਦਾ ਹੈ। ਅਜਿਹੀ ਸਖਤ ਮਿਹਨਤ ਤੋਂ ਬਾਅਦ ਇਕ ਚਰਿੱਤਰ ਭਰਪੂਰ ਸਮਾਜ ਉਸਾਰਿਆ ਜਾ ਸਕਦਾ ਹੈ। ਇਸ ਸਮਾਜ ਵਿਚ ਹਰ ਵਿਅਕਤੀ ਵਿਚ ਪੂਰਨ ਨਾਗਰਿਕ ਗੁਣਾਂ — ਕੁਰਬਾਨੀ, ਸਹਿਣਸ਼ੀਲਤਾ, ਨਿਰ-ਸੁਆਰਥ ਭਾਵਨਾ, ਸਦਭਾਵਨਾ ਅਤੇ ਪਿਆਰ ਦਾ ਵਾਸਾ ਹੁੰਦਾ ਹੈ। ਜਦੋਂ ਇਕ ਵਾਰ ਕਿਸੇ ਕੌਮ ਦਾ ਚਰਿੱਤਰ ਨਿਰਮਾਣ ਹੋ ਜਾਵੇ ਫਿਰ ਇਸ ਨੂੰ ਕਾਇਮ ਰੱਖਣ ਲਈ ਕੁਝ ਕਦਰਾਂ ਕੀਮਤਾਂ ਦੀ ਕਦਰ ਕਰਨੀ ਪੈਂਦੀ ਹੈ, ਪਰ ਜੇ ਇਹ ਸਥਾਪਤ ਹੀ ਨਾ ਹੋ ਸਕੇ ਜਾਂ ਕਾਇਮ ਨਾ ਰੱਖਿਆ ਜਾ ਸਕੇ ਤਾਂ ਇਸ ਦਾ ਹਰ ਕੌਮ ਨੂੰ ਭਾਰੀ ਨੁਕਸਾਨ ਹੁੰਦਾ ਹੈ। ਭਾਰਤ ਅੱਜ ਇਸੇ ਹੀ ਸਮੱਸਿਆ ਦਾ ਸ਼ਿਕਾਰ ਹੈ। ਇਥੇ ਵੀ ਹਾਲੀਂ ਚਰਿੱਤਰ ਨਿਰਮਾਣ ਨਹੀਂ ਹੋ ਸਕਿਆ।

ਸੋਸ਼ਣ

ਭਾਰਤੀ ਲੋਕਾਂ ਦਾ ਚਰਿੱਤਰ ਨਿਰਮਾਣ ਕਿਉਂ ਨਹੀਂ ਹੋ ਸਕਿਆ? ਇਸ ਦੇ ਰਾਜਨੀਤਕ ਅਤੇ ਆਰਥਿਕ ਕਾਰਨ ਹਨ। ਭਾਰਤ ਦੇ ਸਥਾਪਤ ਸਮਾਜਕ ਮਾਹੌਲ ਨੂੰ ਇਹ ਪਹਿਲੇ ਦੋਵੇਂ ਸਿਸਟਮ ਸੁਧਾਰ ਨਾ ਸਕੇ। ਸਗੋਂ ਇਸ ਧਰਮ, ਜਾਤ, ਰੰਗ, ਨਸਲ, ਭਾਸ਼ਾ 'ਤੇ ਅਧਾਰਤ ਸਮਾਜਕ ਮਾਹੌਲ ਨੇ ਰਾਜਨੀਤਕ ਅਤੇ ਆਰਥਿਕ ਪ੍ਰਣਾਲੀ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਜਾਂ ਰਾਜਨੀਤਕ ਅਤੇ ਆਰਥਿਕ ਸ਼ਕਤੀਆਂ ਨੇ ਆਪਣੇ ਸੁਆਰਥ ਲਈ ਸਮਾਜਕ ਮਾਹੌਲ ਨੂੰ ਆਪਣੇ ਮੰਤਵ ਲਈ ਵਰਤਿਆ। ਅਫਸੋਸ ਵਾਲੀ ਗੱਲ ਇਹ ਹੈ ਕਿ ਇਹ ਸਮਾਜਕ ਸ਼ੋਸ਼ਣ 'ਧਰਮ-ਨਿਰਪੱਖ' ਦੇ ਨਾਅਰੇ ਅਧੀਨ ਕੀਤਾ ਗਿਆ।

ਕੁਝ ਅੰਤਰਰਾਸ਼ਟਰੀ ਹਾਲਾਤ ਕਾਰਨ ਅਤੇ ਕੁਝ ਅੰਦਰੂਨੀ ਗੜਬੜ ਕਾਰਨ ਅੰਗਰੇਜ਼ਾਂ ਨੂੰ ਜਦੋਂ ਇਹ ਸਪੱਸ਼ਟ ਹੋ ਗਿਆ ਕਿ ਹੁਣ ਭਾਰਤ 'ਤੇ ਕੰਟਰੋਲ ਨਹੀਂ ਰੱਖਿਆ ਜਾ ਸਕਦਾ ਤਾਂ ਉਨ੍ਹਾਂ ਸ਼ਾਂਤਮਈ ਨੀਤੀ ਦੇ ਪੈਰੋਕਾਰਾਂ ਨੂੰ, ਜਿਨ੍ਹਾਂ ਦੀ ਸਥਾਪਨਾ ਇਕ ਲੰਮਾ ਸਮਾਂ ਪਹਿਲਾਂ ਉਨ੍ਹਾਂ ਨੇ ਹੀ ਕੀਤੀ ਸੀ, ਰਾਜ ਭਾਗ ਸੌਂਪ ਦਿਤਾ। ਇਹ ਰਾਜ ਭਾਗ ਇਸ ਤਰ੍ਹਾਂ ਸੌਂਪਿਆ ਗਿਆ ਜਿਸ ਨਾਲ ਕਿ ਉਨ੍ਹਾਂ ਦੇ ਕੁਝ ਹਿਤ ਪੂਰਨ ਤੌਰ 'ਤੇ ਸੁਰੱਖਿਅਤ ਰਹਿਣ। ਜਿਨ੍ਹਾਂ ਲੋਕਾਂ ਨੂੰ ਰਾਜ ਭਾਗ ਸੌਂਪਿਆ ਗਿਆ ਉਨ੍ਹਾਂ ਵਿਚ ਬਹੁਗਿਣਤੀ ਉਨ੍ਹਾਂ ਲੋਕਾਂ ਦੀ ਸੀ ਜਿਨ੍ਹਾਂ ਨੇ ਇੰਗਲੈਂਡ ਤੋਂ ਹੀ ਸਿਖਿਆ ਪ੍ਰਾਪਤ ਕੀਤੀ ਸੀ ਅਤੇ ਜੋ ਭਾਰਤ ਦੀ ਚੰਗੀ ਖਾਂਦੀ ਪੀਂਦੀ ਸ਼੍ਰੇਣੀ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਨੇ ਜਦੋਂ ਭਾਰਤੀ ਸੰਵਿਧਾਨ ਦਾ ਨਿਰਮਾਣ ਕੀਤਾ ਤਾਂ ਆਪਣੇ ਮਾਲਕਾਂ ਵਾਲੀ ਰਾਜਨੀਤਕ ਪ੍ਰਣਾਲੀ ਦੀਆਂ ਹੀ ਬਹੁਤੀਆਂ ਕਦਰਾਂ-ਕੀਮਤਾਂ ਨੂੰ ਅਪਣਾ ਲਿਆ ਕਿਉਂਕਿ ਇਸ ਪ੍ਰਣਾਲੀ ਅਧੀਨ ਲੋਕ ਰਾਜ ਇਕ ਅਜਿਹੀ ਛੱਤਰੀ ਹੈ ਜਿਸ ਦੀ ਛਾਂ ਹੇਠ ਖਾਂਦੀ ਪੀਂਦੀ ਸ਼੍ਰੇਣੀ ਦੇ ਹਿਤਾਂ ਦੀ ਰਖਵਾਲੀ ਵਧੇਰੇ ਹੋ ਸਕਦੀ ਹੈ। ਇਨ੍ਹਾਂ ਨੇ ਜੋ ਸੰਸਦੀ ਲੋਕਤੰਤਰੀ ਪ੍ਰਣਾਲੀ ਨੂੰ ਭਾਰਤ ਦੇ ਅਨਪੜ੍ਹ, ਘੱਟ ਸੁਚੇਤ, ਪਿਛਾਂਹ ਖਿਚੂ ਸਮਾਜ ਲਈ ਚੁਣਿਆ ਉਸ ਵਿਚ ਚਰਿੱਤਰ ਨਿਰਮਾਣ ਦੀ ਸਥਾਪਨਾ ਕਰਨਾ ਬਹੁਤ ਹੀ ਔਖਾ ਹੈ।

ਉਸ ਸਮੇਂ ਭਾਰਤੀ ਸਮਾਜ ਵਿਚ ਜਗੀਰਦਾਰੀ ਰੁਚੀਆਂ ਦੀ ਭਰਮਾਰ ਹੋਣ ਕਾਰਨ ਸਮਾਨਤਾ ਦੀ ਧਾਰਨਾ ਲੋਕਾਂ ਵਿਚ ਘਰ ਨਾ ਕਰ ਸਕੀ। ਆਰਥਿਕ ਤਰੱਕੀ ਦਾ ਰਾਹ ਉਦਾਰ-ਲੋਕਤੰਤਰ ਅਧੀਨ, ਅਜਿਹਾ ਨਿਰਧਾਰਤ ਕੀਤਾ ਗਿਆ ਜਿਸ ਵਿਚ ਪੂੰਜੀਪਤੀ ਵਧੇਰੇ ਲਾਭ ਪ੍ਰਾਪਤ ਕਰ ਸਕਦੇ ਸਨ। ਇਹੀ ਕਾਰਨ ਹੈ ਕਿ ਅੱਜ ਤੱਕ ਵੀ ਆਰਥਿਕ ਤਰੱਕੀ ਦੀਆਂ ਜੋ ਸਕੀਮਾਂ ਅਪਣਾਈਆਂ ਜਾਂਦੀਆਂ ਹਨ ਉਨ੍ਹਾਂ ਦਾ ਵਧੇਰੇ ਲਾਭ ਪਹਿਲਾਂ ਹੀ ਅਮੀਰ ਸ਼੍ਰੇਣੀ ਨੂੰ ਹੁੰਦਾ ਹੈ। ਇਸ ਕਾਰਨ ਅਮੀਰ ਵਧੇਰੇ ਅਮੀਰ ਅਤੇ ਗਰੀਬ ਵਧੇਰੇ ਗਰੀਬ ਹੋ ਰਿਹਾ ਹੈ। ਇਸ ਦਾ ਇਕ ਹੋਰ ਸਿੱਟਾ ਇਹ ਵੀ ਨਿਕਲ ਰਿਹਾ ਹੈ ਕਿ ਲੋਕਤੰਤਰੀ ਸਰਕਾਰ ਉਪਰ ਇਸ ਅਮੀਰ ਸ਼੍ਰੇਣੀ ਦਾ ਕੰਟਰੋਲ ਵਧਦਾ ਜਾ ਰਿਹਾ ਹੈ।

ਕੰਟਰੋਲ

ਪਛੜੇ ਰਾਜਨੀਤਕ ਸਭਿਆਚਾਰ ਵਾਲੇ ਸਮਾਜ ਵਿਚ ਵੋਟਾਂ ਵਿਚ ਪੈਸੇ ਦਾ ਬਹੁਤ ਪ੍ਰਭਾਵ ਹੁੰਦਾ ਹੈ। ਚੰਗੀਆਂ ਪ੍ਰਭਾਵਸ਼ਾਲੀ ਪਾਰਟੀਆਂ ਦੀ ਉਮੀਦਵਾਰੀ ਟਿਕਟ ਤੇ ਵੋਟਾਂ ਲੈਣ ਲਈ ਪੈਸੇ ਦੀ ਬਹੁਤ ਜ਼ਰੂਰਤ ਹੁੰਦੀ ਹੈ। ਇਸ ਕਾਰਨ ਗਰੀਬ ਵਿਅਕਤੀ ਭਾਵੇਂ ਉਹ ਕਿੰਨਾ ਹੀ ਸੂਝਵਾਨ ਅਤੇ ਇਮਾਨਦਾਰ ਕਿਉਂ ਨਾ ਹੋਵੇ, ਚੋਣਾਂ ਵਿਚ ਖੜ੍ਹਾ ਨਹੀਂ ਹੋ ਸਕਦਾ। ਇਸ ਲਈ ਸੰਸਦੀ ਲੋਕਤੰਤਰ ਲੋਕਾਂ ਦਾ ਨਹੀਂ ਸਗੋਂ ਕੁਝ ਖਾਸ ਲੋਕਾਂ ਦਾ ਹੀ ਸਾਸ਼ਨ ਹੁੰਦਾ ਹੈ।

ਅਜਿਹੇ ਰਾਜਨੀਤਕ ਅਤੇ ਆਰਥਿਕ ਮਾਹੌਲ ਵਿਚ ਜਿਸ ਤਰ੍ਹਾਂ ਦੇ ਸਮਾਜ ਦੀ ਸਥਾਪਨਾ ਹੁੰਦੀ ਹੈ ਉਸ ਵਿਚ ਵਿਅਕਤੀਵਾਦੀ ਅਤੇ ਪਦਾਰਥਵਾਦੀ ਰੁਚੀਆਂ ਦੀ ਭਰਮਾਰ ਹੋਣੀ ਲਾਜ਼ਮੀ ਹੀ ਹੁੰਦੀ ਹੈ। ਜਿਥੇ ਸੁਆਰਥੀ ਭਾਵਨਾ ਹੁੰਦੀ ਹੈ ਉਥੇ ਰਾਸ਼ਟਰਵਾਦ ਦੀ ਭਾਵਨਾ ਨਹੀਂ ਹੋ ਸਕਦੀ। ਇਸ ਲਈ ਕੌਮ ਦਾ ਚਰਿੱਤਰ ਨਿਰਮਾਣ ਨਹੀਂ ਹੋ ਸਕਦਾ। ਇਸ ਕਾਰਨ ਹਰ ਵਿਅਕਤੀ ਨੂੰ ਸਭ ਤੋਂ ਪਹਿਲਾਂ ਆਪਣਾ ਆਪ, ਫਿਰ ਪਰਿਵਾਰ, ਪਿੰਡ, ਇਲਾਕਾ ਅਤੇ ਬਾਅਦ ਵਿਚ ਦੇਸ਼ ਨਾਲ ਲਗਾਉ ਹੈ। ਇਸ ਕਾਰਨ ਕੋਈ ਵਿਅਕਤੀ ਸਮੁੱਚੇ ਰਾਸ਼ਟਰ ਲਈ ਕੰਮ ਕਿਵੇਂ ਕਰ ਸਕਦਾ ਹੈ?

ਪੰਡਤ ਨਹਿਰੂ, ਉਨ੍ਹਾਂ ਦੀ ਧੀ ਇੰਦਰਾ ਗਾਂਧੀ ਅਤੇ ਹੁਣ ਦੋਹਤਾ ਰਾਜੀਵ ਗਾਂਧੀ ਕੇਵਲ ਨਾਅਰਿਆਂ ਨਾਲ ਹੀ ਚਰਿੱਤਰ ਅਤੇ ਰਾਸ਼ਟਰੀ ਨਿਰਮਾਣ ਕਰਨਾ ਚਾਹੁੰਦੇ ਰਹੇ ਹਨ। ਥੋੜ੍ਹੇ ਸਮੇਂ ਲਈ ਆਏ ਮੁਰਾਰਜੀ ਡਿਸਾਈ ਤਾਂ ਇਨ੍ਹਾਂ ਨਾਲੋਂ ਵੀ ਵੱਧ ਚਰਿੱਤਰ ਨਿਰਮਾਣ ਦੀਆਂ ਸਮੱਸਿਆਵਾਂ ਪੈਦਾ ਕਰ ਗਏ। ਅਜ ਜਿਸ ਤਰ੍ਹਾਂ ਦਾ ਰਾਜਨੀਤਕ, ਆਰਥਿਕ ਅਤੇ ਸਮਾਜਕ ਸਿਸਟਮ ਸਥਾਪਤ ਹੋ ਗਿਆ ਹੈ ਇਸ ਵਿਚ ਰਾਸ਼ਟਰੀ ਚਰਿੱਤਰ ਦਾ ਨਿਰਮਾਣ ਕਰਨਾ ਬਹੁਤ ਮੁਸ਼ਕਲ ਹੈ।

ਅੱਜ ਭਾਰਤ ਜੇ ਅਤਿਵਾਦ, ਵੱਖਵਾਦ, ਧਰਮ-ਨਿਰਪੱਖ ਵਿਰੋਧੀ ਅਤੇ ਭਾਸ਼ਾਵਾਦੀ ਤਾਕਤਾਂ ਦਾ ਮੁਕਾਬਲਾ ਕਰਨਾ ਚਾਹੁੰਦਾ ਹੈ, ਲੋਕਾਂ ਵਿਚ ਸਹੀ ਰੂਪ ਵਿਚ ਕੌਮੀ ਏਕਤਾ ਅਤੇ ਰਾਸ਼ਟਰਵਾਦ ਦੀ ਭਾਵਨਾ ਦਾ ਵਿਕਾਸ ਕਰਨਾ ਚਾਹੁੰਦਾ ਹੈ ਤਾਂ ਇਸ ਨੂੰ ਰਾਜਨੀਤਕ ਅਤੇ ਆਰਥਿਕ ਢਾਂਚੇ ਵਿਚ ਕੁਝ ਬੁਨਿਆਦੀ ਤਬਦੀਲੀਆਂ ਕਰਨੀਆਂ ਪੈਣਗੀਆਂ। ਅਜਿਹੀਆਂ ਤਬਦੀਲੀਆਂ ਜਿਨ੍ਹਾਂ ਕਾਰਨ ਵਿਅਕਤੀਵਾਦੀ ਅਤੇ ਪਦਾਰਥਵਾਦੀ ਸੁਆਰਥੀ ਰੁਚੀਆਂ ਦਾ ਖਾਤਮਾ ਹੋ ਸਕੇ।

ਫੈਲਿਆ ਬ੍ਰਹਿਮੰਡ ਅੰਦਰ ਖੂਨ ਦਾ ਕਤਰਾ ਲਿਖਾਂ।
ਹੁਣ ਘਰਾਂ 'ਚੋਂ ਜ਼ਿੰਦਗੀ ਦਾ ਜ਼ਿਕਰ ਹੈ ਮਰਿਆ ਲਿਖਾਂ।
--0--

ਸਮਝ ਨਹੀਂ ਆਉਂਦੀ ਕਿਵੇਂ? ਸਿਆਹ ਦੌਰ ਦੀ ਗਾਥਾ ਲਿਖਾਂ।
ਦਰਦ ਵਿਚ ਭਿੱਜੇ ਇਨ੍ਹਾਂ ਸ਼ਬਦਾਂ ਦਾ ਕੀ? ਨਗਮਾ ਲਿਖਾਂ।
--0--

ਪੰਨਾ 16 ਦੀ ਬਾਕੀ

ਕੋਟ ਅਤੇ ਪੈਂਟ ਦੀਆਂ ਜੇਬਾਂ ਫਰੋਲੀਆਂ। ਉਥੇ ਵੀ ਨਹੀਂ ਸੀ। ਕਿੱਧਰ ਗਈ ਚਿੱਠੀ ਉਹਨੇ ਤਣਾਓ 'ਚ ਆਏ ਨੇ ਆਪਣੀ ਸੋਚ ਉਤੇ ਜ਼ੋਰ ਪਾਇਆ। ਮੁੜ ਕੁਰਸੀ ਉਤੇ ਆ ਬੈਠਾ। ਸੋਚਦਾ ਰਿਹਾ .... ਸੋਚਦਾ ਰਿਹਾ। ਉਹਦੇ ਹੱਥ ਥੋੜੇ ਜਿਹੇ ਕੰਬੇ। ਉਹ ਬੋਤਲ ਵੱਲ ਅਹੁਲਿਆ। ਹੁਣ ਤੀਜਾ ਪੈੱਗ ਉਹਦੇ ਹੱਥ ਦੀ ਇਕੋ ਜੁੰਬਸ਼ ਦੀ ਇੰਤਜ਼ਾਰ ਵਿਚ ਸੀ।

ਮਿੱਤਲ ਅਜੇ ਤੱਕ ਨਹੀਂ ਸੀ ਆਇਆ।

ਹੁਣ ਉਸਦੇ ਆਉਣ ਦੀ ਆਸ ਦਮ ਤੋੜ ਰਹੀ ਸੀ।

"ਬਾਸਟਰਡ ... ਮਿੱਤਲ ਦੇ ਨਾਂ! ਕਹਿੰਦਿਆਂ ਉਹਨੇ ਤੀਜਾ ਪੈੱਗ ਵੀ ਪੀ ਲਿਆ। ਪੀਣ ਦੇ ਕੁਝ ਪਲਾਂ ਪਿਛੋਂ ਹੀ ਉਹਨੂੰ ਅਹਿਸਾਸ ਹੋਇਆ ਜਿਵੇਂ ਉਹ ਇਕ ਦਮ ਤਰੋ-ਤਾਜ਼ਾ ਹੋ ਗਿਆ ਹੋਵੇ। ਐਨ੍ਹ ਘੋੜੇ ਵਰਗਾ। ਹੁਣ ਤਣਾਓ ਵੀ ਨਹੀਂ ਸੀ ਰਿਹਾ। ਉਹਦੀ ਯਾਦਸ਼ਕਤੀ ਪਰਤ ਆਈ। ਸਾਈਡ ਦਾ ਦਰਾਜ਼ ਖੋਲ੍ਹਿਆ ਤਾਂ ਸਾਹਮਣੇ ਸਤ ਪ੍ਰਕਾਸ਼ ਦੀ ਚਿੱਠੀ ਪਈ ਸੀ। ਉਹਨੇ ਚੁੱਕਕੇ ਪੜ੍ਹਨੀ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਉਹਨੂੰ ਸੰਬੋਧਨ ਪੜ੍ਹਕੇ ਹੀ ਧੱਕਾ ਜਿਹਾ ਲੱਗਿਆ। ਪਹਿਲੀ ਵਾਰ ਪੜ੍ਹਨ 'ਤੇ ਉਹਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਸੀ ਹੋਇਆ। ਪੰਜਾਬੀ ਵਿਚ ਲਿਖੀ ਇਸ ਚਿੱਠੀ ਵਿਚ ਸਤ ਪ੍ਰਕਾਸ਼ ਨੇ ਨਾ 'ਅਜ਼ੀਜ਼' ਸ਼ਬਦ ਵਰਤਿਆ ਅਤੇ ਨਾ ਹੀ "ਜੈ ਜੈ ਸੀਆ ਰਾਮ।" ਸਿੱਧਾ ਹੀ ਲਿਖ ਦਿਤਾ: ਪਿਆਰੇ ਬ੍ਰਹਮ ਪ੍ਰਕਾਸ਼। ਅਗਲੀਆਂ ਚਾਰ ਪੰਜ ਸਤਰਾਂ ਇਉਂ ਉਘੜੀਆਂ:

"ਤੈਨੂੰ ਤਾਂ ਮਲੂਮ ਈ ਐ। ਚੰਡੀਗੜ੍ਹ ਰਹਿਨੈਂ। ਬਈ, ਪੰਜਾਬ ਦੇ ਹਾਲਾਤ ਠੀਕ ਨੀ। ਉਂ ਏਧਰ ਖਤਰੇ ਆਲੀ ਕੋਈ ਬਾਤ ਨੀ। ਪਰ ਕੀ ਭਰੋਸਾ? ਨਾ ਜਾਣੀਏ ਕਦੋਂ ਕੁਸ਼ ਹੋ ਜੇ। ਮੇਰਾ ਚਿੱਤ ਬੁਝਿਆ ਬੁਝਿਆ ਜਿਹਾ ਰਹਿੰਦੈ। ਤੂੰ ਖਤ ਮਿਲਦੇ ਸਾਰ ਆ ਜਾ। ਨਾਲੇ ਤਾਰੇ ਲਫੈਂਡ ਨੂੰ ਵੀ ਚੁਕੰਨਾ ਕਰ ਜਾ। ਅੱਗੇ ਤੂੰ ਖੁਦ ਸਮਝਦਾਰ ਐਂ।

ਖੈਰ ਅੰਦੇਸ਼,
ਸਤ ਪ੍ਰਕਾਸ਼।

ਚਿੱਠੀ ਪੜ੍ਹਕੇ ਉਹ ਕੁਝ ਪਰੇਸ਼ਾਨ ਹੋਇਆ। ਫੇਰ ਠਠੰਬਰਿਆ। ਹੁਣ ਉਹਨੇ ਸਤ ਪ੍ਰਕਾਸ਼ ਦੀ ਚਿੱਠੀ ਤੋਂ ਉਹਦਾ ਅੰਦਰਲਾ ਪੜ੍ਹ ਲਿਆ ਸੀ। ਉਹਦਾ ਆਪਣਾ ਅੰਦਰਲਾ ਪਿਘਲਣ ਲਗਾ। ਉਹਨੂੰ ਖਤ 'ਚੋਂ ਨਿਰਾਸ਼ਤਾ ਅਤੇ ਉਦਾਸੀ ਸਪੱਸ਼ਟ ਦਿਖਾਈ ਦੇ ਰਹੀ ਸੀ। ਪਹਿਲਾਂ ਤਾਂ ਉਹਦਾ ਚਿੱਤ ਇਉਂ ਕਦੇ ਡੋਲਿਆ ਨਹੀਂ ਸੀ। ਹੁਣ ਕਿਉਂ ਬੁਝਿਆ ਬੁਝਿਆ ਰਹਿਣ ਲਗ ਪਿਆ? ਉਤੋਂ ਤਾਰੇ ਲਫੈਂਡ ਦੀ ਗੱਲ ਕਿਸ ਗੱਲ ਲਈ ਉਹਨੂੰ ਚੁਕੰਨਾ ਕਰਨ ਦੀ ਲੋੜ ਪੈ ਗਈ। ਕਿਤੇ ਉਹਦੇ ਭਤੀਜੇ ਅਸ਼ੋਕ ਕਰਕੇ ਕੋਈ ਟੰਟਾ ਨਾ ਪੈ ਗਿਆ ਹੋਵੇ। ਇਹ ਮੁੰਡਾ ਪੜ੍ਹਨ ਨੂੰ ਸਭ ਤੋਂ ਪਿਛੇ ਤੇ ਲੜਨ ਨੂੰ ਮੂਹਰੇ ਰਹਿੰਦਾ ਸੀ। ਐਨ੍ਹ ਸਤ ਪ੍ਰਕਾਸ਼ ਦੇ ਉਲਟ ਗਿਆ ਸੀ ਦਸਵੀਂ 'ਚੋਂ ਦੋ ਵੇਰਾਂ ਫੇਲ੍ਹ ਹੋ ਕੇ ਪਿੰਡ 'ਚ ਸਾਈਕਲਾਂ ਦੀ ਮੁਰੰਮਤ ਤੇ ਪੰਚਰ ਆਦਿ ਲਾਉਣ ਲੱਗ ਪਿਆ ਸੀ। ਪੰਜਾਬ ਦੇ ਰੌਲੇ ਰੱਪੇ ਦੇ ਗੇੜ 'ਚ ਉਹਨੇ ਮਲੇਰਕੋਟਲੇ ਸਾਈਕਲਾਂ ਦੀ ਦੁਕਾਨ ਜਾ ਖੋਲ੍ਹੀ ਸੀ। ਹੁਣ ਉਹਦਾ ਕੰਮ ਸੁਹਣਾ ਰਿੜ੍ਹ ਪਿਆ ਸੀ। ਤੇ ਦੂਰ ਦੀ ਸੋਚਕੇ ਸਤ ਪ੍ਰਕਾਸ਼ ਨੇ ਉਹਨੂੰ ਇਥੇ ਇਕ ਘਰ ਲੈ ਦਿਤਾ ਸੀ। ਹੁਣ ਉਹਦਾ ਟੱਬਰ ਵੀ ਉਥੇ ਹੀ ਰਹਿਣ ਲਗ ਪਿਆ। ਸਤ ਪ੍ਰਕਾਸ਼ ਪਿੰਡ ਹੀ ਰਿਹਾ। ਬਿਰਧ ਪਿਓ ਨੂੰ ਥਾਂ ਥਾਂ ਘਸੀਟਦੇ ਫਿਰਨਾ ਉਹਨੂੰ ਚੰਗਾ ਨਹੀਂ ਸੀ ਲਗਦਾ। ਫੇਰ ਬੁੜ੍ਹਾ ਕਿਹੜਾ ਅੱਗੋਂ ਘੱਟ ਸੀ। ਉਹਦੀਆਂ ਲੱਤਾਂ ਜੁੜ ਗਈਆਂ। ਅੱਖਾਂ ਤੋਂ ਘੱਟ ਦਿਖਣ ਲਗ ਪਿਆ। ਦੰਦ ਨਿਕਲਕੇ ਨਵੇਂ ਸਿਰਿਓਂ ਆ ਗਏ। ਪਰ ਪਿੰਡ ਛੱਡਣ ਦਾ ਨਾਂ ਨਹੀਂ ਸੀ ਲੈਂਦਾ। ਅਖੇ: "ਕਿਉਂ ਜਾਈਏ ਜੱਦੀ ਪੁਸ਼ਤੀ ਘਰ ਛੱਡਕੇ। ਪਿੰਡ ਦਾਦੇ-ਪੜਦਾਦੇ ਦੇ ਵੇਲੇ ਤੋਂ ਰਹਿੰਦੇ ਆ ਰਹੇ ਆਂ। ਫੇਰ ਕਿਸੇ ਨਾਲ ਬੋਲ ਬਰਾਲਾ ਨਾ ਹੋਇਆ। ਘੱਟ ਵੱਧ ਨੀ ਹੋਈ। ਸਾਰੇ ਅੱਧ ਕੇ ਦੇ ਹੋਕੇ ਮਿਲਦੇ ਨੇ। ਧੀ ਭੈਣ ਦੀ ਸਾਂਝ ਇਕ। ਡਿਗੇ ਪੰਖੜੇ ਦੀ ਸੌ ਖਬਰ ਲੈਣ ਆਲੇ। ਮਜ਼ਾਲ ਐ ਕੋਈ ਅੱਖ 'ਚ ਰੜਕ ਜੇ। ਆਹ! ਨਵਾਂ ਜੰਮ ਪਿਆ ਛੋਕਰ-ਵਾਧਾ। ਮੈਂ ਇਹਨਾਂ ਨੂੰ ਕੀ ਸਮਝਦਾਂ! ਇਹਨਾਂ 'ਚੋਂ ਕਈਆਂ ਦੇ ਪਿਓ-ਬਾਬੇ ਅਜੇ ਜਿਉਂਦੇ ਨੇ। ਉਹ ਤਾਂ ਜਾਣਦੇ ਨੇ ਸਾਡੀ ਪੜਤ ਨੂੰ। ਲੈ ਬਈ, ਮੈਨੂੰ ਨੀ ਯਾਦ ਕਦੇ ਕਿਸੇ ਨੇ ਮੇਰੇ ਮੂਹਰੇ ਅੱਖ ਉਚੀ ਕੀਤੀ ਹੋਵੇ। ਨੀਵੀਂ ਪਾ ਕੇ ਆਪਣੀਆਂ ਆਪਣੀਆਂ ਮੁੱਛਾਂ ਨੂੰ ਵਟੇ ਦਿੰਦੇ ਕੋਲ ਦੀ ਲੰਘ ਜਾਣ ਤਾਂ ਕਿਹੜਾ ਸਾਡਾ ਨੂਣ ਨਿਰਕਦੈ। ਆਪਣੀ ਮੌਜ 'ਚ ਰਹਿਦ। ਆਪਾਂ ਨੂੰ ਕੀ। ਜਦੋਂ ਕੋਈ ਗੱਲ ਹੋਊ, ਦੇਖੀ ਜਾਊ। ਆਹ! ਮੈਂ ਤੁਰਨੋਂ ਫਿਰਨੋਂ ਆਹਰਾ ਹੋ ਗਿਆ। ਨਹੀਂ ਮੈਂ ਖੰਘਣ ਦਿੰਦਾ ਸੀ ਕਿਸੇ ਨੂੰ।" ਪਿਛਲੀ ਵੇਰਾਂ ਉਹ ਪਿੰਡ ਗਿਆ ਤਾਂ ਬੁੜ੍ਹਾਂ ਦਾਰੂ ਦੀ ਘੁੱਟ ਪੀਕੇ, ਤਰਾਰੇ 'ਚ ਆਇਆ ਗੱਲਾਂ ਕਰੀ ਗਿਆ। ਬ੍ਰਹਮ ਪ੍ਰਕਾਸ਼ ਨੂੰ ਜਿਹੜੇ ਬੁੜ੍ਹਿਆਂ ਦੇ ਨਾਂ ਵੀ ਨਹੀਂ ਸਨ ਯਾਦ, ਉਹਨਾਂ ਦੀਆਂ ਗੱਲਾਂ ਸੁਣਾਉਂਦਾ ਰਿਹਾ। ਹਰ ਗੱਲ 'ਚ ਇਕੋ ਤਕੀਆ ਕਲਾਮ, 'ਸਾਡੇ ਵੇਲੇ' ਆਹ ਹੁੰਦਾ ਸੀ, 'ਸਾਡੇ ਵੇਲੇ' ਇਉਂ ਨੀ ਸੀ ਹੁੰਦਾ। ਉਹ ਦੱਸਦਾ ਹੁੰਦਾ ਕਿ ਉਹਦੇ ਦਾਦੇ ਹੁਰਾਂ ਨੂੰ ਪਿੰਡ ਆਲੇ ਇਕ ਪੱਗ ਤੇ ਉਪਰ ਪੰਜ ਰੁਪਈਏ ਚਾਂਦੀ ਦੇ ਰੱਖਕੇ ਲੈ ਕੇ ਆਏ ਸਨ। ਓਥੋਂ ਤੁਰ ਜਾਣਾ ਉਹਦੇ ਲਈ ਪਿੰਡ ਦਾ ਮਾਣ ਤੋੜਨ ਬਰਾਬਰ ਸੀ। ਬੋਲਾਂ ਉਹਦਿਆਂ 'ਚ ਭਾਵੇਂ ਗੜ੍ਹਕਾ ਕਾਇਮ ਸੀ ਪਰ ਸਰੀਰ ਹੱਡੀਆਂ ਦਾ ਪਿੰਜਰ ਹੋ ਕੇ ਰਹਿ ਗਿਆ। ਉਹ ਆਪਣੇ ਕਮਰੇ 'ਚ ਮੰਜੇ ਨਾਲ ਮੰਜਾ ਹੋਇਆ ਪਿਆ ਰਹਿੰਦਾ। ਦੌਣ ਢਿੱਲੀ ਕਰਕੇ ਉਸ ਵਿਚ ਗਠੜੀ ਵਾਂਗ ਇਕੱਠਾ ਹੋਇਆ ਹੋਇਆ ਬੋਰੀ ਦੀ ਗੱਦੀ ਬਣਵਾਕੇ ਉਹ ਆਪਣੇ ਚਿੱਤੜਾਂ

(ਬਾਕੀ ਪੰਨਾ 18 ਉੱਤੇ)

ਅਮਰੀਕਾ ਵਲੋਂ ਪਾਬੰਦੀ ਤੋਂ ਨਾਂਹ

ਅਮਰੀਕੀ ਵਿਭਾਗ ਨੇ ਖਤਰਨਾਕ ਪ੍ਰਮਾਣੂੰ ਹਥਿਆਰਾਂ ਨੂੰ ਬੰਦ ਕਰਨ ਤੋਂ ਨਾਂਹ ਕਰ ਦਿੱਤੀ ਹੈ ਅਤੇ ਉਲਟਾ ਦਾਅਵਾ ਕੀਤਾ ਹੈ ਕਿ ਸੋਵੀਅਤ ਯੂਨੀਅਨ ਵਲੋਂ ਇਕੱਤਰ ਕੀਤੇ ਜਾ ਰਹੇ ਹਥਿਆਰਾਂ ਦੇ ਭੰਡਾਰਾਂ ਅਤੇ ਕੌਮਾਂਤਰੀ ਸੁਰੱਖਿਆ ਦੀ ਜ਼ਾਮਨੀ ਲਈ ਅਜਿਹਾ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਹੈ।

ਇਸ ਗੱਲ ਦਾ ਪ੍ਰਗਟਾਵਾ ਗ੍ਰਹਿ ਵਿਭਾਗ ਦੇ ਬੁਲਾਰੇ ਸ੍ਰੀ ਚਾਰਲਸ ਈ. ਰੈਡਮੈਨ ਵਲੋਂ ਜਾਰੀ ਕੀਤੇ ਇਕ ਬਿਆਨ ਅੰਦਰ ਕੀਤਾ ਗਿਆ

(ਪੰਨਾ 17 ਦੀ ਬਾਕੀ)

ਹੇਠਾਂ ਬੰਨ੍ਹੀਂ ਰੱਖਦਾ। ਹਾਜ਼ਤ ਹੋਣ ਤੇ ਬਾਹਾਂ ਦੇ ਸਹਾਰੇ ਘਿਸਰਦਾ ਕਮਰੇ ਅੰਦਰ ਬਣੀ ਟਾਇਲਟ 'ਚ ਜਾ ਟੱਟੀ-ਪਿਸ਼ਾਬ ਕਰਦਾ ਤੇ ਕਰਿੰਗੜੀ ਬਣਾਕੇ ਮੁੜ ਮੰਜੇ ਤੇ ਆ ਚੜ੍ਹਦਾ। ਪਤਾ ਨਹੀਂ ਬੁੜ੍ਹੇ ਦੇ ਪ੍ਰਾਣ ਕਿਸ ਚੀਜ਼ 'ਚ ਅੜੇ ਪਏ ਨੇ। ਪੋਤੇ ਦੇ ਵਿਆਹ ਅੜਕੇ ਗਿਆ। ਕਾਰ 'ਚ ਢਾਸਣੇ ਆਲੀ ਗੱਦੀ ਲਗਵਾਕੇ। ਪੜਪੋਤਾ ਵੀ ਜੰਮ ਪਿਆ। ਅਜੇ ਵੀ ਕਹਿੰਦੈ, 'ਇਹਦਾ ਵਿਆਹ ਦੇਖਕੇ ਮਰੂੰ। ਦੇਖ ਲਿਓ ਭਮੇਂ। ਮੈਂ ਆਪਣੀ ਕਿਰਿਆ ਸੋਧਣ ਜੋਗਾ ਹੈ ਗਾ ਅਜੇ। ਥੋਡੇ ਸਹਾਰੇ ਨੀ।' ਏਹੋ ਜਿਹੀਆਂ ਗੱਲਾਂ ਉਹ ਦਾਰੂ ਦੀ ਘੁੱਟ ਪੀਕੇ ਹੀ ਕਰਦਾ ਸੀ। ਨਹੀਂ ਤਾਂ ਗੁੰਮ ਸੁੰਮ ਹੋਇਆ ਪਿਆ ਰਹਿੰਦਾ।

* * * *

ਉਹਨੂੰ ਨਹੀਂ ਯਾਦ ਕਿ ਚੌਥਾ ਪੈਗ ਪੀਤਾ ਵੀ ਸੀ ਜਾਂ ਨਹੀਂ। ਹਾਂ, ਇਕ ਤਿਆਰ-ਬਰ-ਤਿਆਰ ਉਹਦੇ ਸਾਹਮਣੇ ਪਿਆ ਸੀ।

'ਚੰਗਾ ਹੋਇਆ ਮਿੱਤਲ ਨਹੀਂ ਆਇਆ। ਨਹੀਂ ਤਾਂ ਉਹਨੇ ਮਗਜ਼ੋਲੀ ਮਾਰੀ ਜਾਣਾ ਸੀ। ਨਾ ਕਿਸੇ ਗੱਲ ਦਾ ਸਿਰਾ, ਨਾ ਅੰਤ। ਜਦੋਂ ਵੀ ਆਉਂਦਾ ਭਾਂਡੇ ਖਿੰਡਾਕੇ ਜਾਂਦਾ। "ਇਹ ਲਾਓ, ਵੂਹ ਲਾਓ। ਮੇਰੀ ਸਿਗਰਟ ਲਗਵਾਓ। ਕਹਾਂ ਹੈ ਮੋਤੀ ਰਾਮ। ... ਮੋਤੀ ਰਾਮ। ਕੈਸੇ ਹੋ? ਖੁਸ਼ ਤੋ ਹੋ?" ... ਬੱਸ, ਘਰ 'ਚ ਗਾਹ ਪੈ ਜਾਂਦਾ। ਇਕ ਗੱਲੋਂ ਚੰਗਾ ਈ ਹੋਇਆ ਉਹ ਨਹੀਂ ਆਇਆ।'

ਉਹ ਸੋਚਦਾ ਰਿਹਾ।

ਉਹਨੇ ਚਿੱਠੀ ਫੇਰ ਪੜ੍ਹੀ। ਤੇ ਹੋਰ ਵੀ ਜਜ਼ਬਾਤੀ ਹੋ ਗਿਆ। ਉਹਨੂੰ ਸਤ ਪ੍ਰਕਾਸ਼ ਦੀ ਯਾਦ ਰਹਿ ਰਹਿਕੇ ਆ ਰਹੀ ਸੀ। ਉਹਦੀ ਸੋਚ ਵਿਚ ਸਤ ਪ੍ਰਕਾਸ਼ ਦਾ ਮੁੜ੍ਹੰਗਾ ਉਭਰਿਆ।

ਪਿਛਲੀ ਵਾਰ ਜਦ ਉਹ ਪਿੰਡ ਗਿਆ ਸੀ ਤਾਂ ਸਤ ਪ੍ਰਕਾਸ਼ ਹੱਟੀ ਦੀ ਗੱਦੀ ਉਤੇ ਬੈਠਾ ਸੀ : ਝੁਰੜੀਦਾਰ ਗੋਲ ਚਿਹਰਾ, ਅੱਖਾਂ 'ਚ ਠਹਿਰਾਓ, ਦਾੜ੍ਹੀ ਦੇ ਕਰੜ ਬਰੜੇ ਵਧੇ ਹੋਏ ਵਾਲ, ਤੇੜ ਉਚੀ ਚੱਕਵੀਂ ਧੋਤੀ। ਗਲ ਚਿੱਟੇ ਗਦਾਮਾਂ ਵਾਲੀ, ਦੋ ਜੇਬੀ, ਮੋਟੇ ਲੱਠੇ ਦੀ ਜਾਕਟ। ਹੇਠਾਂ ਜਨੇਊ। ਕੰਨਾਂ 'ਚ ਨੱਤੀਆਂ।

ਹੱਟੀ ਦੇ ਮੱਥੇ ਉਤੇ, ਉਹਦੇ ਸਿਰ ਦੇ ਐਨ ਉਤਾਂਹ ਕਰਕੇ ਲਟਕ ਰਿਹਾ ਟੀਨ ਦਾ ਪੁਰਾਣਾ ਫੱਟਾ। ਜਿਸ ਉਤੇ ਘਸਮੈਲੇ ਅੱਖਰਾਂ 'ਚ ਲਿਖਿਆ ਹੋਇਆ : "ਪਿੰਡ ਦੱਲੂਮਾਂ ਵਾਲੇ, ਸਤ ਪ੍ਰਕਾਸ਼ ਬੈਕਟਰ ਦੀ, ਪਰਚੂਨ ਦੀ ਮਸ਼ਹੂਰ ਹੱਟੀ।'

ਹੱਟੀ ਅੰਦਰ ਕਪਾਹ, ਦਾਣੇ, ਵੜੇਵਿਆਂ ਦੀਆਂ ਢੇਰੀਆਂ। ਨਿੱਕੇ ਮੋਟੇ ਸਾਮਾਨ ਨਾਲ ਅੱਧ-ਪਚੱਧੇ ਭਰੇ ਹੋਏ ਡੱਬੇ। ਇਕ ਪਾਸੇ ਕੰਧ ਵਿਚ ਫਿੱਟ ਕੀਤੀ ਫੱਟੀ ਉਤੇ ਕੱਚ ਦੀਆਂ ਬੋਤਲਾਂ ਦੀ ਕਤਾਰ। ਵਿਚ ਗੋਲੀਆਂ — ਹਰੇ, ਪੀਲੇ, ਲਾਲ ਰੰਗ ਦੀਆਂ।

'ਮਸ਼ਹੂਰ ਹੱਟੀ!' ਉਹ ਬੁੜਬੁੜਾਇਆ।

'ਮਸ਼ਹੂਰ!' ਉਹਦੇ ਬੁੱਲ੍ਹਾਂ ਉਤੇ ਆਈ ਕੌੜੀ-ਕਸੈਲੀ ਪਰ ਠਹਿਰੀ ਹੋਈ ਮੁਸਕਰਾਹਟ ਨੇ ਜਿਵੇਂ ਹੁੰਗਾਰਾ ਭਰਿਆ। ਇਹ ਕਿਹੋ ਜਿਹੀ ਮੁਸਕਰਾਹਟ ਸੀ ਜਿਸ ਵਿਚ ਸੁਧੀ ਕੁੜੱਤਣ ਨਹੀਂ ਸੀ। ਸਗੋਂ ਅਪਣੱਤ ਭਰੇ ਵਿਅੰਗ ਦੀ ਪੁੱਠ ਵੀ ਰਲੀ ਹੋਈ ਸੀ। ਉਹਦੇ ਧੁਰ ਅੰਦਰੋਂ ਬੇਮਲੂਮਾ ਜਿਹਾ ਕੁਝ ਉਛਲਿਆ। ਅੱਖਾਂ ਦੀਆਂ ਗੰਨੀਆਂ ਉਤੇ ਉਹਨੇ ਰੁਮਾਲ ਫੇਰੀ। ਉਹਨੂੰ ਅਜੀਬ ਜਿਹਾ ਅਹਿਸਾਸ ਹੋਇਆ ਕਿ ਰੁਮਾਲ ਸੁੱਕੀ ਦੀ ਸੁੱਕੀ ਰਹਿ ਗਈ ਸੀ।

ਪਹਿਲੇ ਪਹਿਲੇ ਸਾਲਾਂ ਵਿਚ ਜਦੋਂ ਉਹ ਚੰਡੀਗੜ੍ਹ ਆਉਂਦਾ ਹੁੰਦਾ ਸੀ ਤਾਂ ਇਉਂ ਨਹੀਂ ਸੀ ਹੁੰਦਾ। ਘਰੋਂ ਵਿਛੜਨ ਲੱਗਿਆਂ। ਭਾਈ ਦੀ ਪੀਡੀ ਬੁੱਕਲ 'ਚੋਂ ਨਿਕਲਦਿਆਂ ਭੂਆ ਦੇ ਸਿਰ ਪਲੋਸਣ 'ਤੇ। ਫੇਰ ਛਾਤੀ ਨਾਲ ਲੱਗਣ ਸਮੇਂ। ਬਿਰਧ ਪਿਓ ਦੇ ਪੈਰੀਂ ਹੱਥ ਲਾਉਣ ਤੇ ਉਹਦੀਆਂ ਅਸੀਸਾਂ ਸੁਣਦਿਆਂ ਪਹਿਲਾਂ ਉਹਦਾ ਗੱਚ ਭਰਦਾ ਤੇ ਫੇਰ ਸਾਰਾ ਆਪਾ ਉਛਲ ਜਾਂਦਾ। ਅੱਖਾਂ ਆਪ ਮੁਹਾਰੇ ਛਲਕ ਉਠਦੀਆਂ। ਹੰਝੂਆਂ ਦੀਆਂ ਤਤ੍ਹੀਰੀਆਂ ਉਹਦੀਆਂ ਗੱਲ੍ਹਾਂ ਉਤੋਂ ਦੀ ਇਉਂ ਵਹਿਣ ਲਗ ਪੈਂਦੀਆਂ ਜਿਵੇਂ ਕੱਚੇ ਘਰਾਂ ਦੀਆਂ ਕੰਧਾਂ ਉਤੋਂ ਦੀ, ਮੂੰਹ ਜ਼ੋਰ ਪੈਂਦੇ ਮੀਂਹ ਦੀਆਂ ਘਰਾਲਾਂ। ਤੇ ਇਹਨਾ ਹੰਝੂਆਂ ਨੂੰ ਉਹ ਰੁਮਾਲ ਨਾਲ ਪੂੰਝਦਾ ਪੂੰਝਦਾ ਥੱਕ ਜਾਂਦਾ। ਪਰ ਉਹ ਸਨ ਕਿ ਮੁੜ ਮੁੜ ਆਈ ਜਾਂਦੇ। ਪਤਾ ਨਹੀਂ ਕਿਵੇਂ — ਉਹ ਭਰ ਜਾਂਦਾ, ਵਹਿ ਤੁਰਦਾ। ਭਰ ਜਾਂਦਾ, ਵਹਿ ਤੁਰਦਾ। ਪਤਾ ਨਹੀਂ ਕਿੰਨਾ ਪਾਣੀ ਐਂ ਅੰਦਰ ਜੁ ਮੁੱਕਣ 'ਚ ਹੀ ਨਹੀਂ ਆਉਂਦਾ! ਓਦੋਂ ਉਹ ਸੋਚਦਾ ਹੁੰਦਾ। ਕਿੰਨਾ ਮੋਹ ਸੀ ਉਹਦੇ ਅੰਦਰ, ਟੱਬਰ ਦੇ ਜੀਆਂ ਲਈ, ਆੜੀਆਂ ਲਈ, ਪਿੰਡ ਦੇ ਲੋਕਾਂ ਲਈ। ਜਿਉਂ ਜਿਉਂ ਉਹ ਮੋਹ ਕਰਦਾ, ਓਨਾ ਹੀ ਇਹ ਵਧੀ ਜਾਂਦਾ।

ਓਦੋਂ ਉਹਨੂੰ ਪਿੰਡ ਦੀਆਂ ਯਾਦਾਂ ਘੇਰੀ ਰੱਖਦੀਆਂ। ਹਰ ਦੂਜੇ ਤੀਜੇ ਮਹੀਨੇ ਉਹ ਪਿੰਡ ਗੇੜਾ ਮਾਰਦਾ। ਆਪਣੇ ਯਾਰ-ਬੇਲੀਆਂ ਨੂੰ ਮਿਲਦਾ। ਉਹ ਬਰੋਟੇ ਆਲੇ ਖੂਹ 'ਤੇ ਜਾਂਦੇ ਤੇ ਰੱਜ ਰੱਜ ਪਾਣੀ ਪੀਂਦੇ। ਐਨਾ ਮਿੱਠਾ ਪਾਣੀ ਉਹਨੂੰ ਬਾਹਰ ਕਿਤੇ ਵੀ ਨਸੀਬ ਨਹੀਂ ਸੀ ਹੋਇਆ। ਹੋਰ ਕਿਸੇ ਥਾਂ ਦਾ ਪਾਣੀ ਏਦਾਂ ਦਾ ਹੈ ਹੀ ਨਹੀਂ — ਉਹ ਕਮਲਿਆਂ ਵਾਂਗ ਕਹਿ ਦਿੰਦਾ। ਕੋਈ ਸਾਂਝ ਸੀ ਇਹ! ਨਿਰਛਲ, ਨਿਰਸੰਕੋਚ ਤੇ ਨਿੱਜੀ ਲੋੜਾਂ ਤੋਂ ਮੁਕਤ!! ਉਹਨੇ ਅੱਧ-ਛਲਕੇ ਜਿਹੇ ਨੇ ਸੋਚਿਆ।

ਫੇਰ ਉਹਦਾ ਪਿੰਡ ਲਈ ਉਦਰੇਵਾਂ ਘਟਦਾ ਘਟਦਾ ਮਰ ਮੁਕ ਗਿਆ।

ਸਾਰੀ ਉਮਰ ਇਕ ਥਾਂ ਨਾਲ ਤਾਂ ਮਨੁੱਖ ਬੱਝਿਆ ਨਹੀਂ ਰਹਿ ਸਕਦਾ। ਉਹ ਕੋਈ ਡੰਗਰ ਥੋੜਾ ਈ ਐ ਜੋ ਇਕੋ ਕੀਲੇ ਨਾਲ ਬੱਝਿਆ ਰਹੇ। ਉਹ ਸਾਰੀ ਦੁਨੀਆਂ ਨੂੰ, ਪੁਲਾੜਾਂ ਨੂੰ ਗਾਹੁਣਾ ਚਾਹੁੰਦਾ ਏ। ਜਿਥੇ ਗਿਆ, ਉਥੇ ਹੀ ਰਚ ਮਿਚ ਗਿਆ। ਮਨੁੱਖ ਅੰਦਰ ਅੰਤਾਂ ਦੀ ਜਗਿਆਸਾ ਭਰੀ ਪਈ ਹੈ। ਬੇਪਨਾਹ ਉਤਸੁਕਤਾ! ਪਤਾ ਨਹੀਂ ਕਦੋਂ ਉਹ ਪੰਛੀ ਵਾਂਗ ਉਡਾਰੀ ਮਾਰੇ ਤੇ ਕਿਤੇ ਦਾ ਕਿਤੇ ਚਲਿਆ ਜਾਵੇ।

ਉਹਦਾ ਤਰਕ ਬੋਲਿਆ।

ਹੁਣ ਉਹ ਕਦੇ ਕਦਾਈਂ ਘਰ ਜਾਂਦਾ ਹੈ। ਬੜਾ ਭਾਈ ਵੀ ਉਹਦਾ ਕਦੇ ਕਦਾਈਂ ਹੀ ਘਰ ਆਉਂਦਾ ਹੈ। ਚਿੱਠੀਆਂ ਵੀ ਉਹ ਇਕ ਦੂਜੇ ਨੂੰ ਘੱਟ ਵੱਧ ਹੀ ਲਿਖਦੇ ਨੇ। ਲਿਖਦੇ ਵੀ ਨੇ ਤਾਂ ਉਹਨਾਂ ਅੰਦਰ ਜਜ਼ਬੇ ਦੀ ਏਨੀ ਸ਼ਿੱਦਤ ਨਹੀਂ ਹੁੰਦੀ। ਬੱਸ ਕਾਰੋਬਾਰੀ ਜਿਹੀਆਂ ਗੱਲਾਂ। ਆਮ ਫਹਿਮ।

ਉਹਦੇ ਮੁੰਡੇ ਵੀ ਤਾਂ ਇਉਂ ਹੀ ਕਰਨ ਲੱਗ ਪਏ ਨੇ। ਪਹਿਲੋਂ ਪਹਿਲੋਂ ਆਪਣੀਆਂ ਚਿੱਠੀਆਂ ਵਿਚ ਉਹ ਚੰਡੀਗੜ੍ਹ ਦੇ ਗੁਣ ਗਾਉਂਦੇ ਨਹੀਂ ਸਨ ਥੱਕਦੇ। ਉਹ ਰੋਜ਼ ਗਾਰਡਨ, ਝੀਲ, ਰੌਕ-ਗਾਰਡਨ ਤੇ ਹੋਰ ਕਿੰਨੀਆਂ ਹੀ ਥਾਵਾਂ ਦਾ ਮੋਹ ਨਾਲ ਜ਼ਿਕਰ ਕਰਦੇ ਹੁੰਦੇ ਸਨ। ਹੁਣ ਉਹਨਾਂ ਦੇ ਦਿਲਾਂ 'ਚੋਂ ਇਹ ਥਾਵਾਂ ਇਕ ਇਕ ਕਰਕੇ ਕਿਰ ਗਈਆਂ। 'ਵਲਾਇਤ 'ਚ ਏਦੂੰ ਕਿਤੇ ਵੱਧ ਸੁਹਣੀਆਂ ਤੇ ਮਨ ਨੂੰ ਮੋਹ ਲੈਣ ਵਾਲੀਆਂ ਥਾਵਾਂ ਨੇ।' ਉਹ ਦਲੀਲ ਦੇਣ ਲਗ ਪਏ ਨੇ।

....

ਪਰਦਾ ਜ਼ਰਾ ਕੁ ਹਿਲਿਆ। ਉਹ ਚੁਕੰਨਾ ਜਿਹਾ ਹੋਕੇ ਬੋਲਿਆ, "ਕੌਣ ....? ਮਿੱਤਲ!"

"ਸਾਅਬ ਖਾਣਾ ਲਗਾਵਾਂ?" ਮੋਤੀ ਰਾਮ ਪੋਲੇ ਪੈਰੀਂ ਅੰਦਰ ਆ ਕੇ ਝਿਜਕਦਾ ਝਿਜਕਦਾ ਬੋਲਿਆ।

"ਅੱਛਿਆ! ਅੱਛਿਆ! ਮੋਤੀ ਐ। ਬੈਠ, ਬੈਠ! ਹਾਂ, ਹਾਂ!! ਅਰੇ ਵਹਾਂ ਨਹੀਂ। ਇਧਰ ਮੇਰੇ ਪਾਸ ...!" ਬ੍ਰਹਮ ਪ੍ਰਕਾਸ਼ ਜਜ਼ਬੇ ਦੇ ਪਾਣੀ 'ਚ ਸ਼ਰਾਬੋਰ ਹੋਇਆ ਬੜੇ ਮੋਹ ਨਾਲ ਬੋਲਿਆ। ਮੋਤੀ ਰਾਮ ਸੰਕੋਚ ਜਿਹੇ ਨਾਲ ਬੈਠ ਗਿਆ। ਆਪਣੇ ਸਾਅਬ ਨੂੰ ਉਹ ਜਾਣਦਾ ਸੀ। ਜਦੋਂ ਗੁੱਸੇ 'ਚ ਹੋਵੇ ਤਾਂ ਘੁਰਕੀ ਦੇਕੇ ਜਾਨ ਹੀ ਕੱਢ ਲੈਂਦਾ ਸੀ। ਜਦੋਂ ਮੌਜ 'ਚ ਆ ਜਾਏ ਤਾਂ ਮਾਲਕ ਨੌਕਰ ਦਾ ਰਿਸ਼ਤਾ ਪਿੱਛੇ ਹਟ ਜਾਂਦਾ ਤੇ ਉਹਦੇ ਨਾਲ ਉਹ ਬੱਚਿਆਂ ਵਾਂਗ ਗੱਲਾਂ ਕਰਨ ਲਗ ਪੈਂਦਾ। ਆਪਣੀ ਆਈ ਤੇ ਆ ਜਾਂਦਾ ਤਾਂ ਦੋ-ਚਾਰ ਰੁਪਿਆ ਪਿੱਛੇ ਖਫਾਪੁਣ ਹੋ ਜਾਂਦਾ। ਮੌਜ 'ਚ ਹੋਵੇ ਤਾਂ ਭਾਵੇਂ ਪਿਓ ਦੇ ਮਰੇ ਮੁਧ ਜਾਣ। ਹੁਣ ਸਾਅਬ ਮੌਜ 'ਚ ਸੀ।

"ਲੈ, ਲੈ, ਮੋਤੀ ਤੂੰ ਵੀ ਇਕ ਪੈਗ!" ਬ੍ਰਹਮ ਪ੍ਰਕਾਸ਼ ਉਹਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਦੇਖਦਿਆਂ ਬੋਲਿਆ।

"ਨਹੀਂ ਸਾਅਬ ... !" ਮੋਤੀ ਰਾਮ ਹੋਰ ਵੀ ਝਿਜਕ ਗਿਆ।

"ਕਿਉਂ ਕਿਆ ਬਾਤ? ਅੱਛੀ ਨਹੀਂ ਲਗਤੀ?" ਉਹਨੇ ਪੁੱਛਿਆ।

"ਐਸੀ ਤੋ ਬਾਤ ਨਹੀਂ, ਸਾਅਬ। ਆਜ ਮਨ ਨਹੀਂ।" ਉਹ ਬੋਲਿਆ।

"ਉਦਾਸ ਹੋ? ਘਰ ਕੀ ਯਾਦ ਆਤੀ ਹੈ?" ਉਹਦਾ ਮੋਹ ਉਮਡ ਆਇਆ।

ਮੋਤੀ ਰਾਮ ਨਾਂਹ 'ਚ ਸਿਰ ਹਿਲਾਕੇ ਤਾਕੀ 'ਚੋਂ ਕੋਠੀ ਦੇ ਬਨੇਰੇ ਵੱਲ ਝਾਕਣ ਲਗ ਪਿਆ।

"ਅੱਛਿਆ ਜਾਹ! ਖਾਣਾ ਠਹਿਰਕੇ ਖਾਏਂਗੇ। ਪਹਿਲੋਂ ਆਪਣੀ ਬੀਬੀ ਜੀ ਕੋ ਭੇਜ!"

ਮੋਤੀ ਰਾਮ ਚਲਾ ਗਿਆ।

ਪੈਗ ਚੌਥਾ ਸੀ ਜਾਂ ਪੰਜਵਾਂ, ਬ੍ਰਹਮ ਪ੍ਰਕਾਸ਼ ਲਈ ਇਸਦਾ ਕੋਈ ਮਹੱਤਵ ਨਹੀਂ ਸੀ। ਇਸ ਗੱਲ ਦਾ ਜ਼ਰੂਰ ਸੀ ਕਿ ਆਪਣੀ ਬੀਬੀ ਦੇ ਕਮਰੇ 'ਚ ਆਉਣ ਤੋਂ ਪਹਿਲਾਂ ਉਸਨੂੰ ਖਤਮ ਕੀਤਾ ਜਾਵੇ। ਉਹ ਦਰਮਿਆਨੇ ਹਿੰਦੂ ਘਰ 'ਚ ਜੰਮੀ ਪਲੀ ਸੀ ਤੇ ਦਾਰੂ 'ਚੋਂ ਕਰਹਿਤ ਮੰਨਦੀ ਸੀ। ਇਕੋ ਸ਼ੌਕ ਸੀ ਪਾਠ ਪੂਜਾ ਦਾ। ਉਹਦਾ ਮਨ ਖੁਸ਼ ਰੱਖਣ ਲਈ ਬ੍ਰਹਮ ਪ੍ਰਕਾਸ਼ ਨੇ ਕੋਠੀ ਦੇ ਇਕ ਕਮਰੇ ਵਿਚ ਉਹਨੂੰ ਮੰਦਰ ਬਣਵਾ ਦਿਤਾ ਸੀ।

ਉਹ ਪੈਗ ਵੀ ਉਹਨੇ ਪੀ ਲਿਆ। ਬੋਤਲ ਤੇ ਗਲਾਸ ਕਾਹਲੀ ਕਾਹਲੀ ਪਰ੍ਹੇ ਸਾਂਭ ਕੇ ਅਲਮਾਰੀ ਵਿਚ ਰਖ ਦਿਤੇ। ਆਪ ਆਰਾਮ ਨਾਲ ਪਰ ਚੇਤੰਨ ਹੋ ਕੇ ਬੈਠ ਗਿਆ। ਤੇ ਸੋਚਣ ਲੱਗਾ ਕਿ ਗੱਲ ਕਿਵੇਂ ਸ਼ੁਰੂ ਕਰੇ। ਚਿੱਠੀ ਦੀ ਗੱਲ ਉਹ ਇਕਦਮ ਨਹੀਂ ਸੀ ਕਰਨਾ ਚਾਹੁੰਦਾ। ਉਹਦੀ ਬੀਵੀ ਆ ਗਈ।

"ਸੁਣਾ ਲਾਜਵੰਤੀ ਕਿਮੇਂ ਐ ਸਿਹਤ ਹੁਣ?" ਉਹਨੇ ਰਸਮੀ ਗੱਲ ਤੋਰੀ। ਹੋਰ ਕੁਝ ਉਸਨੂੰ ਉਸ ਸਮੇਂ ਸੁੱਝ ਹੀ ਨਹੀਂ ਸੀ ਰਿਹਾ।

ਲਾਜਵੰਤੀ ਬੋਲੀ ਨਹੀਂ। ਉਹਦੀ ਹਾਲਤ ਦੇਖਕੇ ਉਹ ਨਾਰਾਜ਼ ਹੋ ਗਈ ਜਾਪਦੀ ਸੀ।

"ਮਾਖਿਆ ਬੋਲਦੀ ਨੀ। ਸਿਹਤ ਤਾਂ ਠੀਕ ਐ? ਮੈਂ ਹੋਮਿਓਪੈਥੀ ਦੇ ਡਾਕਟਰ ਨਾਲ ਗੱਲ ਕੀਤੀ ਸੀ। ਉਹ ਕਹਿੰਦੈ, ਆਪ ਆਕੇ ਹਾਲਤ ਦੱਸੇ ਤੇ ਦਵਾਈ ਲੈ ਜੇ। ਮੈਂ ਕਹਿਨੈਂ, ਬਈ ਕੱਲ੍ਹ ਸਵੇਰੇ ਸਵੇਰੇ ਤੂੰ ਜਾ ਈ ਆ, ਉਸ ਵੱਲ। ਐਂਤਵਾਰ ਐ। ਗੱਡੀ ਵਿਹਲੀ ਐ।"

ਲਾਜਵੰਤੀ ਠੀਕ ਹੋਕੇ ਬੈਠ ਗਈ। ਫੇਰ ਸਿਰ ਹਿਲਾਇਆ। ਜਿਵੇਂ ਕਹਿੰਦੀ ਹੋਵੇ, "ਚੰਗਾ ਚਲੀ ਜਾਊਂ। ਪਰ ਫਰਕ ਕੋਈ ਨੀ ਪੈਣ ਲੱਗਾ।"

"ਸਾਡੇ ਪਿੰਡ .... ਮੇਰਾ ਮਤਲਬ ਐ ਆਪਣੇ ਪਿੰਡ ਇਕ ਪੁਰਾਣਾ ਵੈਦ ਐ। ਉਹਦੇ ਹੱਥਾਂ 'ਚ ਜਸ ਐ। ਉਹਦੀ ਦਵਾਈ ਨਾ ਖਾਕੇ ਦੇਖ ਲਈਏ? ਸ਼ਾਇਦ ਉਹਤੋਂ ਈ ਰਾਮ ਆ ਜੇ। ਕੀ ਕਹਿੰਦੀ ਐ?" ਉਹ ਕੁਝ ਕਾਹਲਾ ਪੈਂਦਾ ਬੋਲਿਆ।

"ਹੋਊ ਵੈਦ ਵੂਦ। ਮੈਤੋਂ ਨੀ ਥਾਂ ਥਾਂ ਧੱਕੇ ਖਾਏ ਜਾਂਦੇ। ਏਸ ਉਮਰ 'ਚ।" ਆਖਿਰ ਉਹਨੇ ਵਾਚੀ ਖੋਲ੍ਹੀ।

ਬ੍ਰਹਮ ਪ੍ਰਕਾਸ਼ ਨੇ ਸੁਖ ਦਾ ਸਾਹ ਲਿਆ।

"ਉਹ ਤਾਰਾ ਲਫੈਂਡ ਐ ਨਾ, ਆਪਣੇ ਪਿੰਡ ਆਲਾ। ਦੋ ਮਹੀਨੇ ਹੋ ਗੇ ਉਹਨੂੰ ਆਏ ਨੂੰ। ਪਹਿਲਾਂ ਕਿੰਨੀਆਂ ਸਾਮੀਆਂ ਲੈ ਕੇ ਆਉਂਦਾ ਹੁੰਦਾ ਸੀ। ਕਿਤੇ ਕਿਸੇ ਦੇ ਧੱਕੇ ਈ ਨਾ ਚੜ੍ਹ ਗਿਆ ਹੋਵੇ। ਐਂਉਂ ਬੰਦਿਆਂ ਨੂੰ ਵਾਹ ਲੱਗਦੀ ਹੱਥਾਂ 'ਚੋਂ ਨੀ ਨਿਕਲਣ ਦੇਣਾ ਚਾਹੀਦਾ। ਚੰਗੇ ਵਕੀਲ ਦੀ ਇਹੀ ਤਾਂ ਹੁਸ਼ਿਆਰੀ ਮੰਨੀ ਜਾਂਦੀ ਐ। ਨਾਲੇ ਉਹਨੂੰ ਮਿਲ ਲਾਂਗੇ। ਆਖਿਰ ਮੇਰਾ ਪੁਰਾਣਾ ਆੜੀ ਐ ... ਹਮਜਮਾਤੀ। ਹੁਣ ਤਾਂ ਸਰਪੰਚ ਵੀ ਬਣ ਗਿਆ। ਨਾਲੇ, ਨਾ, ਸਤ ਪ੍ਰਕਾਸ਼ ਹੁਰਾਂ ਦਾ ਧਿਆਨ ਰਖਣ ਲਈ ਕਹਿ ਆਮਾਂਗੇ। ਹਾਲਾਤ ਤਾਂ ਦੇਖ ...!" ਬੋਲਦੇ ਦਾ ਉਹਦਾ ਮਨ ਭਰ ਆਇਆ। ਪਰ ਲਾਜਵੰਤੀ ਟੱਸ ਤੋਂ ਮੱਸ ਨਾ ਹੋਈ।

"ਸੱਤ ਪ੍ਰਕਾਸ਼ ਦੀ ਚਿੱਠੀ ਵੀ ਆਈ ਐ। ਉਦਾਸ ਐ। ਉਹਨੇ ਆਕੇ ਮਿਲ ਜਾਣ ਲਈ ਆਖਿਐ। ਮੈਂ ਤਾਂ ਕਹਿਨੈਂ, ਕੱਲ੍ਹ ਨੂੰ ਆਪਾਂ ਦੋਮੇਂ ਜਾ ਆਉਨੇ ਆਂ। ਨਾਲੇ ਦਵਾਈ ਲੈ ਆਮਾਂਗੇ। ਨਾਲੇ ਮਿਲ ਆਮਾਂਗੇ। ਐਮੇਂ ਕਮਲਿਆਂ ਆਲੀ ਅੜੀ ਨਾ ਕਰੀ ਦੀ।" ਉਹ ਮਨਾਉਣ ਦੇ ਲਹਿਜੇ 'ਚ ਬੋਲਿਆ।

ਸਤ ਪ੍ਰਕਾਸ਼ ਦੀ ਚਿੱਠੀ ਬਾਰੇ ਸੁਣਕੇ ਉਹ ਚੁਕੰਨੀ ਹੋ ਗਈ। ਫੇਰ ਸੋਚਾਂ 'ਚ ਪੈ ਗਈ।

"ਫੇਰ ਕਿਮੇਂ ਕਰੀਏ? ਬੋਲੇਂਗੀ ਵੀ ਕੁਸ਼?" ਹੁਣ ਬ੍ਰਹਮ ਪ੍ਰਕਾਸ਼ ਦੇ ਬੋਲਾਂ 'ਚ ਨਰਮੀ ਸੀ।

"ਰੋਟੀ ਖਾ ਲੋ ਹੁਣ। ਸਵੇਰੇ ਦੇਖੀ ਜਾਊ।" ਕਹਿਕੇ ਉਹ ਗੋਡਿਆਂ 'ਤੇ ਹੱਥ ਰਖਕੇ ਉਠੀ ਤੇ ਬ੍ਰਹਮ ਪ੍ਰਕਾਸ਼ ਦੇ ਦੇਖਦਿਆਂ ਦੇਖਦਿਆਂ ਬਾਹਰ ਨਿਕਲ ਗਈ।

ਉਸ ਰਾਤ ਉਹਨੇ ਰੋਟੀ ਨਾ ਖਾਧੀ। ਉਹ ਉਂਝ ਹੀ ਬਿਨਾ ਕੱਪੜੇ ਬਦਲਿਆਂ ਪੈ ਗਿਆ। ਜਾਂ ਤਾਂ ਉਹਦੀ ਅੱਖ ਨਾ ਲਗਦੀ। ਜੇ ਲਗਦੀ ਤਾਂ ਅਜੀਬ ਅਜੀਬ ਸੁਫਨੇ ਆਉਣ ਲਗ ਪੈਂਦੇ :

— ਕਦੇ ਉਹ ਵਲਾਇਤ ਹੁੰਦਾ ਆਪਣੇ ਮੁੰਡਿਆਂ ਕੋਲ। ਗੋਰੀ ਨੂੰਹ ਨਾਲ ਸੈਰ ਸਪਾਟੇ ਕਰ ਰਿਹਾ ....

— ਕਦੇ ਪਿੰਡ ਦੇ ਵੈਦ ਨੂੰ ਲਾਜਵੰਤੀ ਦੀ ਨਬਜ਼ ਦਿਖਾ ਰਿਹਾ ਹੁੰਦਾ।

— ਕਦੇ ਜੁਆਨੀ ਪ੍ਹੇਰੇ ਦੀ ਉਮਰ 'ਚ ਉਹ ਤੇ ਲਾਜਵੰਤੀ ਕਿਸੇ ਤੀਰਥ ਦੀ ਯਾਤਰਾ 'ਤੇ ਜਾ ਰਹੇ ਹੁੰਦੇ। ਰਾਹ 'ਚ ਉਹ ਪਹਿਲਾਂ ਕਿਸੇ ਪਹਾੜੀ 'ਤੇ ਚੜ੍ਹ ਰਿਹਾ ਹੁੰਦਾ ਤੇ ਫੇਰ ਹੇਠਾਂ ਨੂੰ ਰੁੜ੍ਹਦਾ ਜਾ ਰਿਹਾ ਹੁੰਦਾ — ਲਾਜਵੰਤੀ ਬੇਵੱਸ ਤੇ ਲਾਚਾਰ ਚੀਕਾਂ ਮਾਰਦੀ ਮਾਰਦੀ ਕਿਧਰੇ ਛਾਈਂ ਮਾਈਂ ਹੋ ਜਾਂਦੀ।

— ਹੁਣ ਕਚਹਿਰੀ 'ਚ ਖੜਾ ਕੇਸ ਲੜ ਰਿਹੈ — ਹੁਣੇ ਬਿਰਧ ਪਿਓ ਕੋਲ ਬੈਠਾ ਉਹਦੀਆਂ ਗੱਲਾਂ ਸੁਣ ਰਿਹੈ — ਹੁਣ ਸਤ ਪ੍ਰਕਾਸ਼ ਲਹੂ ਲੁਹਾਣ ਹੋਇਆ ਹੱਟੀ ਮੂਹਰੇ ਪਿਐ ਬੁੜ੍ਹੀ ਭੂਆ ਪ੍ਰੇਤਾਂ ਵਾਂਗ ਹੱਸ ਰਹੀ ਐ ... ਕੋਲ ਹੀ ਮਿੱਤਲ ਲਹੂ ਭਿੱਜੀ ਖੰਜਰ ਲਈ ਖੜ੍ਹੈ ...

— ਕਦੀ ਤਾਰਾ ਲਫੈਂਡ ਉਹਨੂੰ ਪਿੰਡ ਦੇ ਦਰਵਾਜ਼ੇ ਵਿਚ ਘੇਰੀ ਖੜ੍ਹਾ ਹੁੰਦਾ। ਕੋਲ ਪੁੱਟੇ ਹੋਏ ਦੋ ਕੁ ਗੰਨੇ ਪਏ ਹੁੰਦੇ। ਉਹ ਲਾਲ ਅੱਖਾਂ ਕੱਢੀਂ, ਮੁੱਛਾਂ ਨੂੰ ਵੱਟ ਦਿੰਦਾ ਲਲਕਾਰ ਰਿਹਾ ਹੁੰਦਾ ਤੇ ਉਚੀ ਉਚੀ ਪਿੰਡ ਦੀ ਪੰਚਾਇਤ ਨੂੰ ਸੁਣਾਕੇ, ਕਹਿੰਦਾ, "ਮੈਂ ਨੀ ਜਾਣਦਾ। ਇਹਨੂੰ ਕਹੋ ਕਿ ਗੰਨਿਆਂ ਨੂੰ ਇੱਖ 'ਚ ਓਮੇਂ ਲਾ ਦੇਵੇ ਜ਼ਿਮੇਂ ਇਹ ਪਹਿਲਾਂ ਖੜ੍ਹੇ ਸੀ।" ਸਤ ਪ੍ਰਕਾਸ਼ ਹੱਥ ਬੰਨ੍ਹੀਂ ਪਿੰਡ ਦੀ ਪੰਚਾਇਤ ਨੂੰ ਬੇਨਤੀ ਕਰ ਰਿਹਾ ਹੁੰਦਾ, "ਪੰਚਾਇਤੇ ਇਹ, ਨਿਆਣੈਂ। ਇਹਨੂੰ ਮਾਫ ਕਰ ਦਿਓ। ਭਲਾ ਪੁੱਟੇ ਹੋਏ ਗੰਨੇ ਮੁੜਕੇ ਓਮੇਂ ਕਿਮੇਂ ਲੱਗ ਸਕਦੇ ਨੇ? ਕੁਦਰਤ ਦੀ ਕੋਈ ਰੀਸ ਕਰ ਸਕਦੈ ...! ਕੋਈ ਨੀ ਕਰ ਸਕਦਾ। ਬੱਸ, ਹੋਗੀ ਗਲਤੀ ਇਹਤੋਂ ..."

ਇਕ ਦੋ ਵੇਰਾਂ, ਉਹ ਪਸੀਨੇ ਨਾਲ ਭਰਿਆ ਤੇ ਬੇਚੈਨ ਜਿਹਾ ਹੋ ਕੇ ਉਭੜਵਾਹਾ ਉਠਿਆ। ਪਾਣੀ ਪੀਤਾ। ਮੁੜ ਲੰਬਾ ਪੈ ਗਿਆ। ਕਾਲੀ ਬੋਲੀ ਰਾਤ ਮੁੱਕਣ 'ਚ ਹੀ ਨਹੀਂ ਸੀ ਆ ਰਹੀ।

* * * *

ਅਖੀਰ ਸਵੇਰ ਹੋਈ। ਉਹ ਨਹਾਤਾ ਧੋਤਾ। ਚਾਹ ਪੀਤੀ। ਲਾਜਵੰਤੀ ਪਾਠ-ਪੂਜਾ ਤੋਂ ਵਿਹਲੀ ਹੋ ਕੇ ਬੈਠਕ ਵਿਚ ਆ ਗਈ। ਪਿੰਡ ਜਾਣ ਦੀ ਗੱਲ ਫੇਰ ਤੁਰੀ। ਹੁਣ ਲਾਜਵੰਤੀ ਬੋਲ ਰਹੀ ਸੀ। ਉਹ ਸੁਣ ਰਿਹਾ ਸੀ ਠੰਡਾ ਸੀਤ ਹੋਇਆ। "ਨਾ ਤਾਂ ਮੈਂ ਥੋਨੂੰ ਭੇਜਾਂ। ਨਾ ਕਿਸੇ ਨੂੰ ਗੱਡੀ ਲੈ ਕੇ ਜਾਣ ਦਿਆਂ। ਅਸੀਂ ਕਿਉਂ ਪਰਾਏ ਦੁੱਖ ਮਾਰੇ ਮਾਰੇ ਫਿਰੀਏ! ਸਾਡੀ ਜਾਨ ਐਨੀ ਸਸਤੀ ਨੀ ....। ਇਕ ਗੱਲ ਹੋਰ ਸੁਣ ਲੋ। ਮੈਂ ਆਪਣੇ ਘਰ 'ਚ ਸ਼ਰੀਕ ਨੀ ਵਾੜਨੇ। ਆਪਣੀ ਹੋਣੀ ਆਪ ਭੁਗਤਣ ... ਪਿੰਡ 'ਚ ਰਹਿਣ ਜਾਂ ਕਿਸੇ ਹੋਰ ਚਲੇ ਜਾਣ। ਨਾਲੇ ਤੁਸੀਂ ਕਹਿਨੇ ਓਂ ਭਾਈ ਜੀ ਨੇ ਲਿਖਿਐ, ਬਈ ਖਤਰੇ ਆਲੀ ਕੋਈ ਗੱਲ ਨੀ।" ਇਕ

ਬਾਕੀ ਪੰਨਾ 22 ਉਤੇ

ਸੁਤੰਤਰਤਾ ਦਾ ਹੋਣੀਆਂ ਭਰਿਆ ਦਿਹਾੜਾ

ਪ੍ਰਿੰ: ਦਲੀਪ ਸਿੰਘ ਉੱਪਲ, ਸਰੀ

ਸਮਾਂ ਦੀ ਭਉਣੀ ਅਮੁੱਕ ਚਾਲ ਚਲੀ ਜਾਂਦੀ ਹੈ ਤੇ ਇਸਦੀ ਲਪੇਟ ਵਿਚ ਚਿਪਕੇ ਹੋਏ ਨੇ ਛਿੰਨ, ਪਲ, ਘੜੀਆਂ, ਪਹਿਰ, ਦਿਨ ਤੇ ਰਾਤਾਂ, ਸਾਤੇ, ਮਹੀਨੇ, ਸਾਲ ਤੇ ਸਦੀਆਂ ਆਉਂਦੀਆਂ ਹਨ ਤੇ ਮੁੱਕ ਜਾਂਦੀਆਂ ਹਨ। ਇਹ ਸਾਰੇ ਦੇ ਸਾਰੇ ਸਦੀਵਤਾ 'ਚੋਂ ਉਪਜਦੇ ਹਨ ਤੇ ਸਦੀਵਤਾ 'ਚ ਹੀ ਘੁਲ ਮਿਲ ਜਾਂਦੇ ਹਨ।

ਕਦੀ ਅਜੇਹਾ ਸਮਾਂ ਆਉਂਦਾ ਹੈ ਜਦੋਂ ਵਿਸ਼ਵ ਵਿਚ ਮਹਾਨ ਕਾਰਨਾਮੇ ਰੂਪਜ਼ੀਰ ਹੁੰਦੇ ਹਨ। ਕਰਾਂਤੀਆਂ ਝੁਲਦੀਆਂ ਹਨ ਸੰਸਾਰ ਦੇ ਅਕਾਸ਼ ਤੇ ਤੂਫਾਨ ਆ ਪ੍ਰਗਟ ਹੁੰਦੇ ਹਨ। ਦੇਸ਼ਾਂ ਤੇ ਕੌਮਾਂ ਦੇ ਨਸੀਬ ਜਾਗ ਉਠਦੇ ਹਨ ਤੇ ਹੋਣੀਆਂ ਭਰੀਆਂ ਘਟਨਾਵਾਂ ਰੂ ਨੁਮਾ ਹੁੰਦੀਆਂ ਹਨ। ਗੁਲਾਮੀ ਦੀਆਂ ਫੁਲਾਦੀ ਕੜੀਆਂ ਟੋਟੇ ਟੋਟੇ ਹੋ ਜਾਂਦੀਆਂ ਹਨ ਤੇ ਆਜ਼ਾਦੀ ਦੀਆਂ ਸ਼ੁਭ ਪ੍ਰਭਾਤਾਂ ਪ੍ਰਗਟਾਅ 'ਚ ਆਉਂਦੀਆਂ ਨੇ। ਏਹੋ ਜਿਹੇ ਦਿਹਾੜੇ ਦੇਸ਼ਾਂ ਤੇ ਕੌਮਾਂ ਦੀਆਂ ਕਿਸਮਤਾਂ ਨੂੰ ਪ੍ਰੀਵਰਤਤ ਕਰਕੇ ਰੱਖ ਦਿੰਦੇ ਹਨ। ਭਾਰਤ ਦੇ ਇਤਿਹਾਸ ਵਿਚ ਏਹੋ ਜਿਹਾ ਲਾਲ ਅੱਖਰੀ ਦਿਨ, ਭਾਵੀਆਂ - ਭਰਿਆ ਦਿਹਾੜਾ ਅੱਜ ਤੋਂ 39 ਵਰ੍ਹੇ ਪਹਿਲਾਂ ਆਇਆ ਸੀ ਤੇ ਉਸਨੇ ਇਸ ਮਹਾਨ ਦੇਸ਼ ਦੀ ਹਿਸਟਰੀ ਵਿਚ ਇਕ ਇਨਕਲਾਬ ਬਰਪਾ ਕਰਕੇ ਰੱਖ ਦਿਤਾ ਸੀ। ਉਹ ਸੀ 15 ਅਗਸਤ, 1947 ਦਾ ਖੁਸ਼ੀਆਂ - ਖਿਲਾਰਦਾ ਸੁਤੰਤਰਤਾ ਦਿਵਸ ਸਦੀਆਂ ਦੀ ਗੁਲਾਮੀ ਦੀ ਅਨ੍ਹੇਰੀ ਰਾਤ ਮੁੱਕ ਗਈ ਸੀ ਤੇ 'ਉਚਾ ਝੰਡਾ ਰਹੇ ਹਮਾਰਾ' ਦਾ ਸੁਪਨਾ ਸਾਕਾਰ ਹੋਇਆ ਸੀ।

ਪਰ ਇਹ ਪ੍ਰਸੰਨ ਪ੍ਰਭਾਤਾਂ, ਇਹ ਸ਼ਾਦਿਆਨੇ, ਇਹ ਖੁਸ਼ੀਆਂ ਵੰਡੀਦੀਆਂ ਮਹਿਫਲਾਂ ਮਲਾਰਾਂ-ਭਰੇ ਜ਼ਸ਼ਨ ਛਿੰਨ-ਭੰਗਾਰੀ ਸਨ। ਗੁਲਾਮਾਂ, ਗਰੀਬਾਂ, ਬੇਬਸਾ, ਕੇਸਾਂ, ਮਜ਼ਲੂਮਾਂ, ਮਾਸੂਮਾਂ ਤੇ ਮਜ਼ਬੂਰਾਂ ਦੇ ਲੇਖਾਂ ਵਿਚ ਖੁਸ਼ੀਆਂ ਦੀ ਥਾਂ ਗਮੀਆਂ, ਹਾਸਿਆਂ ਦੀ ਥਾਂ ਹਾਹਾਕਾਰ, ਹੰਝੂ ਹਾਵੇ, ਪੀੜਾਂ ਸਿਸਕੀਆਂ ਲਿਖੀਆਂ ਹੁੰਦੀਆਂ ਹਨ। ਵਿਧਾਤਾ ਨੂੰ ਇਹੋ ਜਿਹਾ ਵਰਤਾਰਾ ਕਿਉਂ ਚੰਗਾ ਲਗਦਾ ਹੈ। ਇਸਦੇ ਉਤਰ 'ਚ ਧਰਮ ਦੇ ਪੰਧ ਤੇ ਚਲਣ ਵਾਲੇ ਪੰਧਾਊ 'ਭਾਣਾ' ਕਹਿੰਦੇ ਹਨ, 'ਜਰੀ ਜਾਣਾ, ਸੜੀ ਜਾਣਾ, ਮੁੱਕ ਜਾਣਾ' — ਇਹ ਭਾਣਾ ਹੈ! ਸੋ ਖੈਰ!

ਆਜ਼ਾਦੀ ਦੀ ਆਮਦ ਇਕ ਦਿਲ-ਕੰਬਾਊ ਤੇ ਸੋਗ ਉਪਜਾਊ ਦੁਰਘਟਨਾ ਤੋਂ ਬਾਅਦ ਜਹੂਰ 'ਚ ਆਈ ਸੀ। ਭਾਰਤ ਮਾਂ ਨੂੰ ਜ਼ਿਹਬਾ ਕਰ ਦਿਤਾ ਗਿਆ ਸੀ। ਉਸਦੇ ਪਾਵਨ ਸਰੀਰ ਨੂੰ ਅਪੰਗ ਬਣਾ ਕੇ ਰੱਖ ਦਿਤਾ ਗਿਆ ਸੀ। ਉਸਦੇ ਦੋਵੇਂ ਹੱਥ (ਪੂਰਬੀ ਤੇ ਪੱਛਮੀ ਪਾਕਿਸਤਾਨ) ਕੱਟ ਦਿਤੇ ਗਏ ਸਨ ਤੇ ਉਸਦੇ ਪੇਟ ਵਿਚ ਇਕ ਨਾਸੂਰ ਫੋੜਾ [Cancer) ਮਜ਼ਹਬੀ ਜਨੂੰਨ ਦੀ ਫੋੜਾ, ਫਿਰਕਾਪ੍ਰਸਤੀ ਦਾ ਫੋੜਾ — ਹੋਂਦ 'ਚ ਆ ਗਿਆ ਸੀ। ਇਸ ਅਖੌਤੀ ਧਰਮ ਦੇ ਜਨੂੰਨ 'ਚ ਗੁੱਸੇ ਹੋਏ ਮਜ਼ਨੂੰਆਂ ਨੇ ਆਜ਼ਾਦੀ ਦੀ 'ਲੇਲਾਂ' ਦੀ ਆਤਮਾ ਨੂੰ ਜ਼ਖਮਾਂ ਨਾਲ ਪੁੰਣ ਦਿਤਾ ਤੇ ਹਿੰਦ ਦੀ ਤਵਾਰੀਖ (ਹਿਸਟਰੀ) ਅਤਿ ਬਿਹਬਲਤਾ ਵਿਚ, ਅਤਿ ਕੁਰਲਾਹਟ 'ਚ ਵਿਰਲਾਪਮਈ ਸੁਰ ਵਿਚ ਕੂਕਣ ਲੱਗੀ —

ਹੋਣੀ ਚੜ੍ਹੀ ਜੁ ਚੜ੍ਹਦਿਓਂ ਧਰਿਆ ਪੈਰ ਰਕਾਬ
ਪੋਠੋਹਾਰ ਨੂੰ ਖੁਰੀ ਮਧੋਲਦੀ ਤਕਿਆ ਸਭ ਪੰਜਾਬ।
(ਅਮ੍ਰਿਤਾ ਪ੍ਰੀਤਮ)

ਇਸ ਖੂਨ-ਖੁਆਰ ਹੋਣੀ ਨੇ ਭਿਅੰਕਰ ਰੂਪ ਧਾਰਨ ਕਰ ਲਿਆ ਸੀ। ਪੂਰਬੀ ਹਿੰਦ (ਹੁਣ ਪਾਕਿਸਤਾਨ) 'ਚ ਇਸਨੇ ਕੁਹਰਾਮ ਮਚਾ ਕੇ ਰੱਖ ਦਿਤੇ ਸੀ, ਪੋਠੋਹਾਰ ਨੂੰ ਲਿਤਾੜਕੇ ਰੱਖ ਦਿਤਾ ਸੀ ਤੇ ਮੇਰਾ ਨਭਾਗਾ ਪ੍ਰਾਤ — ਪੰਜਾਬ 'ਚ ਤਾਂ ਇਸਨੇ ਤਹੱਲਕਾ ਮਚਾ ਦਿਤਾ ਸੀ। ਤੇ — ਏਤੀ ਮਾਰੀ ਪਈ ਕੁਰਲਾਣੇ ਕੀ ਤੈਂ ਕੀ ਦਰਦ ਨ ਆਇਆ। ਅਰਸ਼ ਕੰਬ ਉਠਿਆ, ਫਰਸ਼ ਕੰਬ ਉਠਿਆ। ਰੱਬਾਨੀਅਤ

. (ਆਸਾ ਮਹਲਾ ਪਹਿਲਾ)

ਅਰਸ਼ ਕੰਬ ਉਠਿਆ, ਫਰਸ਼ ਕੰਬ ਉਠਿਆ। ਰੱਬਾਨੀਅਤ ਰੋ ਉਠੀ, ਹਿੰਦੁਸਤਾਨੀਅਤ ਰੋ ਉਠੀ। ਪਰ ਇਨਸਾਨੀਅਤ ਨੇ ਤਾਂ ਹੈਵਾਨੀਅਤ ਦਾ ਜਾਮਾ ਓੜ ਲਿਆ ਸੀ। ਪੰਜਾਬ ਲਰਜ਼ ਉਠਿਆ। ਸਰੀਰ ਲੀਰੋ ਲੀਰ ਹੋ ਗਏ। ਭਾਰਤ ਮਾਂ ਦਾ ਅਕਾਰ ਲੀਰੋ ਲੀਰ ਹੋ ਗਿਆ ਤੇ ਸੰਸਕ੍ਰਿਤੀ? ਤੇ ਇਖਲਾਕ? ਤੇ ਭਾਈਚਾਰਾ? ਇਹ ਤਾਂ ਸਭ ਮਿਟ ਗਏ ਸਨ ਇਨਸਾਨਾਂ ਦੇ ਮਨਾਂ ਦੀਆਂ ਤਖਤੀਆਂ ਤੋਂ ਰਾਂਗਈਆਂ ਜਵਾਨੀਆਂ ਦੇ ਸੁਗੰਧਤ ਫੁੱਲਾਂ ਨੂੰ ਉਹਨਾਂ ਦੀਆਂ ਸ਼ਾਖਾਂ ਤੋਂ ਨਿਖੇੜਕੇ ਰੱਖ ਦਿਤਾ ਗਿਆ। ਉਹਨਾਂ ਨੂੰ ਖਖੜੀ ਖ਼ਖੜੀ ਕਰਕੇ ਪੈਰਾਂ ਹੇਠ ਮਸਲਕੇ ਰੱਖ ਦਿਤਾ ਗਿਆ — ਉਸ ਜੁਆਨੀ ਨੂੰ ਜਿਸਦੀਆਂ ਖਿਲਰੀਆਂ ਪੱਤੀਆਂ ਨੂੰ ਮੁੜ ਇਕੱਠਿਆਂ ਕਰਨ ਵਾਲਾ ਕੋਈ ਹੱਥ ਨਹੀਂ —

NO HAND CAN GATHER UP
THE WITHERED PETALS OF YOU

ਚੁਪਾਸੀਂ ਖਿਲਰੀ ਪਈ ਸੀ ਨਸ਼ਟਤਾ ਹੋਰ ਨਸ਼ਟਤਾ! ਤੇ ਕਸ਼ਟਤਾ!!! ਨਵ ਜੋਬਨ ਮੱਤੀਆਂ ਦੇ ਸੁਹਾਗ ਲੁੱਟੇ ਗਏ। ਸੂਹੇ ਸੂਹੇ ਚੂੜੇ ਭੰਨੇ ਗਏ ਸੂਹੀਆਂ ਸੂਹੀਆਂ ਫੁਲਕਾਰੀਆਂ ਪਾਟ ਗਈਆਂ। ਮੌਤ ਦੇ ਵਿਕਰਾਲ ਹੱਥ ਨੇਸਭ ਕੁਝ ਮਿਟਾ ਕੇ ਰੱਖ ਦਿਤਾ। ਸਭਿਤਾ ਮਿਟ ਗਈ ਤੇ ਅਸਮਤ ਲੁੱਟ ਗਈ। ਮਜ਼ਹਬੀ ਜਨੂੰਨ ਦਾ ਸੱਪ ਸਭ ਨੂੰ ਡੱਸ ਗਿਆ ਸੀ ਤੇ ਇਹ ਸਾਰੇ ਮਦਾਰੀ ਤੇ ਮਾਂਦਰੀ (ਮਜ਼ਹਬੀ ਆਗੂ) ਬੇਬਸ ਹੋ ਗਏ ਸਨ। ਭਾਰਤ ਝੁਲਸਿਆ ਗਿਆ ਪੰਜਾਬ ਝੁਲਸਿਆ ਗਿਆ ਬੰਗਾਲ ਝੁਲਸਿਆ ਗਿਆ, ਆਸਾਮੀ ਝੁਲਸੀ ਗਈ ਤੇ ਲੋਥਾਂ ਅੰਬਾਰ ਉਸਰ ਗਏ ਤੇ ਅਬਲਾਵਾਂ ਤਾਂ ਰੱਬ ਸਬੱਬੀਂ ਹੀ ਆਪਣੀਆਂ ਸ਼ੁਧਤਾਵਾਂ ਬਚਾ ਸਕੀਆਂ।

ਪਾਣੀ ਪੰਜ ਦਰਿਆ ਦੇ ਬਣ ਗਏ ਤੱਤੇ ਤੇਲ
ਬਲਦੀ ਉਤੇ ਬਾਲਦੇ ਓਏ ਤੱਕ ਹੋਣੀ ਦੇ ਖੇਲ।
(ਅੰਮ੍ਰਿਤਾ ਪ੍ਰੀਤਮ)

ਕੜਛੀਆਂ ਛੁੱਟੀਆਂ ਹਾਂਡੀਓਂ ਘੜਿਉਂ ਛੁੱਟੀ ਲੱਜ।
ਚੀਰੇ ਛੁੱਟੇ ਸਿਰਾਂ ਤੋਂ ਵੀਣੀਓਂ ਵੰਗਾਂ ਭੱਜ।

ਮੈਂ ਤੱਤੀ ਧੀ ਪੰਜਾਬ ਦੀ ਮੇਰੇ ਫੁੱਟੇ ਵੇਖ ਨਸੀਬ
ਕੀਕਣ ਦੱਸਾਂ ਬੋਲਕੇ ਟੁੱਕੀ ਗਈ ਮੇਰੀ ਜੀਭ।
ਨੂੜੇ ਹੋਏ ਮੇਰੇ ਹੱਥ ਵੇ, ਜੂੜੇ ਹੋਏ ਮੇਰੇ ਪੈਰ।
ਕਿਹਾ ਕੁ ਡਿੱਗ ਜ਼ੁਲਮ ਵੇ, ਕਿਹਾ ਕੁ ਢੱਠਾ ਕਹਿਰ।
ਪਾੜਾਂ ਸੂਹੀਆਂ ਚੋਲੀਆਂ, ਖੋਲਾਂ ਬਾਜੂ ਬੰਦ
ਮੈਂ ਭੱਜਾਂ ਟੁੱਟਾਂ ਠੀਕਰੀਂ, ਹੋਣਾਂ ਤੰਦੋ ਤੰਦ।
ਜੋ ਜ਼ਬਰ ਦੀ ਹੱਦ ਵੇ ਅੱਤਾਂ ਦੀ ਭਰਮਾਰ
ਏਥੇ ਵਿਕਿਆ ਧਰਮ ਈਮਾਨ ਵੇ ਏਥੇ ਵਿਕੀ ਦੇਸ਼ ਦੀ ਨਾਰ।
(ਮੈਂ ਹਾਂ ਤਵਾਰੀਖ ਹਿੰਦ ਦੀ)

ਬਹਾਰਾਂ ਉਜੜ ਗਈਆਂ, ਬਾਂਰਾਂ ਉਜੜ ਗਈਆਂ। ਚੁਪਾਸੀਂ ਲੋਥਾਂ ਹੀ ਲੋਥਾਂ ਸਨ। ਲਹੂ ਲਿਬੜੀ ਧਰਤੀ ਸੀ, ਕੀਰਨਿਆਂ ਵਿੰਨੀ ਫਜ਼ਾ ਸੀ ਤੇ ਜ਼ਹਿਰਾਂ ਲੱਦੀ ਪਉਲ ਸੀ।

ਆਹ! ਧਰਤ ਕੰਬੀ! ਅਰਸ਼ ਡੋਲ੍ਹੇ!
ਘਟਾ ਗਮਾਂ ਦੀ ਛਾ ਗਈ।
ਹਿੰਦੀਆਂ ਦੇ ਚਿਹਰਿਆਂ ਤੇ ਕਿਉਂ ਪਲੱਤਣ ਛਾ ਗਈ?

ਆਜ਼ਾਦੀ ਦਾ ਸੁਨਿਹਰਾ ਭਵਨ ਗਦਰੀ ਬਾਬਿਆਂ ਦੀ ਅੰਤਮ ਯਾਦਗਾਰੀ ਕੁਰਬਾਨਗਾਹ, ਬਜ ਬਜ ਘਾਟ ਦੇ ਸ਼ਹੀਦਾਂ ਦੀਆਂ ਹੱਡੀਆਂ, ਲਹੂਆਂ, ਚਰਬੀਆਂ ਦੇ ਨਾਲ ਉਸਰਿਆ ਹੋਇਆ ਹੈ। ਸਤਲੁਜ ਪਾਰ ਦੇ ਸ਼ਹੀਦਾਂ — ਸਰਦਾਰ ਭਗਤ ਸਿੰਘ ਤੇ ਉਸਦੇ ਸਾਥੀਆਂ ਦੀਆਂ ਅਮਰ ਸ਼ਹਾਦਤਾਂ ਦੇ ਸਦਕੇ ਹੀ ਜਹੂਰ 'ਚ ਆਇਆ ਹੈ, ਸਰਭਾਇਆਂ ਤੇ ਅਨੇਕਾਂ ਜਾਣੇ ਅਣਜਾਣੇ ਆਜ਼ਾਦੀ ਦੇ ਪਰਵਾਨਿਆਂ ਦੇ ਅਮਲਾਂ ਨਾਂਲ ਹੀ ਹੋਂਦ 'ਚ ਆਇਆ ਹੈ।

39 ਵਰ੍ਹੇ ਬਾਂਅਦ ਅੱਜ ਸੁਤੰਤਰਾ ਪ੍ਰਾਪਤੀ ਦੇ 39 ਸਾਲ ਹੈ। ਭਾਵੇਂ ਭਾਰਤ ਨੇ ਹਰੇਕ ਖੇਤਰ 'ਚ ਬਹੁਮੁਖੀ ਉਨਤੀ ਕੀਤੀ ਹੈ ਪਰ ਉਸ ਮਜ਼ਹਬੀ ਜਨੂੰਨ ਦੀ ਪਕੜ ਅਜੇ ਵੀ ਬਦਤਸਤੂਰ ਪੀਢੀ ਹੋਈ ਹੈ। ਥਾਂ ਥਾਂ ਤੇ ਧਰਮ ਦੇ ਨਾਂ ਤੇ ਫਿਰਕਾ ਦੇ ਨਾਂ ਤੇ, ਸੂਬੇ ਦੇ ਨਾਂ ਤੇ ਫਿਰਕੂ ਫਸਾਦ ਹੁੰਦੇ ਰਹਿੰਦੇ ਹਨ। ਉਹੀ ਮਾਰੂ ਹਥਿਆਰਾਂ ਦਾ ਵਿਖਾਵਾ, ਜਿਸਨੇ ਪਹਿਲਾਂ ਹੀ ਇਨਸਾਨੀਅਤ ਦੀ ਆਤਮਾ ਨੂੰ ਜ਼ਿਬਾਹ ਕਰਕੇ ਰੱਖਿਆ ਹੋਇਆ ਹੈ, ਫਿਰ ਕੀਤਾ ਜਾਂਦਾ ਰਿਹਾ ਹੈ। ਉਹੀ ਤੀਰਾਂ, ਉਹੀ ਤਰਸੂਲਾਂ, ਉਹੀ ਤਲਵਾਰਾਂ, ਉਹੀ ਨੇਜ਼ੇ, ਭੱਲੇ, ਛੁਰੇ, ਛਬੀਆਂ, ਬੰਦੂਕਾਂ, ਮਸ਼ੀਨਗੰਨਾਂ, ਪਸਤੌਲ ਤੇ ਬੰਬ ਸ਼ਾਂਤੀ ਦੇ ਵਾਯੂ ਮੰਡਲ 'ਚ ਜ਼ਹਿਰ ਘੋਲਦੀਆਂ ਹਨ। ਖੁਦਗਰਜ਼ੀ ਲਈ, ਲੀਡਰਸ਼ਿਪ ਦੀ ਭੁੱਖ ਲਈ, ਪਦਵੀ ਦੀ ਪ੍ਰਾਪਤੀ ਲਈ, ਫੋਕੀ ਸ਼ੁਹਰਤ ਲਈ ਇਹ ਸਭ ਕੁਝ ਹੋ ਰਿਹਾ ਹੈ। ਮਾਸੂਮਾਂ, ਮਜ਼ਲੂਮਾਂ, ਮਹਿਰੂਮਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ। ਉਹਨਾਂ ਦਾ ਕਸੂਰ ਇਹੀ ਹੈ ਕਿ ਉਹਨਾਂ ਦਾ ਵਖਰੇਵਾਂ ਧਰਮ ਹੈ, ਅੱਡਰਾ ਫਿਰਕਾ ਹੈ। ਰੱਬ ਇਕ ਹੈ। ਪਰ ਪਤਾ ਨਹੀਂ ਲਗਦਾ ਕਿ ਉਸਦਾ ਕਿਹੜਾ ਧਰਮ ਹੈ? ਕੀ ਉਹ ਕੇਸਧਾਰੀ ਹੈ ਜਾਂ ਸਹਿਜਧਾਰੀ। ਇਸਲਾਮੀ ਹੈ ਜਾਂ ਈਸਾਈ ਹੈ। ਸੱਚ ਤਾਂ ਇਹ ਹੈ ਕਿ ਸਭ ਦੇ ਅੰਤਰੀਵ ਅਸੂਲ ਇਕ ਹਨ। ਬਾਬੇ ਨਾਨਕ ਜੀ ਨੇ 'ਪੰਜਿ ਨਿਵਾਜਾਂ ਵਖਤ ਪੰਜਿ ਪੰਜਾ ਪੰਜੇ ਨਾਉ।' ਵਿਚ ਫਰਮਾਇਆ ਹੈ ਕਿ ਸੱਚ, ਹਲਾਲ, ਪੈਰ ਖੁਦਾਇ, ਨੀਅਤ ਰਾਸਿ, ਖੁਦਾ ਦੀ ਸਿਫਤਿ, ਸਭ ਅਸਲੀਅਤ ਹਨ। ਤੇ ਫੇਰ ਪਰਾਇਆ ਹੱਕ ਨ ਖਾਣਾ, ਸ਼ੁਭ ਅਮਲ ਕਰਨੇ ਆਦਿ ਰੱਬਾਨੀ ਰਾਹੀਆਂ ਦੇ ਰਾਹ ਹਨ। ਨਿਰੇ ਚਿੰਨ੍ਹਾਂ 'ਚ ਹੀ ਸਭ ਕੁਝ ਨਹੀਂ। ਉਹ ਤਾਂ ਬਾਹਰਮੁਖੀ ਹੈਨ ਪਰ ਅੰਦਰਮੁਖੀ ਧਰਮ ਹੈ —

ਦਯਾ ਕਰਨੀ, ਸੰਤੋਖ ਰੱਖਣਾ, ਜੱਤ ਨੂੰ ਕਾਇਮ ਰਖਣਾ (ਤਥਾ ਏਕਾ ਨਾਹ ਸੀ ਸਦਾ ਜਤੀ) ਸਤ ਰਖਣਾ ਆਦਿ।

ਪਰ ਅਸੀਂ ਅਸਲੀਅਤ ਤੋਂ ਕੋਹਾਂ ਦੂਰ ਜਾ ਰਹੇ ਹਾਂ। ਪਰਛਾਈਆਂ ਪਿੱਛੇ ਭਟਕ ਰਹੇ ਹਾਂ।

ਅੱਜ ਦਾ ਸੰਸਾਰ ਬਿਹਬਲਤਾ ਤੇ ਬੇਬਸੀ ਦੇ ਦੌਰ ਰਾਹੀਂ ਲੰਘ ਰਿਹਾ। ਸਾਰੇ ਹੀ ਕੁਹਾਰਾਮ ਮਚਿਆ ਹੋਇਆ ਹੈ। ਦੱਖਣੀ ਅਫਰੀਕਾ ਨੂੰ ਲੈ ਲਵੋ। ਉਹਨਾਂ ਨੂੰ ਇਨਸਾਨ ਹੀ ਨਹੀਂ ਖਿਆਲ ਕੀਤਾ ਜਾਂਦਾ। ਉਹਨਾਂ ਨੂੰ ਇਉਂ ਮਾਰਕੇ ਸੁੱਟ ਦਿਤਾ ਜਾਂਦਾ ਹੈ ਜਿਵੇਂ ਉਹ ਮੱਖੀਆਂ ਹੋਣ। ਲੋਕ ਰਾਜ ਦੇ ਅਲਮ-ਬਰਦਾਰ ਉਸ ਵਿਰੁੱਧ ਪਾਬੰਦੀਆਂ ਤੀਕਰ ਲਾਉਣ ਨੂੰ ਭੀ ਤਿਆਰ ਨਹੀਂ। ਇਰਾਕ ਤੇ ਈਰਾਨ — ਦੋ ਮੁਸਲਮਾਨ ਭਾਈ ਇਕ ਦੂਜੇ ਦਾ ਖੁਰਾ ਖੋਜ ਮਿਟਾਉਣ ਤੇ ਤੁਲੇ ਹੋਏ ਹਨ। ਮੇਰਾ ਦੇਸ਼ ਵੀ ਇਕ ਸੰਕਟ-ਮਈ ਦੌਰ ਰਾਹੀਂ ਗੁਜ਼ਰ ਰਿਹਾ ਹੈ। ਵਿਸ਼ਵ ਵੇਦਨਾ ਤਥਾ ਸੰਸਾਰ ਪੁਕਾਰ ਕੁਰਲਾ ਰਹੀ ਹੈ। ਤਿਲਮਿਲਾ ਰਹੀ ਹੈ ਤੇ ਕੂਕ ਕੂਕ ਆਖ ਰਹੀ ਹੈ —

ਵਿਸ਼ਵ - ਵੇਦਨਾ ਕੂਕ ਉਠੀ ਏ,
ਧਰਤੀ ਦੇ ਹਰ ਕਿਣਕੇ ਵਿਚੋਂ।
ਧੁਰ ਪਾਤਾਲੋਂ ਧੁਰ ਆਕਾਸ਼ੋਂ।
ਬਣ ਕੰਬਦੀ ਫਰਯਾਦ
ਦਯਾ ਵਿਹੂਣ ਮਨੁੱਖ ਹੋ ਗਿਆ
ਭੁਲਿਆ ਸਾਂਝ — ਪਿਆਰ। (ਆਜ਼ਾਦ)

ਬ੍ਰਹਮੰਡ ਦੀ ਛਾਤੀ ਚੋਂ ਵੀ ਦਰਦ ਉਠ ਰਿਹਾ ਹੈ, ਪੁਕਾਰ ਉਠ ਰਹੀ ਹੈ। ਜਿਥੇ ਪਿਆਰ ਭਰਿਆ ਰਾਂਝਿਆਂ, ਸ੍ਰੀ ਕ੍ਰਿਸ਼ਨ ਦੀਆਂ ਵੰਝਲੀਆਂ ਦੇ ਮਿਠਾਸਾਂ ਭਰੇ ਸੰਗੀਤ ਸਨ, ਉਥੇ ਤਾਂ ਹੁਣ ਸੋਗ ਭਰੇ, ਪੀੜਾਂਵਾਂ ਭਰੇ, ਕੀਰਨਿਆਂ ਦੀ ਆਤਮਾ - ਕੰਬਾਊ ਆਵਾਜ਼ ਹੈ। ਹੁਣ ਤਾਂ ਟੁਟਦੇ ਤਾਰਿਆਂ ਵਾਂਗੂੰ ਕੰਬਦੇ ਤੇ ਦਰਦ ਦੇ ਕੁੱਠੇ ਹੋਏ ਲੋਕ ਸਿਸਕੀਆਂ ਲੈਂਦੀਆਂ ਹਨ, ਹਉਕੇ ਭਰਦੇ ਹਨ, ਪੀੜਾਂ ਜਰਦੇ ਹਨ, ਚਸਕਾਂ ਨਾਲ ਦੁਖਤਿ ਹਨ, ਅੱਥਰੂ ਡੋਲ੍ਹਦੇ ਹਨ, ਆਹਾਂ ਭਰਦੇ ਹਨ ਟੀਸਾਵਾਂ ਨਾਲ ਰੁਦਨ ਕਰਦੇ ਹਨ ਤੇ ਕਸਕਾਂ ਨਾਲ ਨਪੀੜੇ ਜਾ ਰਹੇ ਹਨ। ਧਰਤੀ ਤੇ ਕੁਹਰਾਮ ਮੱਚਿਆ ਹੋਇਆ ਹੈ, ਆਕਸਾਂ 'ਚ ਟੁੱਟਣ ਵਾਲੇ ਤਾਰੇ ਭਿੜ ਰਹੇ ਹਨ, ਸਮੁੰਦਰ ਚੋਂ ਲਾਟਾਂ ਹੀ ਲਾਟਾਂ ਨਿਕਲ ਰਹੀਆਂ ਹਨ, ਪਾਤਾਲਾਂ 'ਚ ਮੌਤ ਆਪਦਾ ਮਤਵਾਲਾ ਨਾਚ ਨੱਚ ਰਹੀ ਹੈ। ਹੁਣ ਤਾਂ ਸੰਸਾਰ ਦੇ ਸੁਆਦ ਵੀ ਸੁਆਦ ਗੰਵਾ ਬੈਠੇ ਹਨ। ਹੁਣ ਤਾਂ ਉਹਨਾਂ 'ਚ ਸੰਸਾਰ ਦਾ ਦਰਦ ਹੈ, ਮਾਸੂਮਾਂ ਦੀ ਫਰਿਆਦ ਹੈ ਮਜ਼ਲੂਮਾਂ ਦੀ ਪੁਕਾਰ ਹੈ। ਦੁਮੇਲ ਤੇ ਸੂਹੀ ਸੂਹੀ ਲਾਲੀ ਵੀ ਤਾਂ ਸਕੰਤੇਕ-ਮਈ ਢੰਗ ਨਾਲ ਉਸ ਲਾਹਨਤਾਂ ਭਰੇ ਜਨੂੰਨ ਨੂੰ ਫਿਟਕਾਰ ਰਹੀ ਹੈ ਜਿਸ ਜਨੂੰਨ ਨੇ ਨਿਰਦੋਸ਼ਾਂ ਦੇ ਖੂਨ ਨਾਲ ਆਪਣੇ ਕੌਡੇ ਹੱਥ ਰੰਗੇ ਹੋਏ ਹਨ —

ਪੂਰਬ ਦੀ ਪਹੁ ਫੁਟਦੀ ਅੰਦਰ
ਨਿਰਦੋਸ਼ਾਂ ਦਾ ਖੂਨ,
ਦੱਸ ਰਿਹਾ ਸੰਕੇਤ ਨਾਲ ਏ
ਇਹ ਹੈ ਉਹ ਜਨੂੰਨ
ਜਿਨ੍ਹੇਂ ਮਨੁੱਖਤਾ ਨੂੰ ਫੜ ਕੁਹਿਆ
ਬਣਕੇ ਮਹਾਂ ਪਲਊਨ। (ਆਜ਼ਾਦ)

. ਅਸਤਾਚਲ (ਦੁਮੇਲ Honijon) ਦੀ ਸੋਗ-ਭਰੀ ਲਾਲੀ ਉਚਿਆ ਉਚਿਆ ਕੇ ਆਖ ਰਹੀ ਹੈ "ਸਾਂਝੀਵਾਲਤਾ ਤੋਂ ਬਿਨਾਂ ਇਹੋ ਜਿਹੀ ਹੀ ਮੰਦਹਾਲੀ ਦਾ ਸ਼ਿਕਾਰ ਹੋਣਾ ਪੈਂਦਾ ਹੈ।" ਹੁਣ ਤਾਂ ਯੁਗ ਹੈ ਸਭੇ ਸਾਂਝੀਵਾਲ ਸਦਾਇਨਿ ਤੂ ਕਿਸੇ ਨ ਦਿਸਹਿ ਬਾਹਰਾ ਜੀਉ॥ (ਰਾਗ ਮਾਝ ਮਹਲਾ ਪੰਜਵਾਂ)

(ਬਾਕੀ ਪੰਨਾ 20 'ਤੇ)

ਪ੍ਰਯੋਗਵਾਦੀ
ਮਰਾਸੀ ਦੀਆਂ ਸਕੀਮਾਂ

ਮਹਿੰਦਰ ਸਿੰਘ ਕਜਹੇੜੀ

ਪਿੰਡ ਜੰਡਪੁਰੇ ਵਿਚ ਫਤੇਹਦੀਨ ਨਾਂ ਦਾ ਇਕ ਮਰਾਸੀ ਰਹਿੰਦਾ ਸੀ। ਘਰ ਦੀ ਸਾਰੀ ਪੂੰਜੀ ਇਕ ਘਰ ਵਾਲੀ ਤੇ ਦੂਜੀ ਥੱਕੀ ਜਿਹੀ ਖੱਚਰ। ਕਿਸਮਤ ਦਾ ਐਨਾ 'ਧਨੀ' ਕਿ ਜੇ ਸੋਨੇ ਨੂੰ ਹੱਥ ਪਾਉਂਦਾ, ਉਹ ਵੀ ਮਿੱਟੀ ਬਣ ਜਾਂਦਾ। ਦਿਨ ਵਿਚ ਕਿਤਨੀਆਂ ਹੀ ਸਕੀਮਾਂ ਬਣਾਉਂਦਾ, ਆਰਥਿਕ ਪੱਖੋਂ ਤਕੜਾ ਹੋਣ ਦੀਆਂ ਸਕੀਮਾਂ ਪਰ ਸਭ ਵਿਅਰਥ ਸਿਰੇ ਕੋਈ ਵੀ ਨਾ ਚੜ੍ਹਦੀ। ਜਿਸ ਕੰਮ ਨੂੰ ਹੱਥ ਪਾਉਂਦਾ, ਹਮੇਸ਼ਾਂ ਪਿਛੇ ਨੂੰ ਹੀ ਜਾਂਦਾ, ਜਿਸ ਕਰਕੇ ਉਹ ਵਿਚਾਰਾ ਆਰਥਿਕ ਪੱਖੋਂ ਬਿਲਕੁਲ ਟੁੱਟ ਚੁੱਕਾ ਸੀ। ਇਹ ਸਾਡੇ ਸਮਾਜ ਦੀ ਰਵਾਇਤ ਹੈ ਕਿ ਜਿਹੜਾ ਬੰਦਾ ਆਰਥਿਕ ਪੱਖੋਂ ਟੁੱਟ ਜਾਵੇ, ਲੋਕ ਉਸ ਦਾ ਨਾਂ ਵੀ ਤੋੜ-ਮਰੋੜ ਲੈਂਦੇ ਹਨ ਤੇ ਵਿਚਾਰੇ ਫਤੇਹਦੀਨ ਮਰਾਸੀ ਦਾ ਨਾਂ ਵੀ ਲੋਕਾਂ ਨੇ ਤੋੜ ਕੇ ਫਤੀਆ ਮਰਾਸੀ ਬਣਾ ਲਿਆ ਸੀ।

ਫਤੀਏ ਦੇ ਘਰ ਚਾਰ ਜੱਟ ਭਰਾ ਰਹਿੰਦੇ ਸਨ। ਚਾਰੇ ਭਰਾ ਮੁਢ ਤੋਂ ਹੀ ਛੜੇ ਸਨ, ਜਿਸ ਕਰਕੇ ਪਿੰਡ ਵਿਚ ਆਲੇ ਦੁਆਲੇ ਵਿਚ ਉਹ 'ਛੜਿਆਂ ਦੇ ਘਰ' ਦੀ ਅੱਲ੍ਹ ਨਾਲ ਜਾਣੇ ਜਾਂਦੇ ਸਨ।

ਫਤੀਏ ਦੀ ਥੱਕੀ ਜਿਹੀ ਖੱਚਰ ਰਾਤੀਂ ਬਰਾਤੀ ਖੁਲ੍ਹ ਕੇ ਛੜਿਆਂ ਦੇ ਖੇਤ ਵਿਚ ਜਾ ਵੜਦੀ। ਕਈ ਵਾਰ ਛੜਿਆਂ ਨੇ ਫਤੀਏ ਨੂੰ ਖੱਚਰ ਦੀ ਨਿਗਰਾਨੀ ਰੱਖਣ ਲਈ ਕਿਹਾ। ਪਰ ਫਤੀਆ ਵੀ ਮਜ਼ਬੂਰ ਸੀ, ਉਹ ਬਹੁਤ ਸਖਤਾਈ ਨਾਲ ਖੱਚਰ ਨੂੰ ਬੰਨ੍ਹਦਾ, ਪਰ ਉਹ ਪਤਾ ਨਹੀਂ, ਕਿਸ ਵੇਲੇ ਰੱਸਾ ਤੁੜਾ, ਛੜਿਆਂ ਦੇ ਖੇਤ ਜਾ ਵੜਦੀ।

ਇਕ ਦਿਨ ਛੜਿਆਂ ਦਾ ਇਕ ਭਰਾ ਬਹੁਤ ਹੀ ਗੁੱਸੇ ਵਿਚ ਆ ਗਿਆ। ਉਸ ਨੇ ਖੱਚਰ ਨੂੰ ਡਾਂਗਾਂ ਮਾਰ ਮਾਰ ਜਾਨ ਤੋਂ ਹੀ ਮਾਰ ਦਿਤਾ। ਫਤੀਏ ਨੂੰ ਪਤਾ ਲਗਣ ਤੇ ਵਿਚਾਰਾ ਮਸੋਸਿਆ ਜਿਹਾ ਗਿਆ। ਕਰ ਕੁਝ ਸਕਦਾ ਨਹੀਂ ਸੀ। ਸੋ ਆਪਣੀ ਖੱਚਰ ਦਾ ਹੀ ਕਸੂਰ ਸਮਝ ਉਸ ਨੇ ਚੁਪ ਹੀ ਰਹਿਣਾ ਠੀਕ ਸਮਝਿਆ।

ਫਤੀਏ ਦੇ ਇਕ ਦੋਸਤ ਨੇ ਉਸ ਨੂੰ ਸਲਾਹ ਦਿਤੀ ਕਿ ਉਹ ਖੱਚਰ ਦੀ ਖੱਲ ਲਾਹ ਕੇ ਵੇਚ ਛੱਡੇ, ਥੋੜ੍ਹੇ ਬਹੁਤ ਪੈਸੇ ਬਣ ਜਾਣਗੇ। ਆਰਥਿਕ ਪਖੋਂ ਟੁੱਟਿਆ ਬੰਦਾ, ਪੈਸੇ ਦੀ ਖਾਤਰ ਹਰ ਤਰ੍ਹਾਂ ਦੇ ਹੱਥ ਪੈਰ ਮਾਰਦਾ ਏ।

ਭਾਵੇਂ ਡੰਗਰਾਂ ਦੀ ਖੱਲ ਆਦਿ ਉਤਾਰਨਾ ਪੇਸ਼ੇ ਵਾਲੇ ਬੰਦਿਆਂ ਦਾ ਹੀ ਕੰਮ ਹੁੰਦਾ ਹੈ ਪਰ ਫਤੀਆ ਪੈਸੇ ਦੇ ਲਾਲਚ ਕਰਕੇ ਇਹ ਕੰਮ ਆਪ ਹੀ ਕਰਨ ਦੀ ਸਕੀਮ ਬਣਾ ਕੇ ਮਰੀ ਹੋਈ ਖੱਚਰ ਨੂੰ ਡੰਗਰਾਂ ਦੀ ਹਡਵਾੜ ਵਿਚ ਲੈ ਗਿਆ ਅਤੇ ਉਸ ਦੀ ਖੱਲ ਉਤਾਰਨੀ ਸ਼ੁਰੂ ਕਰ ਦਿੱਤੀ।

ਕਿਉਂਕਿ ਫਤੀਏ ਨੂੰ ਖੱਲ ਉਤਾਰਨ ਦਾ ਕੋਈ ਤਜਰਬਾ ਨਹੀਂ ਸੀ, ਇਸ ਕਰਕੇ ਉਸ ਤੋਂ ਅੱਧੀ ਖੱਲ ਵੀ ਨਹੀਂ ਸੀ ਉਤਾਰੀ ਗਈ ਕਿ ਉਸ ਨੂੰ ਰਾਤ ਪੈ ਗਈ ਉਸ ਨੂੰ ਇਹ ਕੰਮ ਕਰਦਿਆਂ ਥਕੇਵਾਂ ਜਿਹਾ ਵੀ ਮਹਿਸੂਸ ਹੋਇਆ, ਸੋ ਉਸ ਨੇ ਸੋਚਿਆ ਕਿ ਰਾਤ ਨੂੰ ਆਰਾਮ ਕਰਕੇ ਬਾਕੀ ਰਹਿੰਦੀ ਖੱਲ ਸਵੇਰੇ ਦਿਨ ਚੜ੍ਹੇ ਉਤਾਰਾਂਗਾ।

ਰੋਟੀ ਖਾਂਦਿਆਂ ਉਸ ਦੇ ਖਿਆਲ ਆਇਆ ਕਿ ਖੱਚਰ ਨੂੰ ਕੁੱਤੇ ਆਦਿ ਨਾ ਘੜੀਸ ਕੇ ਲੈ ਜਾਣ, ਜਿਸ ਕਰਕੇ ਉਸ ਨੇ ਰੋਟੀ ਖਾ ਕੇ ਇਕ ਥੈਲੇ ਵਿਚ ਕਾਫੀ ਸਾਰੇ ਵੱਟੇ ਇਕੱਠੇ ਕਰਕੇ, ਡੰਗਰਾਂ ਦੀ ਹਡਵਾੜ ਦੇ ਲਾਗੇ ਇਕ ਅੰਬ ਉਤੇ ਰਾਤ ਕੱਟਣ ਲਈ ਡੇਰਾ ਲਾ ਗਿਆ। ਉਸ ਦਾ ਵਿਚਾਰ ਸੀ ਕਿ ਜੇ ਕੋਈ ਕੁੱਤਾ ਵਗੈਰਾ ਖੱਚਰ ਨੂੰ ਮੂੰਹ ਪਾਵੇਗਾ ਤਾਂ ਉਹ ਅੰਬ ਦੇ ਦਰੱਖਤ ਤੋਂ ਹੀ ਵੱਟੇ ਮਾਰ ਕੇ ਕੁੱਤੇ ਨੂੰ ਭਜਾ ਦੇਵੇਗਾ।

ਤਕਰੀਬਨ ਰਾਤ ਦੇ ਦਸ ਕੁ ਵਜੇ ਹੋਣਗੇ, ਚਾਰ ਚੋਰ ਚੋਰੀ ਕਰਨ ਵਾਸਤੇ ਡੰਗਰਾਂ ਦੀ ਹਡਵਾੜ ਵਿਚ ਦੀ ਲੰਘੇ ਜਾ ਰਹੇ ਸਨ। ਅੱਧੀ ਸਾਰੀ ਖੱਲ ਉਤਾਰੀ ਖੱਚਰ ਨੂੰ ਵੇਖ ਚੋਰਾਂ ਨੇ ਸਮਝਿਆ ਕਿ ਇਹ ਕਿਸੇ ਦੇਵੀ ਆਦਿ ਦਾ ਸਥਾਨ ਹੈ, ਜਿਸ ਕਰਕੇ ਉਨ੍ਹਾਂ ਨੇ ਖੱਚਰ ਦੇ ਮੂਹਰੇ ਸਿਰ ਝੁਕਾ ਕੇ ਬੇਨਤੀ ਕੀਤੀ ਕਿ ਜੇ ਅੱਜ ਦੀ ਰਾਤ ਉਨ੍ਹਾਂ ਨੂੰ ਚੰਗਾ ਮਾਲ ਹੱਥ ਲੱਗ ਗਿਆ ਤਾਂ ਉਹ ਦੇਵੀ ਦੇ ਚਰਨਾਂ



ਨਮਿਤ ਦਸਵਾਂ ਦਸੌਂਧ ਖੜ੍ਹਾਉਣਗੇ। ਕੁਦਰਤ ਰੱਬ ਦੀ ਚੋਰਾਂ ਨੂੰ ਚੰਗਾ ਮਾਲ ਹੱਥ ਲੱਗਿਆ ਤੇ ਵਾਪਸੀ ਤੇ ਆ ਕੇ ਜਦੋਂ ਉਹ ਖੱਲ ਉਤਾਰੀ ਖੱਚਰ ਦੇ ਮੂਹਰੇ ਸਿਜਦਾ ਕਰ ਰਹੇ ਸਨ ਤਾਂ ਅੰਬਾਂ ਤੇ ਬੈਠੇ ਫਤੀਏ ਮਰਾਸੀ ਤੋਂ ਡਰ ਦੇ ਮਾਰੇ ਇਕੱਠੇ ਕੀਤੇ ਵੱਟੇ, ਜਿਹੜੇ ਅੰਬ ਦੀ ਟਾਹਣੀ ਤੇ ਰਖੇ ਹੋਏ ਸਨ, ਉਹ ਹਥੋਂ ਛੁਟ ਗਏ। ਵੱਟਿਆਂ ਦੇ ਜ਼ਮੀਨ ਤੇ ਡਿਗਣ ਕਰਕੇ ਕਾਫੀ ਸਾਰਾ ਖੜਕਾ ਹੋਇਆ। ਕਹਿੰਦੇ ਨੇ ਚੋਰ ਦੇ ਪੈਰ ਨਹੀਂ ਹੁੰਦੇ। ਸੋ ਖੜਕਾ ਸੁਣ ਕੇ ਚੋਰ ਇਕ ਦਮ ਸਾਰਾ ਮਾਲ ਉਥੇ ਹੀ ਛੱਡ ਕੇ ਭੱਜ ਗਏ।

ਦਿਨ ਚੜ੍ਹੇ ਜਦੋਂ ਮਰਾਸੀ ਖੱਚਰ ਦੇ ਕੋਲ ਪਹੁੰਚਿਆ ਤਾਂ ਉਥੇ ਬਹੁਤ ਸਾਰਾ ਮਾਲ ਦੇਖ ਕੇ ਪਹਿਲਾਂ ਤਾਂ ਉਹ ਘਬਰਾ ਗਿਆ। ਖੈਰ ਉਸ ਨੇ ਰਾਤੀ ਬਰਾਤੀ ਸਾਰਾ ਮਾਲ ਘਰ ਢੋਅ ਲਿਆ। ਚੋਖਾ ਮਾਲ ਹੱਥ ਲਗਣ ਕਰਕੇ ਮਰਾਸੀ ਦੇ ਘਰ ਦੀ ਨੁਹਾਰ ਹੀ ਬਦਲ ਗਈ। ਜਿਸ ਫਤੀਏ ਦੇ ਘਰ ਰੋਟੀ ਨਹੀਂ ਸੀ ਪੱਕਦੀ, ਹੁਣ ਉਹ ਤੜਕੇ ਛਮਕੇ ਲਾ ਕੇ ਰੋਟੀ ਖਾਂਦਾ। ਖੱਚਰ ਦੀ ਥਾਂ ਹੁਣ ਉਸ ਨੇ ਚੰਗਾ ਘੋੜਾ ਖਰੀਦ ਲਿਆ।

ਛੜੇ ਭਰਾ ਮਰਾਸੀ ਵਿਚ ਆਈ ਤਬਦੀਲੀ ਨੂੰ ਵੇਖ ਹੈਰਾਨ ਸਨ। ਇਕ ਦਿਨ ਉਨ੍ਹਾਂ ਨੇ ਮਰਾਸੀ ਨੂੰ ਉਸ ਵਿਚ ਆਈ ਤਬਦੀਲੀ ਬਾਰੇ ਪੁਛ ਹੀ ਲਿਆ। ਮਰਾਸੀ ਨੇ ਸਾਰੀ ਬੀਤੀ ਘਟਨਾ ਦੱਸਦੇ ਹੋਏ ਛੜਿਆਂ ਨੂੰ ਸਕੀਮ ਦੱਸੀ ਕਿ ਤੁਸੀਂ ਵੀ ਕੋਈ ਖੱਚਰ ਨਾ ਸਹੀ ਮੱਝ ਆਦਿ ਮਾਰ ਲਿਓ ਤੇ ਅੱਧ ਛਿੱਲੀ ਖੱਲ ਨੂੰ ਵੇਖ ਚੋਰ ਜ਼ਰੂਰ ਸਿਜਦਾ ਕਰਨ ਆਉਣਗੇ। 'ਲਾਲਚ ਬੁਰੀ ਬਲਾ ਹੈ' ਦੇ ਕਥਨ ਅਨੁਸਾਰ ਛੜਿਆਂ ਨੇ ਮਰਾਸੀ ਦੀ ਸਕੀਮ ਮੰਨ ਅੱਠ ਕਿਲੋ ਦੁਧ ਦਿੰਦੀ ਮੱਝ ਮਾਰ ਲਈ ਤੇ ਅੱਧੀ ਸਾਰੀ ਖੱਲ ਉਤਾਰੀ ਅਤੇ ਅੰਬ ਦੇ ਉਤੇ ਵੱਟੇ ਲੈ ਕੇ ਬੈਠ ਗਏ। ਵਿਚਾਰਿਆਂ ਦੀਆਂ ਸਾਰੀ ਰਾਤ ਅੱਖਾਂ ਪੱਕ ਗਈਆਂ, ਚੋਰਾਂ ਨੂੰ ਉਡੀਕਦਿਆਂ ਉਡੀਕਦਿਆਂ, ਪਰ ਚੋਰ ਨਾ ਆਏ

ਛੜੇ ਭਰਾ ਮਰਾਸੀ ਦੀ ਦੱਸੀ ਸਕੀਮ ਤੋਂ ਤੰਗ ਆ ਗਏ ਅਤੇ ਉਨ੍ਹਾਂ ਨੇ ਮਰਾਸੀ ਕਿਤੇ ਬਾਹਰ ਗਿਆ ਹੋਣ ਕਰਕੇ ਉਸ ਦੀ ਘਰ ਵਾਲੀ ਨੂੰ ਗਲ ਘੁਟ ਕੇ ਮਾਰ ਦਿਤਾ। ਜਦੋਂ ਉਹ ਘਰ ਵਾਪਿਸ ਆਇਆ ਤਾਂ ਮਰੀ ਹੋਈ ਘਰ ਵਾਲੀ ਨੂੰ ਵੇਖ ਬਹੁਤ ਹੀ ਦੁਖ ਮਹਿਸੂਸ ਕੀਤਾ। ਪਰ ਉਸ ਨੂੰ ਛੜਿਆਂ ਤੇ ਬਿਲਕੁਲ ਵੀ ਸ਼ੱਕ ਨਹੀਂ ਸੀ, ਕਿ ਉਸ ਦੀ ਘਰ ਵਾਲ਼ੀ ਉਨ੍ਹਾਂ ਨੇ ਮਾਰੀ ਹੋਣੀ ਏ।

ਫਤੀਏ ਦੇ ਘਰ ਵਾਲੀ ਉਸ ਨੂੰ ਆਖਦੀ ਹੁੰਦੀ ਸੀ ਕਿ ਜਦੋਂ ਉਹ ਮਰੇ ਤਾਂ ਉਸ ਨੂੰ ਉਸਦੇ ਪੇਕੇ ਪਿੰਡ ਦਫਨਾਇਆ ਜਾਵੇ। ਸੋ ਆਪਣੀ ਘਰ ਵਾਲੀ ਦੀ ਰੀਝ ਪੂਰੀ ਕਰਨ ਲਈ ਮਰਾਸੀ ਨੇ ਮਰੀ ਹੋਈ ਮਰਾਸਣ ਨੂੰ ਨੁਹਾ ਧੁਆ ਕੇ ਚੰਗੇ ਕੱਪੜੇ ਪਾ ਕੇ ਘੋੜੇ ਤੇ ਬਿਠਾ ਆਪਣੀ ਬੁਕਲ ਜਿਹੀ ਵਿਚ ਲੈ ਉਸ ਦੇ ਪੇਕੇ ਵੱਲ ਨੂੰ ਤੁਰ ਪਿਆ।

ਹਾਲੇ ਫਤੀਆ ਥੋੜ੍ਹੀ ਹੀ ਦੂਰ ਗਿਆ ਸੀ, ਉਸ ਨੇ ਵੇਖਿਆ ਉਸ ਦੇ ਦੇਸ਼ ਦਾ ਰਾਜਾ ਲਾਓ ਲਸ਼ਕਰ ਸਮੇਤ ਆ ਰਿਹਾ ਸੀ। ਉਸ ਨੇ, ਜਿਸ ਰਸਤੇ ਤੋਂ ਰਾਜਾ ਆ ਰਿਹਾ ਸੀ, ਆਪਣਾ ਰਾਹ ਬਦਲ ਲਿਆ। ਰਾਜੇ ਨੂੰ ਮਰਾਸੀ ਵਲੋਂ ਅਜਿਹਾ ਕਰਨ ਤੇ ਸ਼ੱਕ ਪੈ ਗਿਆ। ਸੋ ਆਪਣੇ ਅਹਿਲਕਾਰਾਂ ਨੂੰ ਆਖ ਰਾਜੇ ਨੇ ਮਰਾਸੀ ਨੂੰ ਆਪਣੇ ਕੋਲ ਬੁਲਾ ਲਿਆ। ਮਰਾਸੀ ਰਾਜੇ ਦੇ ਮੂਹਰੇ ਖੜ੍ਹਾ ਥਰ ਥਰ ਕੰਬ ਰਿਹਾ ਸੀ।

ਰਾਜੇ ਨੇ ਮਰਾਸੀ ਨੂੰ ਕਿਹਾ ਕਿ ਉਹ ਉਸ ਦੀ ਘਰ ਵਾਲੀ ਦਾ ਮੂੰਹ ਵੇਖਣਾ ਚਾਹੁੰਦਾ ਹੈ। ਮਰਾਸੀ ਨੇ ਹੱਥ ਜੋੜ ਕੇ ਬੇਨਤੀ ਕੀਤੀ, 'ਬਾਦਸ਼ਾਹ ਸਲਾਮਤ ਜੇ ਮੈਂ ਆਪਣੀ ਘਰ ਵਾਲੀ ਦਾ ਘੁੰਡ ਚੁਕ ਦਿਤਾ ਤਾਂ ਇਸ ਨੇ ਮਰ ਜਾਣਾ ਏ। ਮੈਂ ਜ਼ਨਾਨੀ ਬਿਨਾਂ ਰੰਡਾ ਹੋ ਜਾਵਾਂਗਾ, ਬਾਲ ਗੌਹ, ਰਾਜ ਗੌਹ ਤੇ ਤ੍ਰਿਆ ਗੌਹ, ਇਹ ਤਿੰਨੇ ਕਿਸਮ ਦੇ ਬੰਦਿਆਂ ਦੇ ਗੌਹ ਬਹੁਤ ਹੀ ਮਸ਼ਹੂਰ ਹਨ। ਬੱਚਾ ਕਿਸੇ ਚੀਜ਼ ਤੇ ਜ਼ਿੱਦ ਕਰ ਲਵੇ ਤਾਂ ਉਹ ਪੂਰੀ ਕਰਵਾ ਕੇ ਹੀ ਹਟਦਾ ਹੈ, ਰਾਜੇ ਦੀ ਵੀ ਕਹਿੰਦੇ ਜ਼ਿੱਦ ਬਹੁਤ ਹੀ ਬੁਰੀ ਹੁੰਦੀ ਹੈ ਤੇ ਇਸੇ ਤਰ੍ਹਾਂ ਔਰਤ ਵੀ ਜਿਸ ਚੀਜ਼ ਤੇ ਅੜੀ ਕਰ ਬੈਠੇ ਪੂਰੀ ਕਰਵਾ ਕੇ ਹੀ ਸਾਹ ਲੈਂਦੀ ਹੈ। ਸੋ ਰਾਜੇ ਨੇ ਮਰਾਸੀ ਦੀ ਘਰ ਵਾਲੀ ਦਾ ਮੂੰਹ ਵੇਖਣ ਦੀ ਜ਼ਿੱਦ ਫੜ ਲਈ ਤੇ ਉਸ ਨੇ ਮਰਾਸੀ ਨੂੰ ਕਿਹਾ ਕਿ ਜੇ ਉਸ ਦੇ ਘਰ ਵਾਲੀ ਘੁੰਡ ਚੁਕਿਆਂ ਮਰ ਗਈ ਤਾਂ ਮੇਰੇ ਕੋਲ ਅਨੇਕਾਂ ਰਾਣੀਆਂ ਹਨ ਜਿਹੜੀ ਉਹ ਕਹੇ ਦੇ ਦਿਆਂਗਾ। ਕਿਉਂਕਿ ਰਾਜੇ ਦਾ ਖਿਆਲ ਸੀ ਕਿ ਘੁੰਡ ਚੁਕਣ ਕਰਕੇ ਕੋਈ ਜ਼ਨਾਨੀ ਥੋੜ੍ਹੇ ਮਰਦੀ ਹੁੰਦੀ ਏ। ਸੋ ਜਦੋਂ ਮਰਾਸੀ ਨੇ ਆਪਣੀ ਮਰਾਸਣ ਦੇ ਮੂੰਹੋਂ ਘੁੰਡ ਚੁਕਿਆ ਤਾਂ ਉਹ ਮਰੀ ਹੋਈ ਤਾਂ ਪਹਿਲਾਂ ਹੀ ਸੀ ਤੇ ਇਕ ਦਮ ਦੁਹੱਥੜ ਪਿੱਟ ਉਠਿਆ। ਬਾਦਸ਼ਾਹ ਸਲਾਮਤ ਮੈਂ ਲੁੱਟਿਆ ਗਿਆ, ਮੈਂ ਪਟਿਆ ਗਿਆ ਆਦਿ ਕਹਿ ਉਹ ਕੀਰਨੇ ਜਿਹੇ ਪਾਉਣ ਲਗ ਪਿਆ।

ਰਾਜੇ ਨੇ ਵਾਇਦੇ ਮੁਤਾਬਿਕ ਮਰਾਸੀ ਨੂੰ ਆਪਣੀ ਇਕ ਰਾਣੀ ਅਤੇ ਬਹੁਤ ਸਾਰਾ ਧੰਨ ਦੇ ਕੇ ਵਿਦਾ ਕਰ ਦਿਤਾ। ਜਿਉਂ ਹੀ ਮਰਾਸੀ ਰਾਣੀ ਸਮੇਤ ਪਿੰਡ ਪੁਜਿਆ ਸਾਰਾ ਪਿੰਡ ਮਰਾਸੀ ਤੇ ਹੈਰਾਨ ਪਰੇਸ਼ਾਨ ਸੀ। ਹਰ ਇਕ ਰਾਣੀ ਨੂੰ ਤਕ ਮੂੰਹ ਵਿਚ ਉਂਗਲਾਂ ਦੇ ਰਿਹਾ ਸੀ। ਛੜੇ ਭਰਾ ਤਾਂ ਮਰਾਸੀ ਨਾਲ ਆਈ ਰਾਣੀ ਨੂੰ ਵੇਖ ਅੰਦਰੋ ਅੰਦਰ ਕੁੜ ਰਹੇ ਸਨ।

ਇਕ ਦਿਨ ਉਨ੍ਹਾਂ ਨੇ ਮਰਾਸੀ ਨੂੰ ਇਸ ਘਟਨਾ ਬਾਰੇ ਵੀ ਪੁਛ ਲਿਆ। ਮਰਾਸੀ ਨੇ ਛੜਿਆਂ ਨੂੰ ਸਕੀਮ ਦੱਸਦੇ ਹੋਏ ਕਿਹਾ ਕਿ ਬੜੀ ਦੂਰ ਇਕ ਅਜਿਹਾ ਸ਼ਹਿਰ ਹੈ ਜਿਥੇ ਮੁਰਦੇ ਲੈਂਦੇ ਹਨ ਤੇ ਜਿਉਂਦੇ ਦੇਂਦੇ ਹਨ, ਜਿਸ ਕਰਕੇ ਤੁਸੀਂ ਆਪਣੀ ਬੁੜ੍ਹੀ ਮਾਂ ਨੂੰ ਮਾਰ ਕੇ ਬਦਲੇ ਨੌਜਵਾਨ ਜ਼ਨਾਨੀ ਲੈ ਆਓ। ਸੋ ਛੜਿਆਂ ਨੇ ਨਾ ਆ ਵੇਖਿਆ ਨਾ ਤਾਅ ਵੇਖਿਆ, ਆਪਣੀ ਸੱਤਰਾਂ ਬਹੱਤਰਾਂ ਨੂੰ ਪੁਜੀ ਮਾਂ ਦਾ ਗਲ ਘੁਟ ਦਿਤਾ ਤੇ ਜਿਸ ਤਰ੍ਹਾਂ ਮਰਾਸੀ ਨੇ ਸਕੀਮ ਦੱਸੀ ਸੀ, ਆਪਣੀ ਮਾਂ ਦੇ ਨਵੇਂ ਕੱਪੜੇ ਪਾ ਘੋੜੇ ਤੇ ਬਿਠਾ ਉਸ ਸ਼ਹਿਰ ਜਾ ਪਹੁੰਚੇ। ਸ਼ਹਿਰ ਵੜਦੇ ਹੀ ਉਨ੍ਹਾਂ ਨੇ ਹੋਕਾ ਲਾਉਣਾ ਸ਼ੁਰੂ ਕਰ ਦਿਤਾ ਕਿ ਮੁਰਦੇ ਲੈ ਲੋ ਜਿਉਂਦੇ ਦੇ ਦੇਵੋ। ਅਜਿਹਾ ਹੋਕਾ ਸੁਣ ਕੇ ਸ਼ਹਿਰ ਦੇ ਲੋਕਾਂ ਨੇ ਛੜੇ ਭਯਾਵਾਂ ਨੂੰ ਚੰਗੀ ਤਰ੍ਹਾਂ ਕੁਟਿਆ। ਛੜੇ ਵਿਚਾਰੇ ਭਿਜੀ ਜਿਹੀ ਬਿੱਲੀ ਬਣ ਕੇ ਵਾਪਸ ਆਪਣੇ ਪਿੰਡ ਆ ਗਏ।

ਉਨ੍ਹਾਂ ਨੂੰ ਮਾਂ ਮਰੀ ਦਾ ਅਤੇ ਆਪਣੀ ਹੋਈ ਬੇਇਜ਼ਤੀ ਦਾ ਮਰਾਸੀ ਤੇ ਬਹੁਤ ਹੀ ਗੁੱਸਾ ਸੀ। ਸੋ ਉਨ੍ਹਾਂ ਨੇ ਸੋਚਿਆ ਕਿ ਮਰਾਸੀ ਦਾ ਜੈਣਾ ਹੀ ਵੱਢ ਛੱਡਣਾ ਏ। ਚਾਰੇ ਭਰਾ ਰਲ ਕੇ ਮਰਾਸੀ ਦੀਆਂ ਲੱਤਾਂ ਬਾਹਾਂ ਬੰਨ੍ਹ ਇਕ ਬੋਰੀ ਵਿਚ ਬੰਦ ਕਰਕੇ ਉਸ ਨੂੰ ਦਰਿਆ ਵਿਚ ਸੁਟਣ ਲਈ ਲੈ ਤੁਰੇ।

(ਬਾਕੀ ਪੰਨਾ 21 'ਤੇ)

(ਪੰਨਾ 19 ਦੀ ਬਾਕੀ)

ਭਾਵੇਂ ਸੰਸਾਰ ਵਿਚ ਅਸ਼ਾਂਤੀ ਹੈ। ਮਾਸੂਮਾਂ ਦੇ ਖੂਨ ਡੁਲਦੇ ਨੇ। ਸੂਹੀਆਂ ਫੁਲਕਾਰੀਆਂ ਪਾਟ ਰਹੀਆਂ ਨੇ। ਧਰਮ ਦੇ ਨਾਂ ਤੇ, ਫਿਰਕੇ ਦੇ ਨਾਂ ਤੇ। ਚੌਧਰਪੁਣੇ ਦੇ ਨਾਤੇ, ਅਪੱਦਰ ਹੋ ਰਹੇ ਹਨ ਤੇ ਗਰੀਬਾਂ, ਗੁਲਾਮਾਂ ਤੇ ਨਿਰਦੋਸ਼ਿਆਂ ਨੂੰ ਹਸਤੀ ਦੇ ਪੰਨੇ ਤੋਂ ਮੇਟਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ ਪਰ ਇਹਨਾ ਹਨੇਰਿਆਂ ਦੇ ਪਰਦੇ ਪਿਛੇ ਸ਼ੁਭ ਆਸ਼ਾਵਾਂ ਨਾਲ ਲੱਦੀ ਹੋਈ ਪ੍ਰਭਾਤ ਦਾ ਸੁਨਹਿਰਾ ਪ੍ਰਕਾਸ਼ ਹੈ ਜਿਹੜਾ ਇਹਨਾਂ ਵਕਤੀ ਜਨੂੰਨ ਦੇ ਮੋਤੀਏ ਰੋਗ ਦੇ ਜਾਲਿਆਂ ਨੂੰ ਏਕਤਾ ਦੇ ਜੰਤਰਾਂ ਨਾਲ ਕੱਟ ਦੇਵੇਗਾ। ਫੇਰ ਗਮੀਆਂ ਦੀ ਥਾਂ ਖੁਸ਼ੀਆਂ, ਸੋਗਾਂ ਦੀ ਥਾਂ ਮਲ੍ਹਾਰ, ਕੀਰਨਿਆਂ ਦੀ ਥਾਂ ਹਾਸੇ ਆ ਪ੍ਰਗਟ ਹੋਣਗੇ ਤੇ ਤਦ ਨ ਉਹ ਲਾਹਨਤਾਂ ਭਰਿਆ ਜਨੂੰਨ ਹੋਵੇਗਾ ਤੇ ਨ ਹੀ ਧਰਮ ਤੇ ਫਿਰਕੇ ਦੇ ਨਾਂ ਤੇ ਖੂਨ ਵਹਿਣਗੇ।

ਏਸ ਵਿਸ਼ਵ - ਵੇਦਨਾ ਵਿਚੋਂ ਇਕ ਜਿਉਂਦਾ ਅਹਿਸਾਸ ਹੁੰਦਾ ਹੈ ਪਿਆ ਸਾਫ ਕਵੀ ਨੂੰ।

ਮਹਾਂ ਹਨੇਰਾਂ ਦੀ ਗੋਦੀ ਵਿਚ ਪਿਆ ਪਲੇ ਪ੍ਰਕਾਸ਼। (ਆਜ਼ਾਦ)

ਆਮੀਨ !

ਅਕਬਰ ਬੀਰਬਲ ਦੀ ਨੋਕ ਝੋਕ

ਪੇਸ਼ਕਸ਼ : ਦਲਜੀਤ ਸਮਾਧਵੀ

ਇਕ ਦਿਨ ਬੀਰਬਲ ਨੇ ਬਾਦਸ਼ਾਹ ਨੂੰ ਕਿਹਾ, 'ਸ੍ਰੀਮਾਨ ਜੀ, ਤੁਸੀਂ ਮੇਰੀ ਸ਼ੰਕਾ ਦੂਰ ਕਰੋਗੇ ?

ਬਾਦਸ਼ਾਹ ਨੇ ਕਿਹਾ, 'ਦਸ।'

ਬੀਰਬਲ ਨੇ ਕਿਹਾ ਕਿ ਕਈ ਦਿਨਾਂ ਤੋਂ ਮੈਂ ਇਹ ਸੋਚ ਰਿਹਾ ਹਾਂ ਕਿ ਸੂਰਜ ਪੂਰਬ ਵਿਚੋਂ ਕਿਉਂ ਨਿਕਲਦਾ ਹੈ, ਪੱਛਮ ਜਾਂ ਹੋਰ ਪਾਸਿਉਂ ਕਿਉਂ ਨਹੀਂ ਨਿਕਲਦਾ। ਇਸ ਦਾ ਕੀ ਕਾਰਨ ਹੈ।'

ਬਰੀਬਲ ਦਾ ਇਹ ਪ੍ਰਸ਼ਨ ਸੁਣਕੇ ਬਾਦਸ਼ਾਹ ਬੋਲਿਆ, 'ਅਜਿਹਾ ਪ੍ਰਸ਼ਨ ਕਿਸੇ ਮੂਰਖ ਨਾਲ ਕਰਨਾ।'

ਬੀਰਬਲ ਨੇ ਉਸੇ ਵੇਲੇ ਅਰਜ਼ ਕੀਤੀ ਕਿ ਇਹ ਸੋਚਕੇ ਤਾਂ ਮੈਂ ਤੁਸਾਂ ਕੋਲੋਂ ਪੁੱਛਿਆ ਹੈ।

—0—

ਇਕ ਦਿਨ ਬਾਦਸ਼ਾਹ ਨੇ ਬੀਰਬਲ ਨੂੰ ਪੁਛਿਆ ਕਿ ਸੱਚ ਅਤੇ ਝੂਠ ਵਿਚ ਕੀ ਫਰਕ ਹੈ।

ਬੀਰਬਲ ਨੇ ਉੱਤਰ ਦਿੱਤਾ ਕਿ ਜਿਤਨਾ ਅੱਖ ਤੇ ਕੰਨ ਵਿਚ। ਬਾਦਸ਼ਾਹ ਨੂੰ ਗੱਲ ਦੀ ਸਮਝ ਨਾ ਆਈ ਤਾਂ ਬੀਰਬਲ ਨੇ ਦੱਸਿਆ ਕਿ ਜਿਹੜੀ ਗੱਲ ਅੱਖਾਂ ਨਾਲ ਦੇਖੀ, ਉਹ ਸੱਚ ਹੈ ਤੇ ਜਿਹੜੀ ਗੱਲ ਕੰਨਾਂ ਨਾਲ ਸੁਣੀ ਉਹ ਝੂਠ ਹੈ।

—0—

ਬਾਦਸ਼ਾਹ ਤੇ ਬੀਰਬਲ ਦੀਆਂ ਆਪਸ ਵਿਚ ਗੱਲਾਂ ਹੋ ਰਹੀਆਂ ਸਨ ਕਿ ਅਚਾਨਕ ਬੀਰਬਲ ਦੇ ਮੂਹੋਂ ਕੋਈ ਫਜ਼ੂਲ ਗੱਲ ਨਿਕਲ ਗਈ। ਬਾਦਸ਼ਾਹ ਨੂੰ ਬੜਾ ਗੁੱਸਾ ਆਇਆ। ਉਨ੍ਹਾਂ ਕਿਹਾ, 'ਹੁਣ ਤੈਨੂੰ ਬੋਲਣ ਦੀ ਤਮੀਜ਼ ਨਹੀਂ ਰਹੀ। ਦਿਨੋਂ ਦਿਨ ਬਦਤਮੀਜ਼ ਹੁੰਦਾ ਜਾ ਰਿਹਾ ਹੈਂ।'

ਬੀਰਬਲ ਨੇ ਕਿਹਾ, 'ਹਾਂ, ਪਹਿਲਾਂ ਇਹ ਗੱਲ ਨਹੀਂ ਸੀ ਪਰ ਸੰਗਤ ਦਾ ਅਸਰ ਹੋਣਾ ਸ਼ੁਰੂ ਹੋ ਗਿਆ ਹੈ।'

—0—

ਬਾਦਸ਼ਾਹ ਨੇ ਬੀਰਬਲ ਨੂੰ ਕਿਹਾ, 'ਜੇਕਰ ਬਾਦਸ਼ਾਹੀ ਹਮੇਸ਼ਾ ਕਾਇਮ ਰਹਿੰਦੀ, ਜੋ ਬਾਦਸ਼ਾਹ ਹੁੰਦਾ ਉਹ ਸਦਾ ਬਾਦਸ਼ਾਹੀ ਕਰਦਾ ਤਾਂ ਕਿੱਡਾ ਚੰਗਾ ਹੁੰਦਾ।'

ਬੀਰਬਲ ਨੇ ਉਸ ਵੇਲੇ ਉੱਤਰ ਦਿੱਤਾ, 'ਜਹਾਂ ਪਨਾਹ, ਆਪ ਦਾ ਕਹਿਣਾ ਬਿਲਕੁਲ ਠੀਕ ਹੈ, ਪਰ ਜੇ ਅਜਿਹਾ ਹੁੰਦਾ ਤਾਂ ਤੁਸੀਂ ਬਾਦਸ਼ਾਹ ਕਿਵੇਂ ਬਣਦੇ ?'

ਪੰਨਾ 20 ਦੀ ਬਾਕੀ

ਕਾਫੀ ਦੂਰ ਜਾ ਕੇ ਚਾਰੇ ਭਰਾਵਾਂ ਨੂੰ ਜੰਗਲ ਪਾਣੀ ਆ ਗਿਆ। ਸੋ ਉਹ ਬੋਰੀ ਵਿਚ ਬੰਦ ਕਰੇ ਮਰਾਸੀ ਨੂੰ ਜ਼ਮੀਨ ਤੇ ਟਿਕਾ ਆਪ ਜੰਗਲ ਪਾਣੀ ਲਈ ਚਲੇ ਗਏ। ਉਥੇ ਕੁਝ ਮੁੰਡੇ ਮੱਝਾਂ ਚਾਰ ਰਹੇ ਸਨ। ਇਕ ਸ਼ਰਾਰਤੀ ਜਿਹੇ ਮੁੰਡੇ ਨੇ ਮਰਾਸੀ ਨੂੰ ਪੁਛਿਆ 'ਬਾਈ ਤੈਨੂੰ ਕਿਉਂ ਬੰਨ੍ਹਿਆ ਏ ?'

ਬੇਵਸ ਹੋਏ ਮਰਾਸੀ ਨੇ ਕਿਹਾ, 'ਆੜੀ ਮੈਂ ਸਾਧੂ ਬਿਰਤੀ ਵਾਲਾ ਬੰਦਾ ਹਾਂ, ਸੰਸਾਰਕ ਚੱਕਰ ਵਿਚ ਪੈਣਾ ਨਹੀਂ ਚਾਹੁੰਦਾ। ਇਹ ਮੇਰੇ ਭਰਾ ਨੇ, ਪਹਿਲਾਂ ਤਾਂ ਇਨ੍ਹਾ ਨੇ ਮੈਨੂੰ ਮਾਰਕੁਟ, ਮੇਰਾ ਵਿਆਹ ਕਰ ਦਿਤਾ ਤੇ ਹੁਣ ਇਹ ਮੇਰਾ ਮੁਕਲਾਵਾ ਲਿਆਉਣ ਲਈ ਮੈਨੂੰ ਬੰਨ੍ਹ ਕੇ ਲਿਜਾ ਰਹੇ ਨੇ।' ਜਵਾਨ ਮੁੰਡਾ ਵਿਆਹ ਦਾ ਨਾਂ ਸੁਣ, ਭਰਿਆ ਜਿਹਾ ਗਿਆ। ਉਸ ਨੇ ਮਰਾਸੀ ਨੂੰ ਕਿਹਾ।

'ਬਾਈ ਜੇ ਤੂੰ ਮੁਕਲਾਵਾ ਨਹੀਂ ਲੈਣਾ ਤਾਂ ਮੈਂ ਲੈ ਆਉਂਦਾ ਹਾਂ।'

'ਆੜੀ ਤੇਰਾ ਲੱਖ ਲੱਖ ਸ਼ੁਕਰ ਹੋਵੇਗਾ ਜੇ ਤੂੰ ਮੈਨੂੰ ਇਸ ਕਬੀਲਦਾਰੀ ਦੇ ਜੰਜਾਲ ਵਿਚੋਂ ਫਸਣ ਤੋਂ ਬਚਾ ਲਵੇਂਗਾ', ਮਰਾਸੀ ਨੇ ਤਰਲਾ ਜਿਹਾ ਕਰਦਿਆਂ ਕਿਹਾ।

ਨੌਜਵਾਨ ਮੁੰਡੇ ਦੀ ਜਵਾਨੀ ਨੇ ਹਲੂਣਾ ਜਿਹਾ ਖਾਇਆ, ਉਸ ਨੂੰ ਜਾਪਿਆ ਜਿਵੇਂ ਉਸਦੇ ਪਿੰਡੇ ਤੇ ਕੀੜੀਆਂ ਜਿਹੀਆਂ ਲੜ ਰਹੀਆਂ ਹੋਣ। ਸੋ ਮਰਾਸੀ ਨੂੰ ਆਜ਼ਾਦ ਕਰ ਉਹ ਆਪ ਬੋਰੀ ਵਿਚ ਜਾ ਵੜਿਆ।

ਛੜੇ ਭਰਾਵਾਂ ਨੂੰ ਇਸ ਗੱਲ ਦਾ ਕੋਈ ਨਹੀਂ ਸੀ ਪਤਾ ਸੋ ਉਨ੍ਹਾਂ ਨੇ ਉਸੇ ਤਰ੍ਹਾਂ ਬੰਦ ਬੋਰੀ ਵਿਚ ਮਰਾਸੀ ਨੂੰ ਸਮਝ ਕੇ ਦਰਿਆ ਵਿਚ ਵਗਾਹ ਮਾਰਿਆ। ਜਦੋਂ ਉਹ ਵਾਪਿਸ ਮੁੜ ਕੇ ਆ ਰਹੇ ਸਨ ਤਾਂ ਮਰਾਸੀ ਨੂੰ ਡਾਂਗ ਚੁਕੀ ਮੱਝਾਂ ਕੋਲ ਖੜ੍ਹੇ ਨੂੰ ਵੇਖ ਉਹ ਇਕਦਮ ਤ੍ਰਬਕ ਪਏ। ਉਨ੍ਹਾਂ ਨੇ ਹੈਰਾਨੀ ਜਿਹੀ ਪ੍ਰਗਟ ਕਰਦਿਆਂ ਕਿਹਾ

'ਮਰਾਸੀਆ ਤੈਨੂੰ ਤਾਂ ਅਸੀਂ ਦਰਿਆ ਵਿਚ ਸੁਟ ਕੇ ਆਏ ਸੀ ਤੇ ਤੂੰ ਸਾਡੇ ਨਾਲੋਂ ਵੀ ਪਹਿਲਾਂ ਇਥੇ ਖੜ੍ਹਾ ਏਂ?'

ਮਰਾਸੀ ਨੇ ਵਿਚਾਰਾ ਜਿਹਾ ਬਣਦਿਆਂ ਕਿਹਾ।

'ਯਾਰੋ ਤੁਸੀਂ ਬਹੁਤ ਗਲਤੀ ਕੀਤੀ, ਤੁਸੀਂ ਤਾਂ ਮੈਨੂੰ ਬਿਲਕੁਲ ਹੀ ਨੇੜੇ ਜਿਹੇ ਸੁਟਿਆ, ਜਿਥੋਂ ਮੈਨੂੰ ਇਹ ਸਿਰਫ ਮੱਝਾਂ ਹੀ ਮਿਲੀਆਂ ਸਨ, ਜੇ ਕਿਤੇ ਹੋਰ ਥੋੜ੍ਹਾ ਅਗਾਂਹ ਨੂੰ ਸੁਟ ਦਿੰਦੇ ਤਾਂ ਅਗੇ ਹਾਥੀ, ਊਠ ਸਨ।'

ਛੜੇ ਭਰਾ ਇਕਦਮ ਮਰਾਸੀ ਦੀਆਂ ਗੱਲਾਂ ਵਿਚ ਆ ਗਏ। ਉਨ੍ਹਾਂ ਨੇ ਕਿਹਾ ਚਲ ਯਾਰ ਅਸੀਂ ਹਾਥੀ ਤੇ ਊਠ ਲੈ ਆਂਦੇ ਹਾਂ। ਸੋ ਮਰਾਸੀ ਨੇ ਇਕ ਨੂੰ ਕਿਹਾ ਕਿ ਪਹਿਲਾਂ ਤੂੰ ਛਾਲ ਮਾਰ।

ਪਹਿਲੇ ਭਰਾ ਨੇ ਛਾਲ ਮਰਦਿਆਂ ਡੁਬਣ ਲੱਗਿਆਂ ਹੱਥ ਜਿਹਾ ਹਲਾ ਕੇ ਆਪਣੇ ਭਰਾਵਾਂ ਨੂੰ ਇਸ਼ਾਰਾ ਕੀਤਾ ਕਿ ਹੋਰ ਨਾ ਕੋਈ ਛਾਲ ਮਾਰਿਓ। ਦੂਜੇ ਭਰਾ ਇਸ ਤਰ੍ਹਾਂ ਆਪਣੇ ਭਰਾ ਵਲੋਂ ਹੱਥ ਹਿਲਾਉਣ ਦਾ ਕਾਰਨ ਪੁਛਣ ਲੱਗੇ।

ਮਰਾਸੀ ਨੇ ਕਿਹਾ ਕਿ ਉਸ ਨੇ ਹਾਥੀ ਦੀ ਪੂਛ ਨੂੰ ਹੱਥ ਪਾਇਆ ਹੋਇਆ ਹੈ ਤੇ ਉਹ ਕਹਿੰਦਾ ਹੈ ਕਿ ਛੇਤੀ ਆ ਜਾਵੋ। ਇਹ ਸੁਣ ਕੇ ਤਿੰਨੇ ਭਰਾ ਇਕ ਦਮ ਦਰਿਆ ਵਿਚ ਕੁਦ ਪਏ ਅਤੇ ਆਪਣੀ ਜਾਨ ਤੋਂ ਹੱਥ ਧੋ ਬੈਠੇ।

ਜਿਹੜਾ ਮਰਾਸੀ ਸੋਨੇ ਨੂੰ ਹੱਥ ਪਾਉਂਦਾ ਸੀ ਤੇ ਸੋਨਾ ਮਿੱਟੀ ਬਣ ਜਾਂਦਾ ਸੀ, ਅੱਜ ਓਹੀਓ ਮਰਾਸੀ ਜੇ ਮਿੱਟੀ ਨੂੰ ਹੱਥ ਪਾਉਂਦਾ ਸੀ ਤਾਂ ਉਹ ਸੋਨਾ ਬਣ ਜਾਂਦੀ ਸੀ ਛੜੇ ਭਰਾਵਾਂ ਨੂੰ ਪਾਰ ਬੁਲਾ, ਬਾਲ੍ਹਦੀ ਮੁੰਡੇ ਦਾ ਫਾਹਾ ਵੱਢ, ਮੱਝਾਂ ਦਾ ਵੱਗ ਆਪਣੇ ਘਰ ਲਿਆ ਵਾੜਿਆ ਤੇ ਪਿੰਡ ਟਾ ਕੇ ਉਸ ਨੇ ਛੜਿਆਂ ਦਾ ਘਰ ਵੀ ਸਾਂਭ ਲਿਆ ਤੇ ਬਾਦਸ਼ਾਹੀ ਠਾਠ ਬਾਠ ਨਾਲ ਫਤੀਏ ਤੋਂ ਦੁਬਾਰਾ ਫਤੇਹਦੀਨ ਬਣ ਕੇ ਗੁਜ਼ਾਰਾ ਕਰਨ ਲਗ ਪਿਆ।

ਮੁਸਕਰਾ ਕੇ ਤਾਂ ਵੇਖੋ



ਸ਼ਿਵਦੇਵ ਸੰਧਾਵਾਲੀਆ

ਇਹ ਕਿਉਂ ਰੁੱਸ ਕੇ ਘਰ ਵਿਚੋਂ ਜਾ ਰਿਹਾ ਏ,
ਇਹ ਨੂੰ ਵਾਜ ਮਾਰੋ ਬਿਠਾ ਕੇ ਤਾਂ ਵੇਖੋ।

ਇਹ ਕਿਉਂ ਪੁਛਦੇ ਹੋ ਇਹ ਦਾ ਮਜ਼ਹਬ ਕੀ ਏ,
ਪਹਿਲਾਂ ਇਸ ਨੂੰ ਪਾਣੀ ਪਿਲਾ ਕੇ ਤਾਂ ਵੇਖੋ।

ਉਮਰ ਭਰ ਨਾ ਭੁੱਲੇਗਾ ਅਹਿਸਾਨ ਬੰਦਾ,
ਇਹ ਦੇ ਜ਼ਖਮਾਂ ਤੇ ਮਰ੍ਹਮ ਲਾ ਕੇ ਤਾਂ ਵੇਖੋ।

ਮਿਲੇਗਾ ਤੁਹਾਨੂੰ ਇਹ ਬਾਹਵਾਂ ਫੈਲਾ ਕੇ,
ਇਕ ਕਦਮ ਇਸ ਵਲ ਵਧਾ ਕੇ ਤਾਂ ਵੇਖੋ।

ਹਾਲੇ ਇਹ ਦਾ ਦਿਲ ਧੜਕਦਾ ਪਿਆ ਹੈ,
ਮਾਰੋ ਨਾ ਇਸ ਨੂੰ ਉਡਾ ਕੇ ਤਾਂ ਵੇਖੋ।

ਕਿਉਂ ਫੂਕਦੇ ਆਲ੍ਹਣੇ ਪੰਛੀਆਂ ਦੇ,
ਐਸਾ ਕੋਈ ਘਰ ਬਣਾ ਕੇ ਤਾਂ ਵੇਖੋ।

ਪੱਥਰ ਦਾ ਦਿਲ ਮੋਮ ਹੋ ਜਾਏ ਸ਼ਾਇਦ,
ਇਹ ਨੂੰ ਆਪਣੇ ਗਲ ਨਾਲ ਲਾ ਕੇ ਤਾਂ ਵੇਖੋ।

ਸ਼ਾਇਦ ਇਹ ਘਰ ਦਾ ਕੋਈ ਜੀਵ ਹੋਵੇ,
ਲਾਸ਼ ਦੇ ਮੂੰਹ ਤੋਂ ਕੱਪੜਾ ਹਟਾ ਕੇ ਤਾਂ ਵੇਖੋ।

ਕੀ ਫਰਕ ਹੈ ਮੌਤ ਤੇ ਜ਼ਿੰਦਗੀ ਵਿਚ,
ਡਿੱਗੇ ਪਏ ਨੂੰ ਉਠਾ ਕੇ ਤਾਂ ਵੇਖੋ।

ਸ਼ਾਇਦ ਇਹ ਪੈਗਾਮ ਨਾਮ ਆਪਣੇ ਹੈ,
ਕਿਸੇ ਕੋਲੋਂ ਇਹ ਖਤ ਪੜ੍ਹਾ ਕੇ ਤਾਂ ਵੇਖੋ।

ਆਪੋ 'ਚ ਲੜ ਮਰ ਕੇ ਵੀ ਆਜ਼ਮਾਇਆ,
ਮੁਹੱਬਤ ਨੂੰ ਵੀ ਆਜ਼ਮਾ ਕੇ ਤਾਂ ਵੇਖੋ।

ਸਚਾਈ ਇਹ ਬੇਸ਼ੱਕ ਹੈ ਕੌੜੀ ਦਵਾਈ,
ਇਕ ਘੁੱਟ ਮੂੰਹ ਨੂੰ ਲਗਾ ਕੇ ਤਾਂ ਵੇਖੋ।

ਖੁਦ ਕੀਤੀਆਂ ਹਨ ਤੁਸਾਂ ਗਲਤੀਆਂ ਜੇ,
ਗੁਨਾਹਗਾਰ ਨੂੰ ਵੀ ਭੁਲਾ ਕੇ ਤਾਂ ਵੇਖੋ।


ਆਉਣੀ ਹੈ ਬੋਅ ਤੇਲ ਦੀ ਏਸ ਵਿਚੋਂ,
ਦੀਵੇ ਨੂੰ ਕੋਈ ਜਗਾ ਕੇ ਤਾਂ ਵੇਖੋ।

ਰੋਣਾ ਹੈ ਇਸ ਲਈ ਕਿ ਥਾਲੀ 'ਚ ਕੁਝ ਨਹੀਂ,
ਇਹ ਨੂੰ ਇਕ ਰੋਟੀ ਖੁਆ ਕੇ ਤਾਂ ਵੇਖੋ।


ਇਹ ਦੇ ਜਿਸਮ ਉਤੇ ਹਜ਼ਾਰਾਂ ਜ਼ਖਮ ਨੇ,
ਜ਼ਰਾ ਸਾਰੇ ਕੱਪੜੇ ਲੁਹਾ ਕੇ ਤਾਂ ਵੇਖੋ।

ਧਰਤੀ ਨੱਚੇਗੀ ਤੇ ਮਹਿਕੇਗਾ ਗੁਲਸ਼ਨ,
ਮੁਹੱਬਤ ਦਾ ਕੋਈ ਗੀਤ ਗਾ ਕੇ ਤਾਂ ਵੇਖੋ।

ਖੁਸ਼ੀਆਂ ਬਹਾਰਾਂ ਦੇ ਲੱਗਣਗੇ ਮੇਲੇ,
ਕਿਸੇ ਵੱਲ ਤੁਸੀਂ ਮੁਸਕਰਾ ਕੇ ਤਾਂ ਵੇਖੋ।



ਫ਼ਿਲਮ-ਲੋਰ



"'ਏਕ ਚਾਦਰ ਮੈਲੀ ਸੀ' ਨੂੰ ਅੰਤਿਮ ਛੂਹਾਂ

ਸ਼ਮਸ਼ੇਰ ਸਿੰਘ ਸੰਧੂ

ਮਰਹੂਮ ਲੇਖਕ ਰਾਜਿੰਦਰ ਸਿੰਘ ਬੇਦੀ ਦੇ ਹਰਮਨ ਪਿਆਰੇ ਨਾਵਲ "ਏਕ ਚਾਦਰ ਮੈਲੀ ਸੀ" ਤੇ ਆਧਾਰਤ ਇਸੇ ਨਾਂਅ ਦੀ ਫਿਲਮ ਨੂੰ ਅੰਤਿਮ ਛੂਹਾਂ ਦਿੱਤੀਆਂ ਜਾ ਰਹੀਆਂ ਹਨ। ਦੇਸ਼ ਭਰ ਦੇ ਸਾਹਿਤਕ ਹਲਕਿਆਂ ਵਿਚ ਤੇ ਖਾਸ ਕਰ ਪੰਜਾਬੀ ਸਾਹਿਤਕ ਹਲਕਿਆਂ 'ਚ ਇਸ ਫਿਲਮ ਨੂੰ ਅੱਡੀਆਂ ਚੁੱਕ ਕੇ ਉਡੀਕਿਆ ਜਾ ਰਿਹਾ ਹੈ।

ਫਿਲਮ "ਏਕ ਚਾਦਰ ਮੈਲੀ ਸੀ" ਦੇ ਨਿਰਮਾਣ ਦਾ ਕੰਮ ਕਰੋੜਾਂ ਦੀ ਕਮਾਈ ਕਰਨ ਵਾਲੀ ਫਰਮ "ਕਿਊ. ਐਸ. ਐਸ." ਦੇ ਮਾਲਕਾਂ 'ਚੋਂ ਇਕ ਜੀ. ਐਮ. ਸਿੰਘ ਨੇ ਚੈਲਿੰਜ ਸਮਝ ਕੇ ਕਬੂਲਿਆ ਸੀ। ਉਸ ਨੇ ਪਹਿਲੇ ਦਿਨ ਹੀ ਸ਼ਰੇਆਮ ਐਲਾਨ ਕਰ ਦਿੱਤਾ ਸੀ, "ਨਾ ਤਾਂ ਮੈਂ ਪ੍ਰੋਫੈਸ਼ਨਲ ਫਿਲਮਮੇਕਰ ਹਾਂ ਤੇ ਨਾ ਹੀ ਇਸ ਫਿਲਮ ਨੂੰ ਵਪਾਰ ਸਮਝ ਕੇ ਬਣਾਉਣ ਦਾ ਬੀੜਾ ਚੁਕਿਆ ਹੈ। ਬੇਦੀ ਸਾਹਿਬ ਦੀ ਇਕ ਰੀਝ ਨੂੰ ਸੈਲੋਲਾਈਡ 'ਤੇ ਉਤਾਰਨ ਹਿਤ ਫਿਲਮ ਬਣਾ ਰਿਹਾ ਹਾਂ ਕਾਸ਼, ਉਹ ਜਿਉਂਦੇ-ਜੀਅ ਆਪਣਾ ਇਕ ਸੁਪਨਾ ਸਾਕਾਰ ਹੋਇਆ ਦੇਖ ਲੈਂਦਾ

ਜਦੋਂ ਰਾਣੋ ਦੇ ਰੋਲ ਲਈ ਹੇਮਾ ਮਾਲਿਨੀ ਨੂੰ ਚੁਣਿਆ ਤਾਂ ਸਣਕੀ ਬੰਦੇ ਕਹਿਣ ਲੱਗੇ ਦੱਖਣ ਭਾਰਤ ਦੇ ਮੂਲ ਦੀ ਇਹ ਅਭਿਨੇਤਰੀ ਇਕ ਪੰਜਾਬਣ ਦੇ ਰੋਲ ਨੂੰ ਕਿਵੇਂ ਨਿਭਾ ਸਕੇਗੀ। ਪਰ ਹੁਣ ਰਸ਼-ਪ੍ਰਿੰਟਾਂ ਤੋਂ ਸਹਿਜੇ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਹੇਮਾ ਨੇ ਸਚਮੁਚ ਰਾਣੋ ਦੀ ਰੂਹ ਨੂੰ ਬਾਰੀਕੀ 'ਚ ਸਮਝਿਆ ਹੈ। ਤਾਂਗੇਵਾਲੇ ਤਰਲੋਕੇ ਦਾ ਰੋਲ ਕੁਲਭੂਸ਼ਨ ਖਰਬੰਦਾ ਨੇ ਕੀਤਾ ਹੈ ਤੇ ਉਹਦੇ ਛੋਟੇ ਭਾਈ ਦੀ ਭੂਮਿਕਾ ਰਿਸ਼ੀ ਕਪੂਰ ਦੇ ਹਿਸੇ ਆਈ ਹੈ। ਰਿਸ਼ੀ ਦੀ ਮਹਿਬੂਬਾ ਵਜੋਂ ਪੂਨਮ ਢਿੱਲੋਂ ਪੇਸ਼-ਪੇਸ਼ ਹੈ। ਪੂਨਮ ਦੀ ਥਾਂ ਪਹਿਲਾਂ ਡਿੰਪਲ ਕਪਾਡੀਆ ਨੂੰ ਲੈਣ ਦੀ ਗੱਲ ਚੱਲੀ ਸੀ ਪਰ ਉਸ ਨੇ ਪੈਸੇ ਬਹੁਤ ਜ਼ਿਆਦਾ ਮੰਗ ਲਏ ਸਨ। ਰਤੀ ਅਗਨੀਹੋਤਰੀ ਦਾ ਨਾਂ ਵੀ ਵਿਚਾਰ ਅਧੀਨ ਆਉਂਦਾ ਰਿਹਾ ਪਰ ਉਹਨੀਂ ਦਿਨੀਂ ਰਤੀ ਨੇ ਵਿਆਹ ਕਰਾ ਕੇ ਐਲਾਨ ਦਾਗ ਦਿਤਾ ਸੀ ਕਿ ਫਿਲਮਾਂ ਨਹੀਂ ਕਰੇਗੀ। ਮੱਖਣ ਸਿੰਘ ਜਿਸ ਨੇ ਫਨੀ ਮਜੂਮਦਾਰ ਨਾਲ ਰਲਕੇ ਬੇਦੀ ਦੇ ਨਾਵਲ ਨੂੰ ਸਕਰੀਨਪੇਲ 'ਚ ਢਾਲਿਆ, ਫਿਲਮ ਵਿਚ ਚੌਧਰੀ ਦਾ ਰੋਲ ਕਰ ਰਿਹਾ ਹੈ। ਨਿਰਦੇਸ਼ਨ ਦੇ ਰਿਹਾ ਹੈ ਨੌਜਵਾਨ ਡਾਇਰੈਕਟਰ ਸੁਖਵੰਤ ਢੱਡਾ। ਨਵੀਂ ਹੋਣਹਾਰ ਅਭਿਨੇਤਰੀ ਸੋਹਣੀ ਨੂੰ ਹੇਮਾ ਮਾਲਿਨੀ ਦੀ ਧੀ ਦਾ ਰੋਲ ਮਿਲਿਆ ਹੈ।

"ਏਕ ਚਾਦਰ ਮੈਲੀ ਸੀ" ਦੀ ਕਹਾਣੀ ਸੰਖੇਪ 'ਚ ਇਸ ਪ੍ਰਕਾਰ ਹੈ: ਇਕ ਪਿੰਡ ਹੈ ਕੋਟਲਾ। ਪਿੰਡ ਦੇ ਕੁਝ ਕੁ ਘਰ ਹਨ ਜਿਨ੍ਹਾਂ ਕੋਲ ਗੁਜ਼ਾਰੇ ਜੋਗੀ ਭੋਇੰ ਹੈ। ਪਿੰਡ ਵਿਚ ਦੇਵੀ ਮਾਂ ਦਾ ਮੰਦਰ ਹੈ ਜਿਥੇ ਸ਼ਰਧਾਲੂ ਤੇ ਭਗਤ ਅਕਸਰ ਆਉਂਦੇ ਜਾਂਦੇ ਹਨ। ਚੌਧਰੀ ਦੀ ਧਰਮਸ਼ਾਲਾ ਅਜਿਹੇ ਸ਼ਰਧਾਲੂਆਂ ਲਈ ਠਾਹਰ ਹੈ ਤੇ ਮੱਕਾਰ ਚੌਧਰੀ ਇਉਂ ਖੂਬ ਕਮਾਈ ਕਰਦਾ ਹੈ। ਤਾਂਗੇਵਾਲਾ ਤਰਲੋਕਾ ਸ਼ਰਾਬ ਦੇ ਲਾਲਚਵਸ ਯਾਤਰੀਆਂ ਨੂੰ ਧਰਮਸ਼ਾਲਾ ਪਹੁੰਚਾਉਂਦਾ ਰਹਿੰਦਾ ਹੈ। ਤਰਲੋਕੇ ਦੀ ਪਤਨੀ ਰਾਣੋ ਉਹਦੇ ਸ਼ਰਾਬੀਪੁਣੇ ਨੂੰ ਕੋਸਦੀ ਹੈ। ਸ਼ਰਾਬੀ ਤਰਲੋਕਾ ਗੁੱਸੇ 'ਚ ਆ ਕੇ ਰਾਣੋ ਦੇ ਧੌਲ-ਧੱਫਾ ਕਰ ਦਿੰਦਾ ਹੈ। ਚੌਧਰੀ ਨੇ ਇਕ ਰਾਤ ਅਲ੍ਹੜ ਉਮਰ ਦੀ ਕੁੜੀ ਨੂੰ ਰੇਪ ਕਰ ਦਿਤਾ ਤੇ ਸਵੇਰੇ ਬੇਹੋਸ਼ ਕੁੜੀ ਨੂੰ ਜਦ ਤਰਲੋਕੇ ਦੇ ਤਾਂਗੇ ਵਿਚ ਹਸਪਤਾਲ ਵੱਲ ਭੇਜਿਆ ਗਿਆ ਤਾਂ ਰਸਤੇ 'ਚ ਕੁੜੀ ਦੇ ਭਰਾ ਹੱਥੋਂ ਤਰਲੋਕੇ ਦਾ ਕਤਲ ਹੋ ਜਾਂਦਾ ਹੈ।

ਵਿਧਵਾ ਰਾਣੋ 'ਤੇ ਦੁੱਖਾਂ ਦਾ ਪਹਾੜ ਟੁੱਟ ਪੈਂਦਾ ਹੈ। ਘਰ ਦੀ ਹਾਲਤ ਹੋਰ ਵਿਗੜ ਜਾਂਦੀ ਹੈ। ਦੋ ਵੇਲੇ ਦੀ ਰੋਟੀ ਦਾ ਫਿਕਰ ਸਤਾਉਂਦਾ ਹੈ। ਰਾਣੋ ਦਾ ਦਿਓਰ ਮੰਗਲ ਤਾਂਗਾ ਚਲਾਉਣ ਦਾ ਕੰਮ ਸੰਭਾਲ ਲੈਂਦਾ ਹੈ। ਮੰਗਲ ਦਾਂ ਇਕ ਵਣਜਾਰਨ ਰੱਜੀ ਨਾਲ ਇਸ਼ਕ ਚਲਦਾ ਹੈ। ਪਿੰਡ ਦੀ ਪੰਚਾਇਤ ਪਰੰਪਰਾ ਤੇ ਰੀਤੀ-ਰਿਵਾਜਾਂ ਅਨੁਸਾਰ ਫੈਸਲਾ ਸੁਣਾ ਦਿੰਦਾ ਹੈ ਕਿ ਤਰਲੋਕੇ ਦੀ ਵਿਧਵਾ ਰਾਣੋ ਉਪਰ ਤਰਲੋਕੇ ਦਾ ਛੋਟਾ ਭਰਾ ਮੰਗਲ "ਚਾਦਰ ਪਾ ਲਵੇ"। ਇਹ ਫੈਸਲਾ ਰਾਣੋ ਨੂੰ ਮਨਜ਼ੂਰ ਨਹੀਂ ਕਿਉਂਕਿ ਉਹਨੇ ਤਾਂ ਮੰਗਲ ਨੂੰ ਨਿੱਕੇ ਹੁੰਦਿਆਂ ਤੋਂ ਪੁੱਤਾਂ ਵਾਂਗ ਖਿਡਾਇਆ ਹੈ। ਮੰਗਲ ਨੂੰ ਵੀ ਇਹ ਫੈਸਲਾ ਹਰਗਿਜ਼ ਪ੍ਰਵਾਨ ਨਹੀਂ ਕਿਉਂ ਜੋ ਰਾਣੋ ਭਾਬੀ ਤਾਂ ਉਹਦੇ ਲਈ ਮਾਂ ਦੇ ਬਰੋਬਰ ਹੈ। ਪਰ ਰਸਮ-ਰਿਵਾਜਾਂ ਦੀ ਉਲੰਘਣਾ ਕਿਵੇਂ ਕੀਤੀ ਜਾ ਸਕਦੀ ਹੈ; ਪੰਚਾਇਤ ਫੈਸਲਾ ਸੁਣਾ ਚੁਕੀ ਹੈ, ਪੰਚਾਇਤ, ਜੋ ਰੱਬ ਦਾ ਰੂਪ ਮੰਨੀ ਜਾਂਦੀ ਹੈ! ਰਾਣੋ ਤੇ ਮੰਗਲ ਨੂੰ ਜ਼ਬਰਦਸਤੀ ਫੜ ਕੇ ਪਤੀ-ਪਤਨੀ ਬਣਾ ਦਿਤਾ ਜਾਂਦਾ ਹੈ। .... ਉਧਰ ਮੰਗਲ ਦੀ ਮਹਿਬੂਬਾ ਰੱਜੀ ਅੱਗ ਦੀ ਲਾਟ ਬਣ ਕੇ ਮੰਗਲ ਤੋਂ "ਬੇਵਫਾਈ" ਦਾ ਬਦਲਾ ਲੈਣ ਦੀ ਧਾਰ ਲੈਂਦੀ ਹੈ।



ਤਰਲੋਕਾ (ਖਰਬੰਦਾ), ਰਾਣੋ (ਹੇਮਾ ਮਾਲਿਨੀ) ਤੇ ਮੰਗਲ ਆਉਣ ਵਾਲੀ ਫਿਲਮ "ਏਕ ਚਾਦਰ ਮੈਲੀ ਸੀ" ਦੇ ਇਕ ਤਣਾਉਪੂਰਨ ਦ੍ਰਿਸ਼ 'ਚ

ਮੰਗਲ ਤੇ ਰਾਣੋ ਇਕੋ ਛੱਤ ਹੇਠ ਰਹਿੰਦੇ ਸਮਾਜ ਮੁਤਾਬਕ ਪਤੀ-ਪਤਨੀ ਹਨ ਪਰ ਉਹ ਇਕ ਦੂਜੇ ਨੂੰ ਇਸ ਰਿਸ਼ਤੇ 'ਚ ਕਿੰਜ ਪ੍ਰਵਾਨ ਕਰ ਸਕਦੇ ਹਨ। ਮੰਗਲ ਆਪਣੇ ਭਰਾ ਵਾਂਗ ਤਾਂਗਾ ਚਲਾਈ ਜਾਂਦਾ ਹੈ, ਕਮਾਈ ਕਰਦਾ ਜਾਂਦਾ ਹੈ ਤੇ ਆਪਣੇ ਭਰਾ ਵਾਂਗ ਹੀ ਸ਼ਰਾਬੀ ਹੋ ਕੇ ਘਰ ਵੜਦਾ ਹੈ। ਉਹਦੀ ਪਤਨੀ ਰਾਣੋ ਉਹਦੇ ਸ਼ਰਾਬੀਪੁਣੇ ਨੂੰ ਕੋਸਦੀ ਹੈ। ਮੰਗਲ ਦਿਨੋਂ ਦਿਨ ਤਰਲੋਕੇ ਵਾਲੀਆਂ ਆਦਤਾਂ ਅਪਣਾਉਂਦਾ ਜਾ ਰਿਹਾ ਹੈ। ਰਾਣੋ ਨੂੰ ਮੰਗਲ 'ਚੋਂ ਤਰਲੋਕੇ ਦਾ ਝਾਉਲਾ ਪੈਂਦਾ ਹੈ। ਸ਼ਰਾਬੀ ਮੰਗਲ, ਰਾਣੋ ਨੂੰ ਅਵਾ-ਤਵਾ ਬੋਲਦਾ ਹੈ ਤੇ ਰਾਣੋ ਨੂੰ ਮੰਗਲ 'ਚੋਂ ਇਕ ਹੋਰ ਤਰਲੋਕਾ ਦਿਖਾਈ ਦਿੰਦਾ ਹੈ ...।" ਇਕ ਯਾਤ ਝੱਖੜ ਝੁੱਲ ਰਿਹਾ ਹੈ, ਮੰਗਲ ਬਾਹਰ ਜਾਣਾ ਲੋਚਦਾ ਹੈ ਪਰ ਰਾਣੋ ਉਸ ਨੂੰ ਰੋਕਦੀ ਹੈ ਤੇ ਉਸ ਦੇ ਹੱਥ 'ਚੋਂ ਸ਼ਰਾਬ ਦੀ ਬੋਤਲ ਖੋਹਣ ਦਾ ਯਤਨ ਕਰਦੀ ਹੈ। ਮੰਗਲ ਬੋਤਲ ਨਹੀਂ ਛੱਡਦਾ। ਰਾਣੋ ਬੋਤਲ ਖੋਂਹਦੀ ਹੈ। ਹੱਥੋਪਾਈ 'ਚ ਦੋਹਾਂ ਦੇ ਜਿਸਮ ਇਕ ਦੂਜੇ ਲਾਲ ਖਹਿ ਜਾਂਦੇ ਹਨ। ਦੋਹਾਂ ਦੇ ਜਿਸਮਾਂ ਅੰਦਰ ਇਕ ਤਰੰਗ ਛਿੜ ਜਾਂਦੀ ਹੈ। ਇਹ ਪਹਿਲੀ ਵਾਰ ਹੈ ਕਿ ਸਮਾਜ ਵਲੋਂ ਠੋਸੇ ਰਿਸ਼ਤੇ ਉਪਰੰਤ ਉਨ੍ਹਾਂ ਦੇ ਜਿਸਮਾਂ ਨੇ ਇਕ ਦੂਜੇ ਦੀ ਛੂਹ ਨੂੰ ਮਾਣਿਆ ਹੈ। ਇਸ "ਮਹਾਨ ਛੂਹ" ਕਾਰਨ ਉਹ ਇਕ ਦੂਜੇ ਦੇ ਨੇੜੇ ਹੁੰਦੇ ਹਨ ਤੇ ਨਵੇਂ ਰਿਸ਼ਤੇ ਨੂੰ ਪ੍ਰਵਾਨ ਚੜ੍ਹਾਉਂਦੇ ਹਨ



ਮਿਥੁਨ ਤੇ ਸ਼ਕੀਲਾ ਵਾਜਿਦ ਫਿਲਮ 'ਹਮ ਇੰਤਜ਼ਾਰ ਕਰੇਂਗੇ' ਦੇ ਇਕ ਦ੍ਰਿਸ਼ 'ਚ।

ਪੰਨਾ 18 ਦੀ ਬਾਕੀ

ਬਿੰਦ ਰੁਕਣ ਪਿਛੋਂ ਉਹ ਫੇਰ ਬੋਲੀ:

"ਟਿਕ ਟਿਕਾ ਹੋਏ ਤੋਂ ਚਲੇ ਚੱਲਾਂਗੇ। ਜੇ ਬਹੁਤਾ ਈ ਕਹਿਨੇ ਉਂ ਤਾਂ। ਸੁਣ ਲੀ ਮੇਰੀ ਗੱਲ!"

ਬ੍ਰਹਮ ਪ੍ਰਕਾਸ਼ ਨੇ ਸੁਣ ਲਈ ਸੀ। ਤੇ ਚੁੱਪ ਹੋਇਆ ਬੈਠਾ ਸੀ।

"ਚਲੋ ਐਂ ਕਰੋ। ਜੇ ਬਹੁਤਾ ਹੀ ਹੇਜ ਮਾਰਿਆ ਜਾਂਦੈ ਘਰ ਦਿਆਂ ਦਾ ਤਾਂ ਮੋਤੀ ਰਾਮ ਹੱਥ ਦੋ-ਚਾਰ ਸੌ ਰੁਪਏ ਭੇਜ ਦਿਓ। ਬਾਈ ਜੀ ਨੂੰ ਦੇ ਆਊ। ਨਾਲੇ ਖਬਰ ਸਾਰ ਲੈ ਆਊ।"

ਲਾਜਵੰਤੀ ਨੇ ਫੈਸਲਾ ਸੁਣਾ ਦਿਤਾ।

ਕੁਝ ਚਿਰ ਉਹ ਸੋਚਦਾ ਰਿਹਾ। ਫੇਰ ਬਿਨਾਂ ਚੂੰ ਚਰਾਂ ਕੀਤਿਆਂ ਅੰਦਰ ਗਿਆ। ਸਤ ਪ੍ਰਕਾਸ਼ ਤੇ ਤਾਰੇ ਲਫੈਂਡ ਨੂੰ ਦੋ ਦਸਤੀ ਚਿੱਠੀਆਂ ਲਿਖੀਆਂ। ਦੋ ਹਜ਼ਾਰ ਰੁਪਏ ਲਾਜਵੰਤੀ ਤੋਂ ਚੋਰੀਓਂ ਮੋਤੀ ਰਾਮ ਦੇ ਹੱਥ ਫੜਾਏ ਕਿ ਘਰ ਦੇ ਆਏ

ਮੋਤੀ ਰਾਮ ਚਿੱਠੀਆਂ ਤੇ ਰੁਪਏ ਲੈ ਕੇ ਚਲਾ ਗਿਆ।

....

ਆਥਣੇ ਸੂਰਜ ਡੁਬਦੇ ਨਾਲ ਉਹ ਵਾਪਸ ਆਇਆ। ਘਰ 'ਚ ਸਭ ਸੁੱਖ ਸਾਂਦ ਸੀ। ਬਾਈ ਜੀ ਤੇ ਭੂਆ ਜੀ ਠੀਕ ਠਾਕ ਸਨ। ਉਹਨੇ ਸਤ ਪ੍ਰਕਾਸ਼ ਦੀ ਜਵਾਬੀ ਚਿੱਠੀ ਲੈ ਕੇ ਤੁਰਤ ਪੜ੍ਹੀ। ਲਿਖਿਆ ਸੀ:

"ਤਾਰਾ ਸਿੰਹੁ ਸਰਪੰਚ ਨੇ ਅੱਜ ਪੰਚਾਇਤ 'ਕੱਠੀ ਕੀਤੀ ਸੀ। ਉਥੇ ਫੈਸਲਾ ਹੋਇਆ ਕਿ ਸਾਨੂੰ ਉਹ ਤੱਤੀ ਹਵਾ ਨਹੀਂ ਲਗਣ ਦੇਣਗੇ। ਚਾਹੇ ਜੋ ਕੁਸ਼ ਹੋ ਜੇ।"

ਚਿੱਠੀ ਪੜ੍ਹਕੇ ਉਹ ਸੰਤੁਸ਼ਟ ਹੋ ਗਿਆ। ਉਹਨੂੰ ਖੁਸ਼ੀ ਸੀ ਕਿ ਆਪਣਾ ਫਰਜ਼ ਉਹਨੇ ਬੜੀ ਚੰਗੀ ਤਰ੍ਹਾਂ ਨਿਭਾ ਦਿਤਾ ਹੈ। ਉਹਨੂੰ ਅਹਿਸਾਸ ਹੋਇਆ ਜਿਵੇਂ ਉਹਦੇ ਸਿਰ ਤੋਂ ਮਣਾਂ ਮੂੰਹੀਂ ਭਾਰ ਲਹਿ ਗਿਆ ਹੋਵੇ।

ਉਹ ਉਠਿਆ। ਰਿਟਾਇਰਿੰਗ ਰੂਮ 'ਚ ਆ ਗਿਆ। ਪੈੱਗ ਬਣਾਇਆ ਤੇ ਬਿਨਾਂ ਮਿੱਤਲ ਦੀ ਉਡੀਕ ਕੀਤਿਆਂ, ਚੁਸਕੀਆਂ ਭਰ ਭਰ ਪੀਣ ਲਗ ਪਿਆ।

ਦਿੱਲੀਨਾਮਾ

ਦੇਸ਼ ਨੂੰ ਨਕਲੀ ਦੇਸ਼ ਭਗਤਾਂ ਤੋਂ ਬਚਾਓ

ਗਿਆਨ ਸਿੰਘ ਸੰਧੂ

ਮੁਕਤਸਰ ਵਿਚ ਨਿਰਦੋਸ਼ ਮੁਸਾਫਰਾਂ ਦਾ ਜੋ ਕਤਲਾਮ ਹੋਇਆ ਉਸ ਦਾ ਹਰ ਹੋਸ਼ਮੰਦ ਇਨਸਾਨ ਨੂੰ ਅਫਸੋਸ ਹੈ। ਰਾਹ ਜਾਂਦੇ ਰਾਹੀਆਂ ਦਾ ਕਤਲਾਮ ਕਿਸੇ ਵੀ ਬਿਨਾ ਉਤੇ ਉਚਿਤ ਨਹੀਂ ਆਖਿਆ ਜਾ ਸਕਦਾ। ਇਸ ਘਟਨਾ ਦੀ ਸਮੁੱਚੇ ਦੇਸ਼ ਦੀਆਂ ਜਥੇਬੰਦੀਆਂ ਅਤੇ ਸੰਸਥਾਵਾਂ ਨੇ ਨਿੰਦਿਆ ਕੀਤੀ ਹੈ। ਸਭ ਤਰ੍ਹਾਂ ਦੀਆਂ ਜਥੇਬੰਦੀਆਂ ਨੇ ਵੀ ਇਸ ਦੀ ਨਿਖੇਧੀ ਕੀਤੀ ਹੈ। ਮਾੜੇ ਤੋਂ ਮਾੜੇ ਲੀਡਰਾਂ ਨੇ ਵੀ ਇਸ ਨੂੰ ਜਾਇਜ਼ ਕਰਾਰ ਨਹੀਂ ਦਿਤਾ। ਪਰ ਅਸ਼ਕੇ ਇਸ ਭਾਰਤ ਦੀ ਵਿਸ਼ਾਲ ਵਸੋਂ ਦੇ ਜਿਸ ਵਿਚ ਕੁਝ ਅਨਸਰ ਐਸੇ ਵੀ ਹਨ ਜੋ ਮੁਕਤਸਰ ਹੱਤਿਆ ਜਿਹੇ ਵਾਕਿਆਤ ਨੂੰ ਵੀ ਸਿਆਸੀ ਗੋਟੀ ਬਣਾਉਣਾ ਲੋਚਦੇ ਹਨ।

ਪਹਿਲਾਂ ਤਾਂ ਉਹ ਇਹ ਪ੍ਰਚਾਰਦੇ ਹਨ ਕਿ ਇਹ ਕਤਲ ਸਿੱਖ ਕਰਵਾ ਰਹੇ ਹਨ, ਜਿਵੇਂ ਸਿੱਖ ਸਮੂਹ ਸੰਗਤ ਵਿਚ ਅਰਦਾਸ ਕਰ ਕੇ ਇਸ ਤਰ੍ਹਾਂ ਦੇ ਕਤਲ ਕਰਨ ਲਈ ਜਥੇ ਬਣਾ ਕੇ ਆ ਰਹੇ ਹੋਣ। ਫੇਰ ਹੋਰ ਜ਼ਹਿਰ ਘੋਲਦੇ ਹਨ ਕਿ ਭਾਵੇਂ ਮੁਲਜ਼ਮਾਂ ਦੀ ਤਸਵੀਰ ਗੈਰਸਿੱਖ ਵਾਲੀ ਹੈ ਤਾਂ ਵੀ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਕਾਤਲ ਵਿਸ਼ੇਸ਼ ਪ੍ਰਕਾਰ ਦੇ ਸਿੱਖ ਹਨ। ਇਸ ਪਿੱਛੋਂ ਅਜਿਹੇ ਕਤਲਾਮ ਕਰਾਉਣ ਵਾਲੀਆਂ ਦੇਸ਼ ਵਿਰੋਧੀ ਸ਼ਕਤੀਆਂ ਦੀ ਚਾਲ ਅਨੁਸਾਰ ਚਲਦੇ ਹੋਏ ਇਹ ਲੋਕ ਪ੍ਰਚਾਰਦੇ ਹਨ ਕਿ ਇਨ੍ਹਾਂ ਕਤਲਾਂ ਦਾ ਕਸੂਰ ਸਮੁੱਚੀ ਸਿੱਖ ਘਰਾਦਰੀ ਦੇ ਸਿਰ ਹੈ, ਜਿਵੇਂ ਸੁੰਦਰ ਡਾਕੂ ਦਾ ਕਸੂਰ ਸਮੁੱਚੀ ਹਿੰਦੂ ਜਨਤਾ ਦਾ ਹੋਵੇ, ਤਾਂ ਹੁਸੀਨਾ ਬਾਈ ਦੇ ਕਾਰਨਾਮੇ ਸਮੁੱਚੇ ਮੁਸਲਮਾਨ ਵਸੋਂ ਦਾ ਕੰਮ ਹੋਣ ਜਾਂ ਲ਼ਾਰਕਿਨ ਦੀ ਕੀਤੀ ਮੁਖਬਰੀ ਸਾਰੇ ਸੰਸਾਰ ਦੇ ਈਸਾਈਆਂ ਦਾ ਕੰਮ ਹੋਵੇ। ਇਨ੍ਹਾਂ ਨਾਮ ਨਿਹਾਦ ਦੇਸ਼ ਭਗਤਾਂ ਦੀ ਸੋਚ ਐਨੀ ਸੌੜੀ ਹੈ ਕਿ ਇਹ ਵੀ ਨਹੀਂ ਸਮਝ ਸਕਦੀ ਕਿ ਇਸ ਤਰ੍ਹਾਂ ਗੱਲ ਨੂੰ ਅੱਗੇ ਜੋੜੀ ਜਾਣ ਦੀ ਮਤਲਬ ਹੁੰਦਾ ਹੈ : ਸਰਬਨਾਸ਼।

ਸਮੂਹਿਕ ਖੁਨਾਮੀ ਇਕ ਫਾਸ਼ੀਵਾਦੀ ਸਿਧਾਂਤ ਹੈ। ਇਹ ਸਿਧਾਂਤ ਯੂਰਪੀਨ ਇਤਿਹਾਸ ਵਿਚ ਆਪਣੇ ਰੰਗ ਵਿਖਾ ਬੈਠਾ ਹੈ। ਯੂਰਪੀਨ ਲੋਕ ਹੁਣ ਫਾਸ਼ੀਵਾਦ ਦੇ ਨਾਂ ਤੋਂ ਤ੍ਰਹਿੰਦੇ ਹਨ। ਜਰਮਨੀ ਵਿਚ ਫਾਸ਼ੀਵਾਦ ਨੇ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਉਭਾਰਿਆ ਅਤੇ ਸਮੁੱਚੇ ਸੰਸਾਰ ਨਾਲ ਮੱਥਾ ਲਾ ਲਿਆ ਕਿਉਂਕਿ ਪਹਿਲ ਜਰਮਨੀ ਦੇ ਹੱਥ ਸੀ। ਇਸ ਵਾਸਤੇ ਕੁਝ ਦੇਰ ਤਾਂ ਚੜ੍ਹਤ ਰਹੀ ਪਰ ਫੇਰ ਦੂਜੀ ਧਿਰ ਉਠ ਖੜ੍ਹੋਤੀ। ਜਰਮਨੀ ਨੇ 16 ਤੋਂ 60 ਸਾਲ ਦੀ ਵਸੋਂ ਨੂੰ ਜੰਗ ਦੀ ਭੱਠੀ ਵਿਚ ਝੋਕਿਆ। ਪੰਜਾਹ ਲੱਖ ਜਾਨਾਂ ਗਵਾਈਆਂ। ਸਾਰੇ ਯੂਰਪ ਦੀ ਤਬਾਹੀ ਕੀਤੀ .
ਅਤੇ ਕਰਵਾਈ। ਅੰਤ ਆਪਣੀ ਧਰਤੀ ਦੋਫਾੜ ਕਰਵਾਈ ਅਤੇ ਵਿਦੇਸ਼ੀ ਰਾਜਾਂ ਦੀ ਸਾਂਝੀ ਕਮਾਂਡ ਹੇਠ ਪੁਨਰ ਉਸਾਰੀ ਦਾ ਰਾਹ ਅਪਣਾਇਆ। ਜਰਮਨੀ ਅਜ ਵੀ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਪੱਛਮੀ ਤਾਕਤਾਂ ਨੇ ਆਪਣੇ ਮਕਬੂਜੇ ਨੂੰ ਇਕੱਠਾ ਕਰਕੇ ਫੈਡਰਲ ਰੀਪਬਲਿਕ (ਪੱਛਮੀ ਜਰਮਨੀ) ਬਣਾ ਦਿਤਾ ਅਤੇ ਰੂਸ ਨੇ ਜੀ. ਡੀ. ਆਰ. (ਪੱਛਮੀ ਜਰਮਨੀ) ਨਾਂ ਦਾ ਜਰਮਨ ਰਾਜ ਬਣਾਇਆ ਹੋਇਆ ਹੈ। ਨਤੀਜਾ ਇਹ ਕਿ ਹੁਣ ਦੋਵੇਂ ਜਰਮਨੀ ਕੰਨ ਵਿਚ ਪਾਇਆਂ ਨਹੀਂ ਰੜਕਦੇ।

ਸਾਡੇ ਦੇਸ਼ ਨੂੰ ਤਾਂ ਆਜ਼ਾਦ ਹੋਏ ਹਾਲੀ ਚਾਲੀ ਸਾਲ ਵੀ ਨਹੀਂ ਹੋਏ। ਬੀਤੇ ਸਮੇਂ ਵਿਚ ਵੀ ਸਾਡੀ ਆਪਸੀ ਫੁੱਟ ਧਾੜਵੀਆਂ ਨੂੰ ਪ੍ਰੇਰਦੀ ਰਹੀ। ਬਾਹਰੋਂ ਜੋ ਵੀ ਹਮਲਾਵਰ ਆਉਂਦਾ ਸੀ, ਉਸ ਦੀ ਜੇਬ ਵਿਚ ਨਿਉਂਦੇ ਦੀ ਚਿੱਠੀ ਹੁੰਦੀ ਸੀ। ਅੰਦਰੂਨੀ ਫੁੱਟ ਦੇ ਮਾਰੇ ਲੋਕ ਹੋਰ ਸ਼ਕਤੀਆਂ ਤੋਂ ਆਪਣੇ ਨਿਆਂ ਨਿਬੜਾਉਂਦੇ ਸਨ। ਤੇ ਨਿਆਂ ਨਿਬੇੜਨ ਵਾਲਾ ਐਡਾ ਬੇਵਕੂਫ ਨਹੀਂ ਸੀ ਹੁੰਦਾ ਕਿ ਇਹ ਪਰਉਪਕਾਰ ਕਰਦਾ ਰਹੇ। ਛੇਤੀ ਹੀ ਆਪ ਰਾਜ ਸਾਂਭ ਕੇ ਸਭ 'ਤੇ ਕਾਠੀ ਪਾਉਂਦਾ ਸੀ ਅਤੇ ਸਾਨੂੰ ਸੂਈ ਦੇ ਨੱਕੇ ਵਿਚ ਦੀ ਕੱਢ ਕੇ ਰੱਖਦਾ ਸੀ।

ਸਮੂਹਿਕ ਕਸੂਰ ਦਾ ਸਿਧਾਂਤ ਭਾਰਤੀ ਗਣਤੰਤਰ ਦੀ ਵਸੋਂ ਨੂੰ ਖੇਰੂੰ ਖੇਰੂੰ ਕਰ ਕੇ ਰੱਖ ਦੇਵੇਗਾ। ਭਾਰਤੀ ਸੰਵਿਧਾਨ - ਬੁਨਿਆਦੀ ਧਾਰਨਾ ਵਿਅਕਤੀ ਦੇ ਕਸੂਰ ਦੀ ਧਾਰਨਾ ਹੈ। ਕਤਲ ਦਾ ਕਸੂਰ ਕਾਤਲ ਦੀ ਮਾਂ ਨਾਲ ਜੋੜਨਾ ਅਣਉਚਿਤ ਹੈ ਉਹਦੇ ਧਰਮ ਨਾਲ ਜੋੜਨ ਜਾਂ ਸੂਬੇ ਨਾਲ ਜੋੜੀ ਜਾਣਾ ਉਨ੍ਹਾਂ ਲੋਕਾਂ ਦਾ ਇੱਛਾ ਪੂਰਤੀ ਕਰਨਾ ਹੈ ਜੋ ਕਿ ਇਸ ਦੇਸ਼ ਦੀ ਵਸੋਂ ਨੂੰ ਖੇਰੂੰ ਖੇਰੂੰ ਵੇਖਣਾ ਚਾਹੁੰਦੇ ਹਨ। ਇਕ ਦੂਜੇ ਦੇ ਗਲ ਨਾਲ ਚੁੰਬੜਿਆ ਵੇਖਣ ਦੀ ਵਿਉਂਤ ਕਰਦੇ ਹਨ।

ਜੇ ਕਿਸੇ ਬਹੁਗਿਣਤੀ ਦੇ ਸਿਧਾਂਤਕਾਰ ਨੂੰ ਇਹ ਭੁਲੇਖਾ ਹੈ ਕਿ ਇਨ੍ਹਾਂ ਢੰਗਾਂ ਨਾਲ ਕਿਸੇ ਵਿਸ਼ੇਸ਼ ਧਰਮ ਨੂੰ ਨਿਵਾਇਆ ਜਾ ਡਰਾਇਆ ਜਾ ਸਕਦਾ ਹੈ ਤਾਂ ਅਜਿਹੇ ਭੁਲੇਖੇ ਬਹੁਤ ਜਲਦੀ ਨਿਕਲ ਜਾਣੇ ਚਾਹੀਦੇ ਹਨ। ਕਿਸੇ ਵੀ ਭਾਈਚਾਰੇ ਨੂੰ ਇਸ ਤਰ੍ਹਾਂ ਮਾਰ ਮੁਕਾਉਣਾ ਅਸੰਭਵ ਹੁੰਦਾ ਹੈ। ਡਰ ਅਤੇ ਖਤਰੇ ਸਮੇਂ ਹਰ ਕੋਈ ਇੱਟ ਵੱਟੇ ਇਕ ਮਾਰਨ ਦੀ ਸਮਰੱਥਾ ਪ੍ਰਾਪਤ ਕਰ ਲੈਂਦਾ ਹੈ। ਜੇ ਮੁਕਤਸਰ ਦੇ ਕਾਤਲ ਕਤਲ ਕਰਕੇ ਸੁੱਕੇ ਨਿਕਲ ਗਏ ਤਾਂ ਸਿਰਫ ਇਸ ਕਰਕੇ ਕਿ ਮਕਤੂਲ ਨਿਸਚਿੰਤ ਸਨ ਤੇ ਮੁਸਾਫਰ ਸਨ। ਉਨ੍ਹਾਂ ਨੂੰ ਚੌਕਸੀ ਦੀ ਜ਼ਰੂਰਤ ਨਹੀਂ ਸੀ ਭਾਸੀ ਵਰਨਾ ਐਡਾ ਕੌਣ ਗੁੜ ਦਾ ਬਣਿਆ ਹੁੰਦਾ ਹੈ ਕਿ ਖੁਰੀ ਜਾਵੇ ਅਤੇ ਅੱਗੋਂ ਜਵਾਬ ਨਾ ਦੇ ਸਕੇ।

ਸਾਡੇ ਦੇਸ਼ ਦਾ ਭਲਾ ਇਸ ਗੱਲ ਵਿਚ ਹੀ ਹੈ ਕਿ ਕਿਤੋਂ ਵੀ ਕੋਈ ਵੀ ਡਰ ਭਉ ਦੇ ਕਾਰਨ ਨਾ ਉਜੜੇ। ਕੰਮਕਾਜ ਅਤੇ ਵਣਜ ਵਪਾਰ ਵਾਸਤੇ ਸਭ ਥਾਂ ਆਵੇ ਜਾਵੇ ਪਰ ਰਹੇ ਆਪਣੇ ਦਿਲ ਦੇ ਸਥਾਨ ਉਤੇ ਰਹੇ ਵੀ ਨਿਸਚਿੰਤ। ਹਕੂਮਤ ਦੀ ਪਹਿਲੀ ਜ਼ਿੰਮੇਵਾਰੀ ਦੇਸ਼ ਦੀ ਰੱਖਿਆ ਕਰਨਾ ਹੁੰਦਾ ਹੈ ਅਤੇ ਦੂਜੀ ਦੇਸ਼ ਅੰਦਰ ਬੇਖੌਫ ਜ਼ਿੰਦਗੀ ਵਾਸਤੇ ਮਾਹੌਲ ਪੈਦਾ ਕਰਨਾ। ਤਰੱਕੀ ਅਤੇ ਉਸਾਰੀ ਆਦਿ ਮਗਰੋਂ ਸੰਭਵ ਹੁੰਦੇ ਹਨ। ਜੋ ਹਕੂਮਤਾਂ ਇਹ ਟੀਚੇ ਵੀ ਪੂਰੇ ਨਹੀਂ ਕਰ ਸਕਦੀਆਂ ਉਨ੍ਹਾਂ ਦਾ ਸਮਾਂ ਬਹੁਤੀ ਮਿਆਦ ਨਹੀਂ ਦਿਆ ਕਰਦਾ।

ਮੀਜ਼ੋਰਾਮ ਦੀ ਸਮੱਸਿਆ ਅਜੇ ਅੜਿਕੇ ਵਿਚ


ਇੰਫਾਲ — ਏਥੋਂ ਪ੍ਰਾਪਤ ਸੂਚਨਾ ਅਨੁਸਾਰ ਸ੍ਰੀ ਲਾਲਡੇਂਗਾ, ਜਿਨ੍ਹਾਂ ਨੂੰ ਭਾਰਤ ਦੀ 23ਵੀਂ ਰਿਆਸਤ ਦਾ ਮੁਖ ਮੰਤਰੀ ਬਣਾਇਆ ਜਾ ਰਿਹਾ ਹੈ, ਨੇ ਅਜੇ ਮੁਖ ਮੰਤਰੀ ਦੇ ਅਹੁਦੇ ਦੀ ਸਹੁੰ ਨਹੀਂ ਚੁਕੀ। ਰੱਖਿਆ ਦੇ ਮਾਮਲੇ ਉਤੇ ਪਈ ਅੜਚਣ ਕਾਰਨ ਅਜੇ ਅੜਿਕਾ ਬਣਿਆ ਹੋਇਆ ਹੈ। ਇਹ ਵੀ ਪਤਾ ਪੱਗਾ ਹੈ ਕਿ ਮੀਜ਼ੋਰਾਮ ਦੇ ਦੂਜੇ ਲੀਡਰ ਸ੍ਰੀ ਲਾਲਡੇਂਗਾ ਨੂੰ ਪੂਰਾ ਸਹਿਯੋਗ ਨਹੀਂ ਦੇ ਰਹੇ।

* ਇਕ ਕਹਾਣੀ ਸੰਮੇਲਨ ਵਿਚ ਕਾਫੀ ਦੇਰ ਬਾਅਦ ਜਦੋਂ ਇਕ ਸੱਜਣ ਨੇ ਮਾਈਕ ਛੱਡਿਆ ਤਾਂ ਇਕ ਵਿਦੇਸ਼ੀ ਪੱਤਰਕਾਰ ਨੇ ਨਾਲ ਬੈਠੇ ਸੰਤੋਖ ਸਿੰਘ ਧੀਰ ਨੂੰ ਪੁੱਛਿਆ. 'ਧੀਰ ਸਾਹਿਬ ਕੀ ਤੁਹਾਡੇ ਸਾਰੇ ਕਹਾਣੀਕਾਰ ਏਡੀਆਂ ਲੰਮੀਆਂ ਕਹਾਣੀਆਂ ਪੜ੍ਹਦੇ ਨੇ?'

'ਕਹਾਣੀਕਾਰ ਨੇ ਤਾਂ ਬੋਲਣਾ ਹੈ ਸਾਹਿਬ, ਇਹ ਤਾਂ ਮਾਈਕ ਟੈਸਟਿੰਗ ਚੱਲ ਰਹੀ ਹੈ।'

ਅਮਿਤਾਭ ਬਚਨ ਨੂੰ ਮੰਤਰੀ ਦਾ ਦਰਜਾ ਮਿਲੇਗਾ


ਨਵੀਂ ਦਿੱਲੀ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜਵਾਹਰ ਲਾਲ ਨਹਿਰੂ ਯਾਦਗਾਰ ਕਮੇਟੀ ਦੀਆਂ ਸਰਗਰਮੀਆਂ ਵਿਚ ਤਾਲਮੇਲ ਰੱਖਣ ਲਈ ਇਕ ਵੱਖਰਾ ਵਿਭਾਗ ਕਾਇਮ ਕਰ ਰਹੇ ਹਨ, ਜਿਸ ਦੇ ਮੁਖੀ ਉਘੇ ਫਿਲਮ ਅਭਿਨੇਤਾ ਅਮਿਤਾਭ ਬਚਨ ਐਮ ਪੀ ਹੋਣਗੇ। ਨਹਿਰੂ ਦੀ 1989 ਵਿਚ ਜਨਮ ਸ਼ਤਾਬਦੀ ਮਨਾਉਣ ਲਈ ਤਿਆਰੀਆਂ ਤੇਜ਼ ਕੀਤੀਆਂ ਜਾ ਰਹੀਆਂ ਹਨ। ਸਮਝਿਆ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਮੈਕਸੀਕੋ ਤੋਂ ਪਰਤਣ ਪਿਛੋਂ ਆਜ਼ਾਦੀ ਦਿਵਸ ਦੇ ਮੌਕੇ ਤੇ ਨਵੇਂ ਵਿਭਾਗ, ਜਿਸ ਦਾ ਨਾਂ ਹਾਲੀਂ ਰੱਖਿਆ ਜਾਣਾ ਹੈ, ਦੀ ਕਾਇਮੀ ਦਾ ਐਲਾਨ ਕਰਨਗੇ। ਨਵੇਂ ਵਿਭਾਗ ਦੇ ਚੇਅਰਮੈਨ ਅਮਿਤਾਭ ਦਾ ਦਰਜਾ ਕੇਂਦਰੀ ਵਜ਼ਾਰਤ ਵਿਚ ਰਾਜ ਮੰਤਰੀ ਦਾ ਹੋਏਗਾ ਅਤੇ ਉਹ ਸਿੱਧੇ ਪ੍ਰਧਾਨ ਮੰਤਰੀ ਨੂੰ ਜਵਾਬ-ਦੇਹ ਹੋਣਗੇ। ਇਸ ਵਿਭਾਗ ਵਲੋਂ ਨਹਿਰੂ ਦੇ ਵਿਚਾਰਾਂ ਅਤੇ ਪ੍ਰਾਪਤੀਆਂ ਸਬੰਧੀ ਭਾਰੀ ਮਾਤਰਾ ਵਿਚ ਸਾਹਿਤ ਦੀ ਪ੍ਰਕਾਸ਼ਨਾ, ਫਿਲਮਾਂ, ਟੈਲੀਵੀਜਨ ਪਰੋਗਰਾਮ, ਪਰਦਰਸ਼ਨੀਆਂ, ਗੋਸ਼ਟੀਆਂ ਆਦਿ ਦਾ ਪ੍ਰਬੰਧ ਕੀਤਾ ਜਾਏਗਾ।




ਸਤੋਖ ਸਿਘ ਗਿੱਲ,

ਸਰੀ ਵਿਚ ਤੁਹਾਡੀ ਕਮਿਊਨਿਟੀ ਦਾ ਸਭ ਤੋਂ ਮਸ਼ਹੂਰ ਸਟੋਰ

ਗਿੱਲ-ਫੋਰਡ-ਫਰਨੀਚਰ




ਲਓ ਜੀ ਗਿੱਲ ਫੋਰਡ ਫਰਨੀਚਰ 'ਤੇ ਸ਼ੁਰੂ ਹੋ ਗਈ



9 PCE DINING ROOM SUITE
Hutch, buffet, table, 4 side & 2 arm chairs.
ONLY **$1595**

ਚੌਂਹਟੇ ਚੁੱਕ ਸੇਲ

ਜੋ ਅਗਸਤ ਦੇ ਅਖੀਰ ਤੱਕ ਚੱਲੇਗੀ
ਜਿਸ ਵਿਚ ਸਟੋਰ ਵਿਚ ਪਈ ਹਰ
ਇਕ ਆਈਟਮ ਤੇ ਕੀਮਤਾਂ ਵਾਲੇ
ਚੌਂਹਟੇ ਚੁੱਕ ਦਿੱਤੇ ਜਾਣਗੇ



9 PCE. DINING ROOM SUITE
Hutch, buffet, table, 4 side & 2 arm chairs.
ONLY **$2895**

—SAVE— —SAVE— —SAVE—

EXPLOSIVE SAVINGS ON:

- Bedframes
- Coffee Tables
- End Tables
- Lamps
- Dinettes
- Occasional Chairs
- Wall Units
- Draft Tables

MANY MORE ITEMS TOO NUMEROUS TO LIST, ALL AT GREAT SAVINGS!



INCLUDES **7 DRAWER DRESSER**
(Hutch), mirror, 5 drawer chest, bookcase headboard, footboard & rails. *Only* **$595**

SEALY FIRM QUALITY


Twin 2 pce. Reg. $299 .... NOW $215
Full 2 pce. Reg. $379 .... NOW $265
Queen 2 pce. Reg. $424 .... NOW $315

PREMIUM EXTRA FIRM


Twin 2 pce. Reg. $499 .... NOW $395
Full 2 pce. Reg. 599 .... NOW $495
Queen 2 pce. Reg. $799 .... NOW $595
King Size. Reg. $999 .... NOW $695

GUARANTEED LOWEST PRICES!


—MASTERCHARGE— —VISA— —AMERICAN EXPRESS—



SOFA - CHAIR
2 PCE. *ONLY* **$585**



SOFA-LOVESEAT CHAIR *3 PCE. ONLY* **$1495**



SOFA-LOVESEAT CHAIR *3 PCE. ONLY* **$2195**

Just Say CHARGE IT On My GILLFORD FURNITUREMART Credit Card Apply For Yours Today!

"Better Quality Furnishings at Discount Prices"

GILL-FORD FURNITUREMART

FINANCING AVAILABLE O.A.C.

MasterCard VISA

13442-108th Avenue, Surrey

HOURS: Mon.-Fri. 10-9; Sat. 10-6
Sunday & Holidays 10-6

588-4461